ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

19-25 ਜੁਲਾਈ 2023

ਸਾਲ 14ਵਾਂ - ਅੰਕ 30


email : info@sadelok.com
Ph. : 510-706-1300
Fax : 925-373-1300


## ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹੜ੍ਹ ਪੀੜਤਾਂ ਲਈ ਦਿਨ ਰਾਤ ਕਰ ਦਿੱਤਾ ਇੱਕ



(ਦੇਖੋ ਸਫ਼ਾ 27 'ਤੇ)

## 15ਵੀਆਂ ਸਲਾਨਾ ਖੇਡਾਂ 22-23 ਜੁਲਾਈ 2023 ਨੂੰ




ਕੈਲੀਫੋਰਨੀਆ : ਸਿੱਖ ਸਪੋਰਟਸ ਐਸੋਸੀਏਸ਼ਨ ਅਮਰੀਕਾ ਵਲੋਂ ਜੇਮਸ ਲੋਗਨ ਹਿੰਗ ਸਕੂਲ, 1800 ਐਚ ਸੇਂਟ ਯੂਨੀਅਨ ਸਿਟੀ CA 94587 ਵਿਖੇ 15ਵੀਆਂ ਸਲਾਨਾ ਖੇਡਾਂ 22-24 ਜੁਲਾਈ 2023 ਨੂੰ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚ Soccer, Track & Field, Basketball, Flag Football, Wrestling Field Hockey, Volleybal, Kabaddi ਦੀਆਂ ਟੀਮਾਂ ਭਾਗ ਲੈਣਗੀਆਂ। ਕੈਲੀਫੋਰਨੀਆ ਦਾ ਇਕੋ-ਇਕ ਟੂਰਨਾਮੈਂਟ ਜਿਥੇ 1,500 ਤੋਂ ਜ਼ਿਆਦਾ ਅਥਲੀਟ ਹਿੱਸਾ ਲੈਂਦੇ ਹਨ।

(ਦੇਖੋ ਸਫ਼ਾ 22 'ਤੇ)

# ਪੰਜਾਬ 'ਚ 14 ਜ਼ਿਲਿਆਂ ਦੇ 1179 ਪਿੰਡ ਹੜ੍ਹ ਦੀ ਲਪੇਟ 'ਚ

- ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਕਾਰਜ ਜ਼ੋਰਾਂ 'ਤੇ
- ਸਤਲੁਜ ਨੇ ਖੇਤੀ ਜੋਗੇ ਵੀ ਨਾ ਛੱਡੇ ਸਰਹੱਦੀ ਕਿਸਾਨ
- 22 ਹਜ਼ਾਰ ਤੋਂ ਵੱਧ ਲੋਕਾਂ ਨੂੰ ਛੱਡਣਾ ਪਿਆ ਘਰ




(ਦੇਖੋ ਸਫ਼ਾ 23-26 'ਤੇ)

# ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 1984 ਸਿੱਖ ਨਸਲਕੁਸ਼ੀ ਦੇ ਮਤੇ ਨੂੰ ਦਿੱਤੀ ਮਾਨਤਾ

ਸੈਕਰਾਮੈਂਟੋ, ਕੈਲੀਫੋਰਨੀਆ : ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਭਾਰਤ ਵਿੱਚ ਹੋਈ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ "ਨਸਲਕੁਸ਼ੀ" ਵਜੋਂ ਮਾਨਤਾ ਦੇ ਦਿਤੀ ਹੈ। ਅਸੈਂਬਲੀ ਅਤੇ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸਾਂਝੇ ਤੌਰ 'ਤੇ ਭਾਰਤ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਘੋਸ਼ਿਤ ਕਰ ਦਿਤਾ ਹੈ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਦੇ ਸਹਿਕਾਰ: ਅਸੈਂਬਲੀ ਮੈਂਬਰ ਐਡਿਸ, ਐਗੁਆਰਕਰੀ, ਅਲਾਨਿਸ, ਅਲਵਾਰੇਜ਼, ਅਰਾਮਬੁਲਾ, ਬੇਨੇਟ, ਬਰਮਨ, ਬੋਅਰਨਰ ਹੌਰਵਥ, ਬੋਂਟਾ, ਕੈਲਡਰੋਨ, ਜੁਆਨ ਕੈਰੀਲੋ, ਵੈਂਡੀ ਕੈਰੀਲੋ, ਸਰਵੈਂਟਸ, ਕੋਨੋਲੀ,

(ਦੇਖੋ ਸਫ਼ਾ 10 'ਤੇ)



## ਨਰਿੰਦਰ ਮੋਦੀ ਦਾ ਫਰਾਂਸ ਦੇ ਸਰਬਉੱਚ ਨਾਗਰਿਕ ਤੇ ਫ਼ੌਜੀ ਪੁਰਸਕਾਰ ਨਾਲ ਸਨਮਾਨ



ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਸਰਬਉੱਚ ਨਾਗਰਿਕ ਅਤੇ ਫ਼ੌਜੀ ਸਨਮਾਨ 'ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ' ਨਾਲ ਸਨਮਾਨਿਤ ਹੋਣ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਗਏ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੇ ਸ੍ਰੀ ਮੋਦੀ ਨੂੰ ਇਸ ਸਨਮਾਨ ਨਾਲ ਨਿਵਾਜਿਆ। ਪ੍ਰਧਾਨ ਮੰਤਰੀ ਮੋਦੀ ਨੂੰ ਵੀਰਵਾਰ ਨੂੰ 'ਐਲਿਸੀ ਪੈਲੇਸ' (ਫਰਾਂਸ ਦਾ ਰਾਸ਼ਟਰਪਤੀ ਨਿਵਾਸ) 'ਚ ਇਸ ਸਨਮਾਨ ਨਾਲ ਨਿਵਾਜਿਆ ਗਿਆ। ਇਸ ਤੋਂ ਪਹਿਲਾਂ ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ, ਬ੍ਰਿਟੇਨ ਦੇ ਮਹਾਰਾਜਾ ਚਾਰਲਸ (ਤਤਕਾਲੀ ਪ੍ਰਿੰਸ ਆਫ਼ ਵੇਲਜ਼), ਜਰਮਨੀ ਦੀ ਸਾਬਕਾ ਚਾਂਸਲਰ ਐਂਜਲਾ ਮਰਕਲ ਅਤੇ ਸੰਯੁਕਤ ਰਾਸ਼ਟਰ ਦੇ ਸਾਬਕਾ ਸਕੱਤਰ ਜਨਰਲ ਬੁਤਰਸ ਬੁਤਰਸ ਘਾਲੀ ਨੂੰ ਫਰਾਂਸ ਦੇ ਸਰਬਉੱਚ ਸਨਮਾਨ ਨਾਲ ਨਿਵਾਜਿਆ ਜਾ ਚੁੱਕਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕੀਤਾ,"ਮੈਂ ਬੇਹੱਦ ਨਿਮਰਤਾ ਨਾਲ ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ ਨੂੰ ਸਵੀਕਾਰ ਕਰਦਾ ਹਾਂ। ਇਹ ਭਾਰਤ ਦੇ 140 ਕਰੋੜ ਲੋਕਾਂ ਦਾ ਸਨਮਾਨ ਹੈ। ਮੈਂ ਇਸ ਲਈ ਰਾਸ਼ਟਰਪਤੀ ਇਮੈਨੂਅਲ ਮੈਕਰੌਂ, ਫਰਾਂਸ ਸਰਕਾਰ ਅਤੇ ਉਥੋਂ ਦੇ ਲੋਕਾਂ

(ਦੇਖੋ ਸਫ਼ਾ 20 'ਤੇ)


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigration Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੋਲੀਟੀਕਲ ਅਸਾਈਲਮ
- ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ
- 9 Circuit ਅਪੀਲ
- ਸਿਟੀਜਨਸ਼ਿਪ
- ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਭਾਰਤੀ ਕੌਂਸਲੇਟ ਜਨਰਲ ਦੇ ਅਧਿਕਾਰੀਆਂ ਦੇ ਸਨਮਾਨ 'ਚ ਸਿੱਖਸ ਆਫ ਅਮੈਰਿਕਾ ਵੱਲੋਂ ਸਮਾਗਮ ਆਯੋਜਿਤ





ਮੈਰੀਲੈਂਡ : ਸਿੱਖਸ ਆਫ ਅਮੈਰਿਕਾ ਅਤੇ 'ਚ ਐੱਨ.ਸੀ.ਏ.ਆਈ.ਏ ਵਲੋਂ ਐਂਬਰਟਨ ਡਰਾਈਵ ਐਲਕਰਿਜ ਮੈਰੀਲੈਂਡ ਵਿਖੇ ਭਾਰਤੀ ਕੌਂਸਲੇਟ ਜਨਰਲ ਵਾਸ਼ਿੰਗਟਨ ਡੀ.ਸੀ. ਦੇ ਅਧਿਕਾਰੀਆਂ ਦੇ ਸਨਮਾਨ ਵਿੱਚ ਇਕ ਸ਼ਾਨਦਾਰ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਅਸਲ 'ਚ ਭਾਰਤੀ ਕੌਂਸਲੇਟ ਜਨਰਲ ਦੇ ਕੌਂਸਲਰ ਪਾਸਪੋਰਟ ਅਤੇ ਵੀਜ਼ਾ ਵਿੰਗ ਦੇ ਵਾਸ਼ਿੰਗਟਨ ਡੀ. ਸੀ ਵਿੱਚ ਸਥਿੱਤ ਭਾਰਤੀ ਕੌਂਸਲੇਟ ਦੇ ਅਧਿਕਾਰੀ ਅੰਸ਼ੁਲ ਸ਼ਰਮਾ, ਜੋ ਆਪਣੇ ਅਹੁਦੇ 'ਤੇ ਸੇਵਾਵਾਂ ਦੇ ਕੇ ਵਾਪਸ ਭਾਰਤ ਜਾ ਰਹੇ ਹਨ ਅਤੇ ਨਵੇਂ ਆਏ ਪਰਸਨਲ ਤੇ ਕਮਿਉਨਿਟੀ ਮਨਿਸਟਰ ਜੈਗ ਮੋਹਨ ਆਪਣਾ ਅਹੁਦਾ ਸੰਭਾਲ ਰਹੇ ਹਨ ਸੋ ਦੋਵਾਂ ਦੇ ਸਨਮਾਨ 'ਚ ਇੱਥੇ ਦਿੱਤੇ ਗਏ ਡਿਨਰ 'ਚ ਪ੍ਰਮੁੱਖ ਸ਼ਖਸੀਅਤਾਂ ਵੀ ਸ਼ਾਮਿਲ ਹੋਈਆਂ। ਜਿਨ੍ਹਾਂ ਵਿੱਚ ਸਿੱਖਸ ਆਫ ਅਮੈਰਿਕਾ ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਕਮਲਜੀਤ ਸਿੰਘ ਸੋਨੀ, ਐੱਨ.ਸੀ.ਏ.ਆਈ.ਏ ਵਲੋਂ ਬੋਰਡ ਆਫ ਟਰੱਸਟੀ ਦੇ ਚੇਅਰਮੈਨ ਪਵਨ ਬਵੇਜਾ, ਪ੍ਰਧਾਨ ਕੀਰਥੀ ਸਵਾਮੀ ਅਤੇ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ ਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇੰਨਾਂ ਸ਼ਾਮਿਲ ਆਗੂਆਂ ਵਲੋਂ ਅੰਸ਼ੁਲ ਸ਼ਰਮਾਂ ਦੀਆਂ ਸ਼ਲਾਘਾਯੋਗ ਸੇਵਾਵਾਂ ਦਾ ਵੀ ਵਿਸ਼ੇਸ਼ ਜ਼ਿਕਰ ਵੀ ਕੀਤਾ ਗਿਆ ਅਤੇ ਨਵੇਂ ਆਏ ਅਧਿਕਾਰੀ ਜੈਗ ਮੋਹਨ ਤੋਂ ਆਸ ਕੀਤੀ ਗਈ ਕਿ ਉਹ ਭਾਰਤੀ ਮੂਲ ਦੇ ਭਾਈਚਾਰੇ ਦੀਆਂ ਹਰ ਸਮੱਸਿਆ ਲਈ ਆਪਣੀਆਂ ਨਿਰਪੱਖ ਸੇਵਾਵਾਂ ਦੇਣਗੇ।

# ਗੁਰੂਮਿਲਾਪ ਸੰਸਥਾ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਸਲਾਨਾ ਸਮਾਗਮ

ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਸਥਾਨਿਕ ਗੁਰੂਮਿਲਾਪ ਸੰਸਥਾ ਜਿਹੜੀ ਸਿੱਖੀ ਸਿੱਖਿਆ ਗੁਰ ਵਿਚਾਰ ਦੇ ਸਲੋਗਨ ਹੇਠ ਰਾਜਸਥਾਨ ਦੇ ਅਲਵਰ ਵਿਖੇ ਗਰੀਬ ਸਾਬਤ ਸੂਰਤ ਸਿੱਖ ਬੱਚਿਆਂ ਲਈ ਸਕੂਲ ਚਲਾਕੇ ਟੋਟਲੀ ਮੁਫ਼ਤ ਵਿੱਦਿਆ ਮੁਹੱਈਆ ਕਰਵਾ ਰਹੀ ਹੈ। ਇਨ੍ਹਾਂ ਵੱਲੋ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਲਾਨਾ ਕੀਰਤਨ ਦਰਬਾਰ ਗੁਰਦਵਾਰਾ ਸਿੰਘ ਸਭਾ ਵਿਖੇ 9 ਜੁਲਾਈ ਦਿਨ ਐਤਵਾਰ ਨੂੰ ਕਰਵਾਇਆ ਗਿਆ, ਜਿੱਥੇ ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਅਗਰ ਸੰਗਤ ਦੇ ਵਿੱਚੋਂ ਕੋਈ ਬੱਚਾ ਗੋਦ ਲੈਕੇ ਪੜ੍ਹਾਉਣਾ ਚਾਹੇ ਤਾਂ ਮਹੀਨੇ ਦੀ ਫੀਸ 20 ਡਾਲਰ ਦੇਕੇ ਸੇਵਾ ਲੈ ਸਕਦਾ ਹੈ। ਅਗਰ ਇੰਡੀਆ ਤੋ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿੱਚੋਂ ਕੱਢਕੇ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਦੇ ਵਿੱਚ ਤਕਰੀਬਨ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ, ਅਤੇ ਤਕਰੀਬਨ 25 ਤੋਂ ਜ਼ਿਆਦਾ ਸਟਾਫ ਦੇ ਮੈਂਬਰ ਨੇ। ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁੱਫਤ ਪ੍ਰਬੰਧ ਹੈ। ਅਗਰ ਲੰਚ ਦੀ




ਸੇਵਾ ਲੈਣੀ ਹੋਵੇ ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇਕੇ ਲੈ ਸਕਦਾ ਹੈ। ਇਸ ਮੌਕੇ ਜਿੱਥੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ, ਓਥੇ ਗੁਰਦਵਾਰਾ ਸਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾਂ ਦੀਆਂ ਪ੍ਰਾਪਤੀਆਂ ਤੋਂ ਸੰਗਤ ਨੂੰ ਜਾਣੂ ਕਰਵਾਇਆ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜ਼ਰਬੇ ਵਿੱਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ। ਇਸ ਤੋਂ ਬਿਨਾ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰਕੇ ਸ਼ਪੈਸ਼ਲ ਹਾਜ਼ਰੀ ਭਰੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ, ਅਤੇ ਸੰਗਤਾਂ ਨੇ ਗੁਰੂਮਿਲਾਪ ਸੰਸਥਾ ਨੂੰ ਮੱਦਦ ਦਾ ਭਰੋਸਾ ਦਿੱਤਾ। ਪੂਰੇ ਪ੍ਰੋਗਰਾਮ ਦੀ ਫੋਟੋ ਅਤੇ ਵੀਡੀਓ ਗ੍ਰਾਫੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਡਸਾ ਨੇ ਕੀਤੀ।



# ਅਮਰੀਕਾ 'ਚ ਵਧੇ ਨਸਲੀ ਹਮਲੇ, ਦੋ ਸਾਲਾਂ 'ਚ 80 ਹਜ਼ਾਰ ਭਾਰਤੀਆਂ ਨੇ ਲਿਆ ਗੰਨ ਲਾਇਸੈਂਸ

ਨਿਊਯਾਰਕ : ਅਮਰੀਕਾ ਵਿੱਚ ਭਾਰਤੀਆਂ ਵਿਰੁੱਧ ਨਸਲੀ ਹਿੰਸਾ ਦੇ ਮਾਮਲੇ ਵਧਣ ਤੋਂ ਬਾਅਦ ਦੋ ਸਾਲਾਂ ਵਿੱਚ 80,000 ਭਾਰਤੀਆਂ ਨੇ ਨਵੇਂ ਬੰਦੂਕ ਲਾਇਸੈਂਸ ਲਏ ਹਨ। ਅਮਰੀਕਾ ਵਿੱਚ ਰਹਿੰਦੇ ਕਰੀਬ 40 ਲੱਖ ਭਾਰਤੀਆਂ ਵਿੱਚ ਪਹਿਲਾਂ ਬੰਦੂਕ ਰੱਖਣ ਦਾ ਰੁਝਾਨ ਨਹੀਂ ਸੀ। ਦੋ ਸਾਲ ਪਹਿਲਾਂ ਸਿਰਫ਼ 40 ਹਜ਼ਾਰ ਭਾਰਤੀਆਂ ਕੋਲ ਬੰਦੂਕਾਂ ਸਨ। ਅਮਰੀਕਾ ਦੇ ਨੈਸ਼ਨਲ ਫਾਇਰ ਆਰਮਜ਼ ਸਰਵੇ ਦੀ ਰਿਪੋਰਟ ਮੁਤਾਬਕ ਹੁਣ ਬੰਦੂਕ ਲਾਇਸੈਂਸ ਵਾਲੇ ਭਾਰਤੀਆਂ ਦੀ ਗਿਣਤੀ ਇਕ ਲੱਖ 20 ਹਜ਼ਾਰ ਹੋ ਗਈ ਹੈ। ਸਰਵੇਖਣ ਮੁਤਾਬਕ 80 ਹਜ਼ਾਰ ਭਾਰਤੀਆਂ ਨੇ ਬੰਦੂਕ ਲਾਇਸੈਂਸ ਲਈ ਅਪਲਾਈ ਕਰਨ ਦਾ ਮਨ ਬਣਾ ਲਿਆ ਹੈ। ਅਮਰੀਕਾ ਵਿੱਚ ਭਾਰਤੀ ਭਾਈਚਾਰਾ ਸਭ ਤੋਂ ਸ਼ਾਂਤਮਈ ਮੰਨਿਆ ਜਾਂਦਾ ਹੈ। ਇੱਥੇ ਹਰ 100 ਅਮਰੀਕੀਆਂ 'ਤੇ 120 ਬੰਦੂਕਾਂ ਹਨ।



**2020 'ਚ ਭਾਰਤੀ-ਅਮਰੀਕੀਆਂ 'ਤੇ ਹਮਲਿਆਂ 'ਚ 500% ਦਾ ਵਾਧਾ :** ਅਮਰੀਕੀ ਜਾਂਚ ਏਜੰਸੀ ਐਫਬੀਆਈ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਵਿੱਚ 2020 ਵਿੱਚ ਭਾਰਤੀ-ਅਮਰੀਕੀਆਂ 'ਤੇ ਹਮਲਿਆਂ ਵਿੱਚ 500% ਦਾ ਵਾਧਾ ਹੋਇਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੂ ਧਰਮ ਦੇ ਪੈਰੋਕਾਰ ਹਨ। ਦੂਜੇ ਪਾਸੇ ਉੱਤਰੀ ਅਮਰੀਕਾ ਵਿੱਚ ਹਿੰਦੂਆਂ ਦੀ ਇੱਕ ਸੰਸਥਾ COHNA ਦੇ ਨਿਕੁੰਜ ਤ੍ਰਿਵੇਦੀ ਦਾ ਕਹਿਣਾ ਹੈ ਕਿ ਹਿੰਦੂ ਜਿਸ ਵੀ ਦੇਸ਼ ਵਿੱਚ ਜਾ ਕੇ ਵਸਦੇ ਹਨ, ਉਸ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਹਿੰਦੂਆਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਧੀਆਂ ਹਨ। ਫਿੰਕਲਸਟਾਈਨ ਮੁਤਾਬਕ ਅਮਰੀਕਾ, ਕੈਨੇਡਾ, ਆਸਟਰੇਲੀਆ ਵਰਗੇ ਵੱਡੇ ਦੇਸ਼ਾਂ ਵਿਚ ਹਿੰਦੂਆਂ ਖ਼ਿਲਾਫ਼ ਹਿੰਸਾ ਵਧੀ ਹੈ। ਇੱਕ ਸਾਜ਼ਿਸ਼ ਤਹਿਤ ਹਿੰਦੂ ਫੋਬੀਆ ਵਧਾਇਆ ਜਾ ਰਿਹਾ ਹੈ।

**ਚੋਰ ਭਾਰਤੀ ਸਟੋਰਾਂ ਨੂੰ ਲੁੱਟ ਰਹੇ :** ਏਸ਼ੀਅਨ ਅਮਰੀਕਨ ਸਟੋਰ ਓਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਿਪੁਲ ਪਟੇਲ ਦਾ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ 'ਚ ਭਾਰਤੀਆਂ 'ਤੇ ਨਸਲੀ ਹਮਲਿਆਂ ਦੇ ਮਾਮਲੇ 279 ਤੋਂ ਵਧ ਕੇ 470 ਹੋ ਗਏ ਹਨ। ਪਟੇਲ ਦੱਸਦੇ ਹਨ ਕਿ ਅਮਰੀਕਾ ਵਿੱਚ ਸਟੋਰ ਚਲਾਉਣ ਵਾਲੇ ਭਾਰਤੀਆਂ ਨੂੰ ਅਕਸਰ ਆਸਾਨ ਸ਼ਿਕਾਰ ਸਮਝ ਕੇ ਹਮਲਾ ਕੀਤਾ ਜਾਂਦਾ ਹੈ, ਕਿਉਂਕਿ ਲੁਟੇਰੇ ਇਹ ਮੰਨ ਕੇ ਅਪਰਾਧ ਕਰਦੇ ਹਨ ਕਿ ਉੱਥੇ ਕਿਸੇ ਕੋਲ ਹਥਿਆਰ ਨਹੀਂ ਹੋਣਗੇ।

**ਪਾਰਟ ਟਾਈਮ ਜੌਬ ਕਰਨ ਵਾਲੇ ਭਾਰਤੀਆਂ 'ਤੇ ਹਮਲੇ :** ਛੇ ਮਹੀਨਿਆਂ 'ਚ ਭਾਰਤੀ ਮੂਲ ਦੇ 12 ਲੋਕਾਂ 'ਤੇ ਹਮਲੇ ਹੋਏ ਹਨ। ਕੈਲੀਫੋਰਨੀਆ ਅਤੇ ਜਾਰਜੀਆ ਵਿੱਚ ਸਟੋਰਾਂ ਵਿੱਚ ਪਾਰਟ ਟਾਈਮ ਨੌਕਰੀ ਕਰ ਰਹੇ ਦੋ ਭਾਰਤੀਆਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਪਿਛਲੇ ਮਹੀਨੇ ਓਹੀਓ ਵਿੱਚ ਇੱਕ ਭਾਰਤੀ ਵਿਦਿਆਰਥੀ ਦਾ ਕਤਲ ਹੋਇਆ ਸੀ। ਇਨ੍ਹਾਂ ਘਟਨਾਵਾਂ ਨੇ ਭਾਰਤੀਆਂ ਵਿੱਚ ਦਹਿਸ਼ਤ ਵਧਾ ਦਿੱਤੀ ਹੈ।

**ਅਮਰੀਕੀ ਗਨ ਕਲਚਰ ਦਾ 230 ਸਾਲ ਪੁਰਾਣਾ ਇਤਿਹਾਸ :** ਅਮਰੀਕਾ ਵਿੱਚ ਬੰਦੂਕ ਸੱਭਿਆਚਾਰ ਦਾ ਇਤਿਹਾਸ ਲਗਭਗ 230 ਸਾਲ ਪੁਰਾਣਾ ਹੈ। 1791 ਵਿੱਚ ਸੰਵਿਧਾਨ ਦੀ ਦੂਜੀ ਸੋਧ ਦੇ ਤਹਿਤ ਅਮਰੀਕੀ ਨਾਗਰਿਕਾਂ ਨੂੰ ਹਥਿਆਰ ਰੱਖਣ ਅਤੇ ਖਰੀਦਣ ਦਾ ਅਧਿਕਾਰ ਦਿੱਤਾ ਗਿਆ। ਉਦੋਂ ਅੰਗਰੇਜ਼ਾਂ ਦਾ ਰਾਜ ਸੀ ਅਤੇ ਕੋਈ ਸਥਾਈ ਸੁਰੱਖਿਆ ਬਲ ਨਹੀਂ ਸੀ। ਅਜਿਹੀ ਸਥਿਤੀ ਵਿੱਚ ਲੋਕਾਂ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹਥਿਆਰ ਰੱਖਣ ਦਾ ਅਧਿਕਾਰ ਦਿੱਤਾ ਗਿਆ ਸੀ ਪਰ ਅਮਰੀਕਾ ਦਾ ਇਹ ਕਾਨੂੰਨ ਅੱਜ ਵੀ ਜਾਰੀ ਹੈ। ਅਮਰੀਕਾ 230 ਸਾਲਾਂ ਬਾਅਦ ਵੀ ਆਪਣਾ ਗਨ ਕਲਚਰ ਖ਼ਤਮ ਨਹੀਂ ਕਰ ਸਕਿਆ ਹੈ। ਇਸ ਦੇ ਦੋ ਮੁੱਖ ਕਾਰਨ ਹਨ। ਪਹਿਲਾ- ਕਈ ਅਮਰੀਕੀ ਰਾਸ਼ਟਰਪਤੀ ਤੋਂ ਲੈ ਕੇ ਰਾਜਾਂ ਦੇ ਰਾਜਪਾਲਾਂ ਤੱਕ ਇਸ ਸੱਭਿਆਚਾਰ ਨੂੰ ਕਾਇਮ ਰੱਖਣ ਦੀ ਵਕਾਲਤ ਕਰਦੇ ਰਹੇ ਹਨ। ਦੂਜਾ ਕਾਰਨ ਬੰਦੂਕ ਬਣਾਉਣ ਵਾਲੀਆਂ ਕੰਪਨੀਆਂ ਯਾਨੀ ਬੰਦੂਕ ਲਾਬੀ ਹੈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਯਾਨੀ NRI ਅਮਰੀਕਾ ਦੀ ਸਭ ਤੋਂ ਤਾਕਤਵਰ ਬੰਦੂਕ ਲਾਬੀ ਹੈ, ਜੋ ਉਥੋਂ ਦੇ ਸੰਸਦ ਮੈਂਬਰਾਂ ਨੂੰ ਪ੍ਰਭਾਵਿਤ ਕਰਨ ਲਈ ਬਹੁਤ ਸਾਰਾ ਪੈਸਾ ਖਰਚ ਕਰਦੀ ਹੈ। ਇਹ ਤਾਕਤਵਰ ਲਾਬੀ ਬੰਦੂਕ ਕਲਚਰ ਨੂੰ ਖ਼ਤਮ ਕਰਨ ਲਈ ਪ੍ਰਸਤਾਵਿਤ ਦੂਜੀ ਸੰਵਿਧਾਨਕ ਸੋਧ ਦਾ ਵਿਰੋਧ ਕਰਦੀ ਰਹੀ ਹੈ।



# ਸਨ ਫਰਾਂਸਿਸਕੋ 'ਚ ਭਾਰਤੀ ਵਣਜ ਦੂਤਘਰ ਦੇ ਬਾਹਰ ਭਾਰਤ ਦੇ ਸਮਰਥਨ 'ਚ ਇਕੱਠੇ ਹੋਏ ਭਾਰਤੀ-ਅਮਰੀਕੀ




ਸਨ ਫਰਾਂਸਿਸਕੋ : ਭਾਰਤੀ ਵਣਜ ਦੂਤਘਰ ਵਿਚ ਖ਼ਾਲਿਸਤਾਨ ਸਮਰਥਕਾਂ ਵੱਲੋਂ ਹਾਲ ਹੀ ਵਿੱਚ ਕੀਤੀ ਗਈ ਅੱਗਜ਼ਨੀ ਦੀ ਕੋਸ਼ਿਸ਼ ਤੋਂ ਬਾਅਦ ਵੱਡੀ ਗਿਣਤੀ ਵਿੱਚ ਭਾਰਤੀ-ਅਮਰੀਕੀਆਂ ਨੇ ਭਾਰਤ ਨਾਲ ਇੱਕਜੁਟਤਾ ਪ੍ਰਗਟਾਉਣ ਲਈ ਇੱਥੇ ਵਣਜ ਦੂਤਘਰ ਦੇ ਬਾਹਰ ਇਕ ਸ਼ਾਂਤੀ ਰੈਲੀ ਆਯੋਜਿਤ ਕੀਤੀ। ਖਾਲਿਸਤਾਨ ਸਮਰਥਕਾਂ ਵੱਲੋਂ 2 ਜੁਲਾਈ ਨੂੰ ਟਵਿੱਟਰ 'ਤੇ ਪੋਸਟ ਕੀਤੀ ਗਈ ਇੱਕ ਵੀਡੀਓ ਵਿੱਚ ਸਾਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ ਵਿੱਚ ਅੱਗਜ਼ਨੀ ਦੀ ਕਾਰਵਾਈ ਦਿਖਾਈ ਗਈ ਸੀ। ਕੁਝ ਮਹੀਨਿਆਂ ਅੰਦਰ ਹਿੰਸਾ ਦੀ ਇਹ ਦੂਜੀ ਘਟਨਾ ਸੀ। ਇਸ ਹਫ਼ਤੇ ਸਨ ਫਰਾਂਸਿਸਕੋ ਅਤੇ ਉਸ ਦੇ ਆਲੇ-ਦੁਆਲੇ ਵੱਡੀ ਗਿਣਤੀ ਵਿੱਚ ਭਾਰਤੀ ਅਮਰੀਕੀਆਂ ਨੇ ਭਾਰਤ ਦਾ ਸਮਰਥਨ ਕੀਤਾ ਅਤੇ ਹਾਲ ਹੀ ਵਿੱਚ ਹੋਈ ਹਿੰਸਾ ਦੇ ਖ਼ਿਲਾਫ਼ ਸਾਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ ਦੇ ਬਾਹਰ ਇੱਕ ਸ਼ਾਂਤੀਪੂਰਨ ਰੈਲੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਉਕਤ ਹਿੰਸਾ ਨੂੰ ਅੱਤਵਾਦ ਦੀ ਕਾਰਵਾਈ ਕਰਾਰ ਦਿੱਤਾ ਅਤੇ ਮੰਗ ਕੀਤੀ ਕਿ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਵੇ। ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵੀਰਵਾਰ ਨੂੰ ਇੱਥੇ ਵਣਜ ਦੂਤਘਰ ਦਾ ਦੌਰਾ ਕੀਤਾ ਸੀ ਅਤੇ ਮਿਸ਼ਨ ਵਿੱਚ ਭਾਰਤੀ ਡਿਪਲੋਮੈਟਾਂ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ। ਭਾਰਤ ਨੇ ਕੈਨੇਡਾ, ਬ੍ਰਿਟੇਨ ਅਤੇ ਅਮਰੀਕਾ ਵਰਗੇ ਆਪਣੇ ਭਾਈਵਾਲ ਦੇਸ਼ਾਂ ਨੂੰ ਕਿਹਾ ਹੈ ਕਿ ਉਹ "ਕੱਟੜਪੰਥੀ ਖਾਲਿਸਤਾਨੀ ਵਿਚਾਰਧਾਰਾ" ਨੂੰ ਤਵੱਜੋ ਨਾ ਦੇਣ, ਕਿਉਂਕਿ ਇਹ ਦੁਵੱਲੇ ਸਬੰਧਾਂ ਲਈ ਚੰਗਾ ਨਹੀਂ" ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਨਵੀਂ ਦਿੱਲੀ ਵਿੱਚ ਕਿਹਾ ਸੀ, "ਅਸੀਂ ਕੈਨੇਡਾ, ਬ੍ਰਿਟੇਨ, ਅਮਰੀਕਾ, ਆਸਟਰੇਲੀਆ ਵਰਗੇ ਸਾਡੇ ਸਹਿਯੋਗੀ ਦੇਸ਼ਾਂ, ਜਿੱਤੇ ਖਾਲਿਸਤਾਨੀ ਗਤੀਵਿਧੀਆਂ ਹੋਈਆਂ ਹਨ, ਨੂੰ ਅਪੀਲ ਕੀਤੀ ਹੈ ਕਿ ਉਹ ਖਾਲਿਸਤਾਨੀਆਂ ਨੂੰ ਤਵੱਜੋ ਨਾ ਦੇਣ, ਕਿਉਂਕਿ ਉਨ੍ਹਾਂ (ਖਾਲਿਸਤਾਨੀਆਂ ਦੀ) ਕੱਟੜਪੰਥੀ, ਅੱਤਵਾਦ ਸੋਚ ਨਾ ਤਾਂ ਸਾਡੇ ਲਈ ਚੰਗੀ ਹੈ, ਨਾ ਹੀ ਉਨ੍ਹਾਂ ਲਈ ਅਤੇ ਨਾ ਹੀ ਉਨ੍ਹਾਂ ਨਾਲ (ਉਨ੍ਹਾਂ ਦੇਸ਼ਾਂ ਨਾਲ) ਸਾਡੇ ਸਬੰਧਾਂ ਲਈ ਠੀਕ ਹੈ।'

# ਭਾਰਤੀ ਮੂਲ ਦੀ ਗਰਲ ਸਕਾਊਟ ਨੂੰ ਮਿਲਿਆ ਹਾਰਡ-ਟੂ-ਅਚੀਵਮੈਂਟ ਰਾਸ਼ਟਰੀ ਪੁਰਸਕਾਰ

ਨਿਊਜਰਸੀ : ਨਿਊਜਰਸੀ ਸੂਬੇ ਅਧੀਨ ਆਉਂਦੇ ਵਿੰਡਸਰ ਟਾਊਨ ਦੀ ਇਕ 16 ਸਾਲਾ ਭਾਰਤੀ ਮੂਲ ਦੀ ਗਰਲ ਸਕਾਊਟ ਰਿਧੀ ਸ਼ਰਮਾ ਨੂੰ ਹਾਰਡ-ਟੂ-ਅਚੀਵਮੈਂਟ ਰਾਸ਼ਟਰੀ ਪੁਰਸਕਾਰ' ਮਿਲਿਆ ਹੈ। ਰਿਧੀ ਭਾਰਤ ਵਿਚ ਮੁੰਬਈ ਦੇ ਬਾਲ ਕਲਿਆਣ ਨਗਰੀ ਦੇ ਇਕ ਅਨਾਥ ਆਸ਼ਰਮ ਸਕੂਲ ਵਿੱਚ ਵਿਦਿਆਰਥੀਆਂ ਨੂੰ ਅੰਗਰੇਜ਼ੀ ਸਿਖਾ ਰਹੀ ਹੈ। ਸਾਊਥ ਨਿਊਜਰਸੀ ਦੀ ਭਾਰਤੀ ਮੂਲ ਦੀ ਇਹ ਗਰਲ ਸਕਾਊਟਸ ਪੱਛਮੀ ਵਿੰਡਸਰ ਟਾਊਨ ਦੀ ਰਹਿਣ ਵਾਲੀ 16 ਸਾਲਾ ਰਿਧੀ ਸ਼ਰਮਾ ਹੈ, ਜੋ ਮੁੰਬਈ, ਭਾਰਤ ਦੇ ਬਾਲ ਕਲਿਆਣ ਨਗਰੀ ਅਨਾਥ ਆਸ਼ਰਮ ਸਕੂਲ ਵਿੱਚ ਰਹਿ ਰਹੀਆਂ ਕੁੜੀਆਂ ਨੂੰ ਗਰੀਬੀ ਦੇ ਚੱਕਰ ਤੋਂ ਬਚਾਉਣ ਲਈ ਇੱਕ ਰਸਤਾ ਲੱਭਣਾ ਚਾਹੁੰਦੀ ਸੀ।

ਇਕ ਅਧਿਆਪਕ ਦੀ ਭੂਮਿਕਾ ਵਿੱਚ ਕਦਮ ਰੱਖਦੇ ਹੋਏ ਰਿਧੀ ਨੇ ਕੁੜੀਆਂ ਨੂੰ ਉਹਨਾਂ ਦੇ ਅੰਗਰੇਜ਼ੀ ਭਾਸ਼ਾ ਦੇ ਹੁਨਰ ਨੂੰ ਸੁਧਾਰਨ ਵਿੱਚ ਮਦਦ ਕਰਨ ਲਈ ਅੰਗਰੇਜ਼ੀ ਸਾਖਰਤਾ ਪ੍ਰੋਗਰਾਮ ਬਣਾਇਆ ਹੈ ਅਤੇ ਅਨਾਥ ਆਸ਼ਰਮ ਵਿੱਚ ਬੱਚਿਆਂ ਨੂੰ ਪੜ੍ਹਾਉਣ ਵਿੱਚ ਉਹ ਸਮਾਂ ਬਿਤਾਉਂਦੀ ਹੈ। ਰਿਧੀ ਦਾ ਕਹਿਣਾ ਹੈ ਕਿ "ਮੈਂ ਪ੍ਰੋਗਰਾਮ ਇਸ ਲਈ ਬਣਾਇਆ ਕਿਉਂਕਿ ਮੈਂਨੂੰ ਭਾਸ਼ਾ ਕਲਾਵਾਂ ਦੀ ਬਹੁਤ ਸ਼ੌਕੀਨ ਹਾਂ। ਮੈਂ ਪੜ੍ਹਨਾ ਅਤੇ ਲਿਖਣਾ ਪਸੰਦ ਕਰਦੀ ਹਾਂ ਅਤੇ ਵਿਸ਼ਵਾਸ ਕਰਦੀ ਹਾਂ ਕਿ ਸ਼ਬਦ ਬਹੁਤ ਹੀ ਸ਼ਕਤੀਸ਼ਾਲੀ ਸਾਧਨ ਹੁੰਦੇ ਹਨ। ਸਿੱਖਿਆ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਲੋਕਾਂ ਲਈ ਉੱਚ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਕੰਮ ਕਰਨ ਦਾ ਮੌਕਾ ਪੈਦਾ ਕਰਦੀ ਹੈ।




ਰਿਧੀ, ਦੱਖਣੀ ਨਿਊ ਜਰਸੀ ਟਰੂਪ 70054 ਦੀ ਗਰਲ ਸਕਾਊਟਸ ਦੀ ਮੈਂਬਰ ਅਤੇ ਸੰਸਥਾ ਦਾ ਰਾਸ਼ਟਰੀ ਗੋਲਡ ਅਵਾਰਡ ਪ੍ਰਾਪਤ ਯੋਗ ਗਰਲ ਸਕਾਊਟਸ ਵਿੱਚੋਂ ਇੱਕ ਹੈ, ਜਿਸਨੂੰ ਅੰਗਰੇਜ਼ੀ ਭਾਸ਼ਾ ਦੇ ਪ੍ਰੋਗਰਾਮ ਨੂੰ ਬਣਾਉਣ ਲਈ ਉਸਦੇ ਯਤਨਾਂ ਲਈ ਪ੍ਰਾਪਤ ਹੋਇਆ ਹੈ। ਰਿਧੀ ਨੇ ਕਿਹਾ ਕਿ ਅੰਗਰੇਜ਼ੀ ਭਾਰਤ ਦੀ ਦੂਜੀ ਸਰਕਾਰੀ ਭਾਸ਼ਾ ਹੈ ਅਤੇ ਸਿੱਖਣਾ ਮਹੱਤਵਪੂਰਨ ਹੈ ਕਿਉਂਕਿ ਇਹ ਅਧਿਕਾਰਤ ਦਸਤਾਵੇਜ਼ਾਂ 'ਤੇ ਵੀ ਵਰਤੀ ਜਾਂਦੀ ਹੈ। ਭਾਰਤ ਵਿੱਚ ਉੱਚ ਤਨਖਾਹ ਵਾਲੀਆਂ ਨੌਕਰੀਆਂ ਪ੍ਰਾਪਤ ਕਰਨ ਲਈ ਅੰਗਰੇਜ਼ੀ ਵਿੱਚ ਰਵਾਨਗੀ ਹੋਣਾ ਜ਼ਰੂਰੀ ਹੈ ਅਤੇ ਵੱਡੀ ਕਿਸਮ ਦੇ ਲੋਕਾਂ ਨਾਲ ਜੁੜਨ ਲਈ ਅੰਗਰੇਜ਼ੀ ਅਤਿ ਜ਼ਰੂਰੀ ਹੈ ਕਿਉਂਕਿ ਭਾਰਤ ਵਿੱਚ 100 ਤੋਂ ਵੱਧ ਵੱਖ-ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜਿੰਨਾਂ ਵਿੱਚ ਮੁੰਬਈ ਵਰਗੇ ਸ਼ਹਿਰ ਵਿੱਚ ਭਾਰਤ ਦੇ ਸਾਰੇ ਲੋਕ ਰਹਿੰਦੇ ਹਨ ਜੋ ਕਈ ਤਰ੍ਹਾਂ ਦੀਆਂ ਭਾਸ਼ਾਵਾਂ ਬੋਲਦੇ ਹਨ ਅਤੇ ਅੰਗਰੇਜ਼ੀ ਅਕਸਰ ਇੱਕੋ ਇੱਕ ਆਮ ਭਾਸ਼ਾ ਹੁੰਦੀ ਹੈ। ਰਿਧੀ ਨੇ ਕਿਹਾ ਕਿ ਉਹ ਹਫ਼ਤੇ ਦੇ ਪੰਜ ਦਿਨ ਹਰ ਰੋਜ਼ ਤਿੰਨ ਘੰਟੇ ਤੱਕ ਪ੍ਰੋਗਰਾਮ 'ਤੇ ਕੰਮ ਕਰਦੀ ਹੈ, ਜਿਸ ਵਿੱਚ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣਾ ਸ਼ਾਮਲ ਹੈ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway, Lathrop, CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਸਿੱਖ ਪ੍ਰਚਾਰਕ ਭਾਈ ਚੰਗਿਆੜਾ ਸੈਕਰਾਮੈਂਟੋ ਵਿਖੇ !



ਸੈਕਰਾਮੈਂਟੋ, (ਤਰਲੋਚਨ ਸਿੰਘ ਦੁਪਾਲਪੁਰ) ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਲੰਮਾਂ ਸਮਾਂ ਸ਼੍ਰੋਮਣੀ ਕਮੇਟੀ ਵਿੱਚ ਸੇਵਾਵਾਂ ਨਿਭਾਉਣ ਵਾਲੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਭਾਈ ਬਲਬੀਰ ਸਿੰਘ 'ਚੰਗਿਆੜਾ' ਪ੍ਰਚਾਰ ਫੇਰੀ ਹਿਤ 21 ਜੁਲਾਈ 2023 ਤੋਂ 2 ਅਗਸਤ 2023 ਤੱਕ ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ (ਕੈਲੇਫੋਰਨੀਆਂ) ਵਿਖੇ ਪਹੁੰਚ ਰਹੇ ਹਨ ਭਾਈ ਚੰਗਿਆੜਾ ਨਾਲ ਉਨ੍ਹਾਂ ਦੇ ਫੋਨ ਨੰਬਰ 1 (604) 537-7624 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

*ਬਚਪਨੇ ਦਾ ਬਾਂਦਰ-ਪੁਣਾ ! ਵਿਅੰਗ*

# ਦੋਹਤੇ ਦੀ ਇਲਤ ਬਨਾਮ ਨਾਨੇ ਦਾ ਬਚਪਨ !

ਸਾਡੇ ਘਰਾਂ ਨੇੜੇ ਪਾਰਕ ਵਿੱਚ ਆਹ ਉੱਚਾ ਸ਼ਿਕੰਜਾ ਜਿਹਾ ਤਾਂ ਇਹਦੇ ਨਾਲ ਲਟਕ ਲਟਕ ਕੇ ਵਰਜ਼ਿਸ਼ ਕਰਨ ਵਾਸਤੇ ਬਣਿਆਂ ਹੋਇਆ ਹੈ ਪਰ ਸਾਡਾ ਦੋਹਤਾ ਅਮਿਤੋਜ ਸਿੰਘ ਕੱਲ੍ਹ ਕਹਿੰਦਾ ਨਾਨਾ ਜੀ ਮੈਨੂੰ ਇਹਦੇ ਉੱਤੇ ਚੜ੍ਹਾ ਕੇ ਬਿਠਾਉ! ਮੈਂ ਉਸਨੂੰ ਬਥੇਰਾ ਮਨ੍ਹਾਂ ਕਰਦਾ ਰਿਹਾ ਪਰ ਆਖਰ ਮੈਨੂੰ 'ਬਾਲ ਹਠ' ਅੱਗੇ ਝੁਕਦਿਆਂ ਉਸਨੂੰ ਉੱਤੇ ਬਿਠਾਉਣਾ ਪਿਆ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268





ਇਸਤੋਂ ਮੈਨੂੰ ਬਚਪਨ ਤੋਂ ਗਭਰੇਟ ਹੋਣ ਵਾਲੇ ਆਪਣੇ ਦਿਨਾਂ ਦੀ ਇੱਕ ਗੱਲ ਚੇਤੇ ਆ ਗਈ- ਅਸੀਂ ਤਿੰਨ ਸਾਥੀ ਗਏ ਹੋਲਾ ਮਹੱਲਾ ਦੇਖਣ ਵਾਸਤੇ ਸ੍ਰੀ ਅਨੰਦ ਪੁਰ ਸਾਹਿਬ। ਉਦੋਂ ਉੱਥੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਪਾਣੀ ਦੀ ਵੱਡੀ ਟੈਂਕੀ ਨਵੀਂ ਨਵੀਂ ਬਣੀ ਸੀ। ਅਸੀਂ ਤਿੰਨਾਂ ਮਿੱਤਰਾਂ ਨੇ ਸਲਾਹ ਕੀਤੀ ਕਿ ਟੈਂਕੀ ਦੇ ਉੱਪਰ ਚੜ੍ਹ ਕੇ ਆਲਾ ਦੁਆਲਾ ਦੇਖੀਏ! ਉਨ੍ਹਾਂ ਦਿਨਾਂ ਵਿੱਚ ਸਾਡੇ ਪੇਂਡੂਆਂ ਲਈ ਉਹ ਏਡੀ ਵੱਡੀ ਤੇ ਉੱਚੀ ਟੈਂਕੀ ਹੀ ਇੱਕ ਕਿਸਮ ਦਾ 'ਅਜੂਬਾ' ਸੀ.. ਸੋ ਅਸੀਂ ਤਿੰਨੋਂ ਜਣੇ ਟਪੂਸੀਆਂ ਮਾਰਦੇ ਟੈਂਕੀ ਦੇ ਸਿਖਰ ਜਾ ਚੜ੍ਹੇ!

ਚਲੋ ਖੈਰ, ਘਰੇ ਮੁੜਕੇ ਆ ਕੇ ਮੈਂ ਤਾਂ ਟੈਂਕੀ ਉੱਤੇ ਚੜ੍ਹਨ ਬਾਰੇ ਆਪਣੇ ਪਿਤਾ ਨੂੰ ਇਹ ਸੋਚਦਿਆਂ ਹੋਇਆਂ ਹੁੱਬ ਕੇ ਦੱਸਿਆ ਕਿ ਉਹ ਸਾਡੇ ਹੌਂਸਲੇ ਦੀ ਦਾਦ ਦੇਣਗੇ ਕਿ ਬਈ ਤੁਸੀਂ ਤਾਂ 'ਕਮਾਲ' ਕਰ ਦਿੱਤੀ !

ਪਰ ਭਾਈਆ ਜੀ ਉਲਟਾ ਕਹਿੰਦੇ-

"ਤੁਹਾਨੂੰ ਤਿੰਨਾਂ ਨੂੰ ਟੈਂਕੀ ਉੱਪਰ ਚੜ੍ਹਦਿਆਂ ਨੂੰ ਦੇਖ ਦੇਖ ਕੇ ਹੇਠਾਂ ਖੜ੍ਹੇ ਲੋਕ ਜਰੂਰ ਸੋਚਦੇ ਹੋਣੇ ਆਂ ਕਿ ਆਹ ਤਿੰਨੋਂ ਬਾਂਦਰ ਇੱਕੋ ਪਿੰਡ ਦੇ ਹੀ ਹੋਣਗੇ?


# ਅਮਰੀਕਾ ਵਿਚ ਇਕੱਤਰ ਹੋਏ ਸੈਂਕੜੇ ਲੋਕਾਂ ਉਪਰ ਗੋਲੀਬਾਰੀ ਵਿੱਚ ਦੋ ਬੱਚਿਆਂ ਸਮੇਤ 4 ਜ਼ਖਮੀ



ਬਰੋਨਕਸ ਪਾਰਕ ਦੇ ਬਾਹਰਵਾਰ ਗੋਲੀ ਚੱਲਣ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਨਾਕਬੰਦੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਨਿਊਯਾਰਕ ਦੇ ਬਰੋਨਕਸ ਪਾਰਕ ਦੇ ਬਾਹਰਵਾਰ ਇਕੱਤਰ ਹੋਏ ਲੋਕਾਂ ਉਪਰ ਗੋਲੀਆਂ ਚਲਾਏ ਜਾਣ ਦੇ ਸਿੱਟੇ ਵਜੋਂ 3 ਤੇ 6 ਸਾਲ ਦੇ ਦੋ ਬੱਚਿਆਂ, ਜੋ ਆਪਸ ਵਿਚ ਭਰਾ ਸਨ, ਸਮੇਤ ਕੁਲ 4 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਨਿਊਯਾਰਕ ਪੁਲਿਸ ਵਿਭਾਗ ਨੇ ਦਿੱਤੀ ਹੈ। ਨਿਊ ਯਾਰਕ ਦੇ ਪੁਲਿਸ ਮੁੱਖੀ ਪੈਟਰੋਲ ਜੌਹਨ ਚੈਲ ਨੇ ਕਿਹਾ ਹੈ ਕਿ ਸੇਂਟ ਜੇਮਜ ਪਾਰਕ ਦੇ ਬਾਹਰਵਾਰ ਸੈਂਕੜੇ ਲੋਕਾਂ ਦਾ ਇਕੱਠ ਸੀ ਜਦੋਂ ਸ਼ਾਮ 6 ਵਜੇ ਦੇ ਆਸਪਾਸ ਦੋ ਵਿਅਕਤੀ ਜਿਨਾਂ ਨੇ ਕਾਲੇ ਕਪੜੇ ਤੇ ਮਾਸਕ ਪਾਏ ਹੋਏ ਸਨ, ਇਕ ਗੈਰਕਾਨੂੰਨੀ ਸਕੂਟਰ ਉਪਰ ਆਏ। ਉਨ੍ਹਾਂ ਵਿਚੋਂ ਇਕ ਨੇ ਸਕੂਟਰ ਤੋਂ ਉਤਰ ਕੇ ਭੀੜ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਕਿਹਾ ਕਿ ਦੋ ਬੱਚਿਆਂ ਦੇ ਲੱਤਾਂ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਇਕ 23 ਸਾਲਾ ਵਿਅਕਤੀ ਦੇ ਕਈ ਗੋਲੀਆਂ ਵੱਜੀਆਂ ਹਨ ਤੇ ਇਕ 25 ਸਾਲਾ ਵਿਅਕਤੀ ਦੀ ਪਿੱਠ ਵਿਚ ਗੋਲੀ ਵੱਜੀ ਹੈ। ਪੁਲਿਸ ਮੁੱਖੀ ਨੇ ਕਿਹਾ ਹੈ ਕਿ ਸਾਰੇ ਜ਼ਖਮੀ ਠੀਕ ਠਾਕ ਹਨ ਤੇ ਆਸ ਹੈ ਕਿ ਉਹ ਸਾਰੇ ਬਚ ਜਾਣਗੇ। ਚੈਲ ਨੇ ਕਿਹਾ ਕਿ ਗੋਲੀਬਾਰੀ ਉਪਰੰਤ ਸ਼ੱਕੀ ਦੋਸ਼ੀ ਸਕੂਟਰ ਉਪਰ ਹੀ ਫਰਾਰ ਹੋ ਗਏ। ਉਨਾਂ ਕਿਹਾ ਕਿ ਘਟਨਾ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈ ਹੈ ਜਿਸ ਤੋਂ ਸ਼ੱਕੀ ਦੋਸ਼ੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਚੈਲ ਨੇ ਕਿਹਾ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਹਮਲੇ ਦਾ ਮੰਤਵ ਕੀ ਹੈ ਤੇ ਕੀ ਸ਼ੱਕੀ ਦੋਸ਼ੀ ਪੀੜਤਾਂ ਨੂੰ ਜਾਣਦੇ ਹਨ। ਉਥੇ ਸੈਂਕੜੇ ਲੋਕਾਂ ਦਾ ਇਕੱਠ ਸੀ ਜਿਨ੍ਹਾਂ ਵਿਚੋਂ ਉਹ ਕਿਸ ਨੂੰ ਨਿਸ਼ਾਨਾ ਬਣਾਉਣ ਆਏ ਸਨ ਇਸ ਬਾਰੇ ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ।


# ਅਮਰੀਕਾ ਦੇ ਫਲੋਰਿਡਾ ਰਾਜ 'ਚ ਇਕ ਵਾਈਲਡ ਲਾਈਫ ਸੈਂਟਰ ਨੂੰ ਲੱਗੀ ਭਿਆਨਕ ਅੱਗ ਵਿਚ ਸੈਂਕੜੇ ਪਸ਼ੂ ਪੰਛੀ ਸੜ ਕੇ ਮਰੇ




ਵਾਇਲਡ ਲਾਈਫ ਸੈਂਟਰ ਦੇ ਬਾਹਰ ਨਜਰ ਆ ਰਹੀ ਇਕ ਅੱਗ ਬੁਝਾਉਣ ਵਾਲੀ ਗੱਡੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਵਾਈਲਡ ਲਾਈਫ ਸੈਂਟਰ ਨੂੰ ਲੱਗੀ ਭਿਆਨਕ ਅੱਗ ਕਾਰਨ ਸੈਂਕੜੇ ਪਸ਼ੂ ਤੇ ਪੰਛੀ ਸੜ ਕੇ ਮਾਰੇ ਜਾਣ ਦੀ ਖਬਰ ਹੈ। ਇਨਾਂ ਵਿਚ ਕਈ ਦੁਰਲਭ ਕਿਸਮਾਂ ਦੇ ਜਾਨਵਰ ਵੀ ਸ਼ਾਮਲ ਸਨ। ਇਹ ਜਾਣਕਾਰੀ ਪਾਈਨਲਾਸ ਕਾਊਂਟੀ ਸ਼ੈਰਿਫ ਦੇ ਦਫਤਰ ਤੇ ਵਾਈਲਡਲਾਈਫ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸੈਂਟਰ ਵਿਚ 250 ਤੋਂ ਵਧ ਪਸ਼ੂ-ਪੰਛੀ ਸਨ ਜੋ ਤਕਰੀਬਨ ਸਾਰੇ ਹੀ ਅੱਗ ਵਿਚ ਸੜ ਕੇ ਸਵਾਹ ਹੋ ਗਏ। ਐਲੀਗੇਟਰ ਐਂਡ ਵਾਈਲਡਲਾਈਫ ਡਿਸਕਵਰੀ ਸੈਂਟਰ ਮੈਡੀਰਾ ਬੀਚ ਅਨੁਸਾਰ ਇਸ ਸੈਂਟਰ ਵਿਚ ਹੋਰ ਜਾਨਵਰਾਂ ਤੋਂ ਇਲਾਵਾ ਵੱਖ ਵੱਖ ਕਿਸਮ ਦੀਆਂ ਚਿੜੀਆਂ, ਕੱਛੂਕੁਮੇ, ਕਿਰਲੀਆਂ, ਮੱਗਰਮੱਛ ਤੇ ਦੁਧਾਧਾਰੀ ਪਸ਼ੂ ਰਖੇ ਹੋਏ ਸਨ। ਅਧਿਕਾਰੀਆਂ ਅਨੁਸਾਰ ਪਾਈਨਲਾਸ ਕਾਊਂਟੀ ਦੇ ਪੁਲਿਸ ਅਫਸਰ ਜਦੋਂ ਜੌਹਨ'ਜ ਪਾਸ ਵਿਲਜ ਨੇੜੇ ਗਸ਼ਤ ਕਰ ਰਹੇ ਸਨ ਤਾਂ ਉਨਾਂ ਨੇ ਤੜਕਸਾਰ 3 ਵਜੇ ਦੇ ਕਰੀਬ ਇਕ ਇਮਾਰਤ ਵਿਚੋਂ ਅੱਗ ਦੀਆਂ ਚਿੰਗਾਰੀਆਂ ਤੇ ਧੂੰਆਂ ਨਿਕਲਦਿਆਂ ਵੇਖਿਆ। ਪੁਲਿਸ ਅਫਸਰਾਂ ਨੇ ਤੁਰੰਤ ਅੱਗ ਬੁਝਾਊ ਵਿਭਾਗ ਨੂੰ ਸਹਾਇਤਾ ਲਈ ਬੇਨਤੀ ਕੀਤੀ। ਫਾਇਰ ਵਿਭਾਗ ਦੇ ਚੀਫ ਕਲਿੰਟ ਬੈਲਕ ਅਨੁਸਾਰ ਜਦੋਂ ਮੈਡੀਰਾ ਬੀਚ ਫਾਇਰ ਵਿਭਾਗ ਦਾ ਅਮਲਾ ਮੌਕੇ ਉਪਰ ਪੁੱਜਾ ਤਾਂ ਅੱਗ ਪੂਰੀ ਤਰ੍ਹਾਂ ਫੈਲ ਚੁੱਕੀ ਸੀ। ਉਨਾਂ ਕਿਹਾ ਕਿ ਸ਼ੁਰੂ ਵਿਚ ਅਮਲੇ ਨੇ ਅੰਦਰ ਵੜਕੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿਚ ਵਿਗੜ ਰਹੇ ਹਾਲਾਤ ਦੇ ਮੱਦੇਨਜਰ ਅਮਲਾ ਆਪਣੇ ਬਚਾਅ ਵਿਚ ਆ ਗਿਆ ਤੇ ਬਾਹਰੋਂ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਬੈਲਕ ਅਨੁਸਾਰ ਹਾਲਾਂ ਕਿ ਅਮਲਾ ਛੇਤੀ ਹੀ ਅੱਗ ਉਪਰ ਕਾਬੂ ਪਾਉਣ ਵਿੱਚ ਸਫਲ ਰਿਹਾ ਪਰੰਤੂ ਉਦੋਂ ਤੱਕ ਬਦਕਿਸਮਤ ਨਾਲ ਬਹੁਤ ਸਾਰੇ ਪਸ਼ੂ ਤੇ ਪੰਛੀ ਆਪਣੀ ਜਾਨ ਗਵਾ ਚੁੱਕੇ ਸਨ। ਅੱਗ ਨਾਲ ਵਾਇਲਡ ਲਾਈਫ ਸੈਂਟਰ ਦੀ ਇਮਾਰਤ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਸ਼ੈਰਿਫ ਦਫਤਰ ਦੇ ਅਧਿਕਾਰੀ ਡੇਵ ਬਰੈਨ ਨੇ ਕਿਹਾ ਹੈ ਕਿ ਅੱਗ ਕਾਰਨ ਵਾਇਲਡ ਲਾਈਫ ਸੈਂਟਰ ਦੇ ਨਾਲ ਨਾਲ ਖੇਤਰ ਵਿਚਲੇ ਹੋਰ ਕਾਰੋਬਾਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸ਼ੈਰਿਫ ਦਫਤਰ ਅਨੁਸਾਰ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਫਲੋਰਿਡਾ ਦੇ ਸ਼ਹਿਰ ਟੰਪਾ ਦੇ ਦੱਖਣ ਪੱਛਮ ਵਿਚ ਤਕਰੀਬਨ 27 ਮੀਲ ਦੀ ਦੂਰੀ 'ਤੇ ਮੈਡੀਰਾ ਬੀਚ ਸਥਿੱਤ ਹੈ। ਇਥੇ ਰੋਜਾਨਾ ਭਾਰੀ ਗਿਣਤੀ ਵਿਚ ਸੈਲਾਨੀ ਆਉਂਦੇ ਸਨ। ਬੱਚਿਆਂ ਲਈ ਇਸ ਸੈਂਟਰ ਵਿਚ ਰੱਖੇ ਪਸ਼ੂ-ਪੰਛੀ ਤੇ ਹੋਰ ਜਾਨਵਰ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕਾਰਨ ਸਨ।


# ਅਮਰੀਕਾ ਦੇ ਲੂਇਸਿਆਨਾ ਰਾਜ 'ਚ ਇਕ ਕੈਥੋਲਿਕ ਪਾਦਰੀ ਨੂੰ ਬਦਫੈਲੀ ਦੇ ਮਾਮਲਿਆਂ 'ਚ 25 ਸਾਲ ਦੀ ਜੇਲ੍ਹ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਲੂਇਸਿਆਨਾ ਰਾਜ ਵਿਚ ਇਕ ਸਾਬਕਾ ਕੈਥੋਲਿਕ ਪਾਦਰੀ ਨੂੰ ਅਦਾਲਤ ਵੱਲੋਂ ਬਦਫੈਲੀ ਦੇ ਮਾਮਲਿਆਂ ਵਿਚ 25 ਸਾਲ ਦੀ ਕੈਦ ਸੁਣਾਏ ਜਾਣ ਦੀ ਖਬਰ ਹੈ। ਸਰਕਾਰੀ ਵਕੀਲ ਅਨੁਸਾਰ 61 ਸਾਲਾ ਪਾਦਰੀ ਸਟੀਫਨ ਸੌਰ ਉਪਰ ਦੋਸ਼ ਸਨ ਕਿ ਉਸ ਨੇ ਨਿਊ ਓਰਲੀਨਜ ਫਰੈਂਚ ਕੁਆਰਟਰ ਵਿਚ 17 ਵਿਅਕਤੀਆਂ ਨੂੰ ਨਸ਼ਾ ਦੇਣ ਤੋਂ ਬਾਅਦ ਉਨਾਂ ਨਾਲ ਬਦਫੈਲੀ ਕੀਤੀ। ਉਸ ਨੇ ਆਪਣੇ ਦੋਸ਼ਾਂ ਨੂੰ ਕਬੂਲ ਕਰ ਲਿਆ। ਸੌਰ ਨੇ ਮੰਨਿਆ ਕਿ ਉਹ ਉਨਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ ਜੋ ਨਸ਼ੇੜੀ ਪ੍ਰਤੀਤ ਹੁੰਦੇ ਸਨ ਤੇ ਉਨਾਂ ਨੂੰ ਸਹਾਇਤਾ ਦੀ ਲੋੜ ਹੁੰਦੀ ਸੀ। ਜੈਫਰਸਨ ਪੈਰਿਸ਼ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਾਦਰੀ ਸਹਾਇਤਾ ਕਰਨ ਦੀ ਬਜਾਏ ਉਨਾਂ ਨੂੰ ਹੋਰ ਨਸ਼ਾ ਦਿੰਦਾ ਸੀ ਤੇ ਬਾਅਦ ਵਿਚ ਉਨਾਂ ਨਾਲ ਆਪਣੇ ਮੈਟੇਅਰੀ ਸਥਿੱਤ ਘਰ ਵਿਚ ਬਦਫੈਲੀ ਕਰਦਾ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਸਾਬਕਾ ਪਾਦਰੀ ਨੂੰ ਬਦਫੈਲੀ ਤੇ ਡਰੱਗ ਰਖਣ ਦੇ 29 ਦੋਸ਼ਾਂ ਸਮੇਤ ਕੁਲ 46 ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ। ਅਦਾਲਤ ਨੇ ਆਦੇਸ਼ ਦਿੱਤਾ ਕਿ ਉਸ ਦਾ ਨਾਂ ਇਕ 'ਸੈਕਸ ਗੁਨਾਹਗਾਰ' ਵਜੋਂ ਦਰਜ ਕੀਤਾ ਜਾਵੇ ਤੇ ਬਾਕੀ ਦੀ ਜਿੰਦਗੀ ਉਹ ਸੈਕਸ ਗੁਨਾਹਗਾਰ ਵਜੋਂ ਜੀਵੇਗਾ।

# ਅਮਰੀਕਾ ਦੇ ਹੈਂਪਟਨ ਸ਼ਹਿਰ ਵਿਚ ਹੋਈ ਗੋਲੀਬਾਰੀ 'ਚ 4 ਮੌਤਾਂ, ਸ਼ੱਕੀ ਹਮਲਾਵਰ ਦੀ ਵੱਡੀ ਪੱਧਰ ਉਪਰ ਭਾਲ

ਸੈਕਰਾਮੈਂਟੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਸ਼ਹਿਰ ਹੈਂਪਟਨ, ਜਾਰਜੀਆ ਵਿਚ ਹੋਈ ਗੋਲੀਬਾਰੀ ਵਿੱਚ 4 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਲਾਅ ਇਨਫੋਰਸਮੈਂਟ ਅਧਿਕਾਰੀ ਇਕ ਸ਼ੱਕੀ ਦੋਸ਼ੀ ਦੀ ਭਾਲ ਵੱਡੀ ਪੱਧਰ ਉਪਰ ਕਰ ਰਹੇ ਹਨ। ਹੈਨਰੀ ਕਾਊਂਟੀ ਸ਼ੈਰਿਫ ਦਫਤਰ ਨੇ ਸ਼ੱਕੀ ਦੋਸ਼ੀ ਦੀ ਪਛਾਣ 40 ਸਾਲਾ ਆਂਦਰੇ ਲੌਂਗਮੋਰ ਵਜੋਂ ਕੀਤੀ ਹੈ ਜਿਸ ਦੀ ਪੁਲਿਸ ਨੇ ਤਸਵੀਰ ਵੀ ਜਾਰੀ ਕੀਤੀ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਸ਼ੱਕੀ ਦੋਸ਼ੀ 2017 ਬਲੈਕ ਜੀ ਐਮ ਸੀ ਅਕੈਡੀਆ ਜੋ ਉਸ ਦੀ ਆਪਣੀ ਗੱਡੀ ਨਹੀਂ ਹੈ, ਵਿਚ ਸਵਾਰ ਹੈ। ਹੈਂਪਟਨ ਪੁਲਿਸ ਮੁੱਖੀ ਜੇਮਜ ਟਰਨਰ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਹੈਂਪਟਨ ਵਿਚ ਡੌਗਵੁੱਡ ਲੇਕਸ ਸਬ ਡਿਵੀਜਨ ਦੇ ਨੇੜੇ ਹੋਈ ਹੈ। ਟਰਨਰ ਨੇ ਕਿਹਾ ਕਿ ਮ੍ਰਿਤਕਾਂ ਵਿਚ 3 ਮਰਦ ਤੇ ਇਕ ਔਰਤ ਸ਼ਾਮਿਲ ਹੈ ਤੇ ਇਹ ਸਾਰੇ ਬਾਲਗ ਹਨ। ਪੁਲਿਸ ਨੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਕਿਹਾ ਹੈ ਕਿ ਪੀੜਤ ਪਰਿਵਾਰਾਂ ਨੂੰ ਸੂਚਿਤ ਕਰਨ ਉਪਰੰਤ ਹੀ ਨਾਂ ਜਨਤਕ ਕੀਤੇ ਜਾਣਗੇ। ਹੈਨਰੀ ਕਾਊਂਟੀ ਸ਼ੈਰਿਫ ਰੀਗਿਨਲਡ ਸਕੈਂਡਰੈਟ ਨੇ ਕਿਹਾ ਹੈ ਕਿ ਆਂਦਰੇ ਲੌਂਗਮੋਰ ਦੇ ਹੱਤਿਆਵਾਂ ਦੇ ਦੋਸ਼ਾਂ ਤਹਿਤ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਸ਼ੈਰਿਫ ਦਫਤਰ ਨੇ ਉਸ ਦੀ ਗ੍ਰਿਫਤਾਰੀ ਸਬੰਧੀ ਕੋਈ ਵੀ ਸੁਰਾਗ ਜਾਂ ਸੂਚਨਾ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਪੁਲਿਸ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਸ਼ੱਕੀ ਦੋਸ਼ੀ ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ।




ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਪੜ੍ਹੇ ਲਿਖੇ ਨੌਜਵਾਨ ਸਰਪੰਚੀ ਚੋਣਾਂ ਲਈ ਅੱਗੇ ਆਉਣ

ਪੰਜਾਬ ਦੀ ਬਹੁਤ ਸਾਰੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਪਿੰਡਾਂ ਦੇ ਸਰਵਪੱਖੀ ਵਿਕਾਸ ਦੀ ਜ਼ਿੰਮੇਵਾਰੀ ਪੰਚਾਇਤਾਂ ਦੀ ਹੁੰਦੀ ਹੈ। ਪਿੰਡ ਵਿਚ ਹਰ ਪੰਜ ਸਾਲ ਬਾਅਦ ਪੰਚਾਇਤ ਦੀ ਚੋਣ ਹੁੰਦੀ ਹੈ। ਪੰਚਾਇਤ ਵਿੱਚ ਪਿੰਡ ਦਾ ਮੁਖੀ ਸਰਪੰਚ ਹੁੰਦਾ ਹੈ ਅਤੇ ਉਸਦੇ ਸਲਾਹਕਾਰ ਪੰਚ ਹੁੰਦੇ ਹਨ। ਪੰਚਾਇਤ ਵੱਲੋਂ ਪਾਏ ਮਤੇ ਦੇ ਅਧਾਰ ’ਤੇ ਹੀ ਪਿੰਡ ਦੇ ਵਿਕਾਸ ਕਾਰਜਾਂ ਦਾ ਕੰਮ ਨੇਪਰੇ ਚੜ੍ਹਦਾ ਹੈ।

ਅੱਜ ਦੇ ਡਿਜੀਟਲ ਕ੍ਰਾਂਤੀ ਵਾਲੇ ਯੁੱਗ ਵਿੱਚ ਸਰਪੰਚ ਦਾ ਪੜ੍ਹਿਆ-ਲਿਖਿਆ ਹੋਣਾ ਲਾਜ਼ਮੀ ਹੈ। ਸਿੱਖਿਆ ਦੀ ਮਨੁੱਖੀ ਜੀਵਨ ਵਿੱਚ ਸਭ ਤੋਂ ਵੱਧ ਅਹਿਮੀਅਤ ਹੈ। ਸਿੱਖਿਅਤ ਸਰਪੰਚ ਹੀ ਪਿੰਡਾਂ ਦੀ ਨੁਹਾਰ ਬਦਲ ਸਕਦੇ ਹਨ। ਜਦ ਪਿੰਡ ਵੱਲੋਂ ਸਰਪੰਚ ਨਿਰਧਾਰਿਤ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਮੋਹਰ, ਸਵੈ ਘੋਸ਼ਣਾ ਪੱਤਰ ਗਵਾਹੀ ਜਾਂ ਕੋਈ ਵੀ ਕਾਗਜ਼ੀ ਕਾਰਵਾਈ ਨੂੰ ਪ੍ਰਮਾਣਿਤ ਕਰਨ ਲਈ ਦਿੱਤੀ ਜਾਂਦੀ ਹੈ। ਪੰਚਾਇਤ ਵਿੱਚ ਸਰਕਾਰ ਵੱਲੋਂ ਕਰੋੜਾਂ ਰੁਪਏ ਗਰਾਂਟ ਦੇ ਰੂਪ ਵਿੱਚ ਆਉਂਦੇ ਹਨ। ਇਸ ਗਰਾਂਟ ਨੂੰ ਪੰਚਾਇਤਾਂ ਨੇ ਪਿੰਡਾਂ ਦੇ ਵਿਕਾਸ ਲਈ ਖਰਚਣਾ ਹੁੰਦਾ ਹੈ। ਅਨਪੜ੍ਹ ਸਰਪੰਚਾਂ ਲਈ ਹਿਸਾਬ ਰੱਖਣ ਦੇ ਨਾਲ ਨਾਲ ਪੈਸੇ ਨੂੰ ਸਹੀ ਢੰਗ ਨਾਲ ਖਰਚਣਾ ਵੀ ਮੁਸ਼ਕਿਲ ਹੁੰਦਾ ਹੈ। ਅਨਪੜ੍ਹ ਸਰਪੰਚ ਨੂੰ ਹੋਰ ਧਨਾਢ ਲੋਕ ਕਠਪੁਤਲੀ ਬਣਾ ਕੇ ਫ਼ਾਇਦਾ ਉਠਾਉਂਦੇ ਹਨ। ਕਈ ਸਰਪੰਚ ਜਿਸ ਕਾਗਜ਼ ਉਪਰ ਤਸਦੀਕ ਕਰ ਕੇ ਦਸਤਖਤ ਕਰਦੇ ਹਨ ਉਸਨੂੰ ਪੜ੍ਹਨ ਦੇ ਵੀ ਯੋਗ ਨਹੀਂ ਹੁੰਦੇ। ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਸਰਪੰਚ ਅਜਿਹੇ ਗ਼ਲਤ ਕਾਗਜ਼ ’ਤੇ ਮੋਹਰ ਲਗਾ ਦਿੰਦੇ ਹਨ, ਜਿਸ ਵਿੱਚ ਨਿੱਜੀ ਸੁਆਰਥ ਲਈ ਪਤੀ ਜਾਂ ਪਤਨੀ ਦਾ ਨਾਮ ਹੀ ਬਦਲ ਕੇ ਲਿਖਿਆ ਹੁੰਦਾ ਹੈ। ਸਰਪੰਚ ਦੇ ਬਿਨ ਪੜ੍ਹੇ ਤੋਂ ਕਿਸੇ ਵੀ ਕਾਗਜ਼ ’ਤੇ ਦਸਤਖ਼ਤ ਕਰਨ ਨਾਲ ਉਹ ਇਨਸਾਨ ਗੁੰਮਰਾਹ ਕੀਤਾ ਜਾਂਦਾ ਹੈ, ਜਿਸਦਾ ਕੋਈ ਦੋਸ਼ ਹੀ ਨਹੀਂ ਹੁੰਦਾ। ਇਹੋ ਜਿਹੀਆਂ ਗਲਤੀਆਂ ਸਰਪੰਚ ਲਈ ਵੀ ਬਿਪਤਾ ਦਾ ਕਾਰਨ ਬਣਦੀਆਂ ਹਨ। ਬਿਨਾਂ ਕਸੂਰ ਤੋਂ ਉਸ ਨੂੰ ਕਸੂਰਵਾਰ ਬਣਾ ਦਿੰਦੀਆਂ ਹਨ। ਕਈ ਵਾਰ ਤਾਂ ਕੇਸ ਵੀ ਭੁਗਤਣੇ ਪੈਂਦੇ ਹਨ। ਅਨਪੜ੍ਹਤਾ ਕਾਰਨ ਹੱਕ ਲਈ ਕੋਈ ਵੀ ਸਰਪੰਚ ਸਹੀ ਤਰੀਕੇ ਨਾਲ ਮੁੱਦਾ ਚੁੱਕਣ ਦੇ ਯੋਗ ਨਹੀਂ ਹੁੰਦਾ। ਸਰਕਾਰ ਦੀਆਂ ਦਿੱਤੀਆਂ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਸਰਪੰਚ ਦੇ ਦਸਤਖਤ ਕਰਨ ਤੋਂ ਬਾਅਦ ਹੀ ਪੈਸਾ ਮਿਲਦਾ ਹੈ। ਸਰਕਾਰ ਵੱਲੋਂ ਮਿਲਦੀਆਂ ਇਹਨਾਂ ਯੋਜਨਾਵਾਂ ਵਿੱਚ ਕਈ ਵਾਰ ਸਰਪੰਚ ਤੋਂ ਕਾਗਜ਼ ਤਸਦੀਕ ਕਰਵਾ ਕੇ ਉਹ ਲੋਕ ਹੱਕ ਲੈ ਜਾਂਦੇ ਹਨ ਜੋ ਹੱਕਦਾਰ ਹੁੰਦੇ ਹੀ ਨਹੀਂ। ਜਿਸ ਤਰ੍ਹਾਂ ਬੁਢਾਪਾ ਪੈਨਸ਼ਨ ਵਿਚ ਬਹੁਤੇ ਲੋਕ ਸਰਪੰਚ ਤੋਂ ਕਾਗਜ਼ ਤਸਦੀਕ ਕਰਵਾ ਕੇ ਅਧਾਰ ਕਾਰਡ ਉਪਰ ਆਪਣੀ ਉਮਰ ਵਧਾ ਲੈਂਦੇ ਹਨ ਅਤੇ ਅਧਾਰ ਕਾਰਡ ਦੇ ਜ਼ਰੀਏ ਵੋਟਰ ਕਾਰਡ ’ਤੇ ਉਮਰ ਵਧ ਜਾਂਦੀ ਹੈ। ਅਨੇਕਾਂ ਅਜਿਹੇ ਲੋਕ ਹਨ ਜੋ ਘੱਟ ਉਮਰ ਵਿੱਚ ਬੁਢਾਪਾ ਪੈਨਸ਼ਨ ਦਾ ਲਾਭ ਉਠਾ ਰਹੇ ਹਨ ਪਰ ਅਸਲ ਵਿਚ ਬੁਢਾਪੇ ਵਿੱਚ ਪਹੁੰਚੇ ਲੋਕ ਇਸ ਸਹੂਲਤ ਤੋਂ ਵਾਂਝੇ ਹਨ। ਪੰਚਾਇਤੀ ਚੋਣਾਂ ਸਮੇਂ ਇਹ ਦੇਖਣਾ ਜ਼ਰੂਰੀ ਹੈ ਕਿ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਕੀ ਹੈ? ਕੀ ਉਹ ਆਪਣੇ ਪਿੰਡ ਦਾ ਵਿਕਾਸ ਕਰ ਸਕਦੇ ਹਨ। ਰਾਖਵੀਆਂ ਸੀਟਾਂ ’ਤੇ ਸਰਪੰਚ ਦੀ ਚੋਣ ਲੜ ਰਹੇ ਉਮੀਦਵਾਰ ਦੀ ਯੋਗਤਾ ਦੇਖਣੀ ਅਤਿ ਜ਼ਰੂਰੀ ਹੈ। ਕਈ ਵਾਰ ਪੈਸੇ ਵਾਲੇ ਲੋਕ ਰਾਖਵੀਂ ਸੀਟ ਵਾਲੇ ਸਰਪੰਚ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹਨ।

ਸਾਡੇ ਸੂਬੇ ਪੰਜਾਬ ਨੇ ਪੰਚਾਇਤਾਂ ਨੂੰ ਸੰਵਿਧਾਨਕ ਰੁਤਬਾ ਦੇਣ ਲਈ ਪੰਜਾਬ ਪੰਚਾਇਤੀ ਰਾਜ ਐਕਟ ਬਣਾ ਕੇ 21 ਅਪਰੈਲ 1994 ਨੂੰ ਲਾਗੂ ਕੀਤਾ ਸੀ। ਇਸ ਐਕਟ ਦੇ ਲਾਗੂ ਹੋਣ ਨਾਲ ਪਿੰਡਾਂ ਦਾ ਵਿਕਾਸ, ਸਮਾਜਿਕ ਸਮਾਨਤਾ ਅਤੇ ਲੋਕਾਂ ਦੀ ਭਾਗੀਦਾਰੀ ਸੰਭਵ ਹੋਈ। 200 ਆਬਾਦੀ ਤਕ ਗ੍ਰਾਮ ਸਭਾ ਦੀ ਸਥਾਪਨਾ ਕੀਤੀ ਗਈ। ਗ੍ਰਾਮ ਸਭਾ ਨੂੰ ਵਿਕਾਸ ਕਾਰਜ ਹਿੱਤ ਬਜਟ ਦੀ ਪ੍ਰਵਾਨਗੀ, ਵਿਕਾਸ ਸਕੀਮਾਂ ਲਾਗੂ ਕਰਨਾ ਅਤੇ ਲਾਭਪਾਤਰਾਂ ਦੀ ਪਛਾਣ ਕਰਨ ਵਰਗੀਆਂ ਸ਼ਕਤੀਆਂ ਦਿੱਤੀਆ ਗਈਆਂ। ਇੰਨੇ ਸਾਲ ਬੀਤ ਜਾਣ ਤੋਂ ਬਾਅਦ ਵੀ ਪਿੰਡਾਂ ਵਿੱਚ ਪੜ੍ਹੀਆਂ ਲਿਖੀਆਂ ਪੰਚਾਇਤਾਂ ਬਣਾਉਣ ਵਿਚ ਅਸੀਂ ਕਾਮਯਾਬ ਨਹੀਂ ਹੋ ਸਕੇ। ਸਰਕਾਰਾਂ ਦਾ ਫਰਜ਼ ਹੈ ਕਿ ਪੰਚਾਇਤੀ ਚੋਣਾਂ ਤੋਂ ਪਹਿਲਾਂ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਨੂੰ ਤਾਂ ਧਿਆਨ ਵਿਚ ਰੱਖਿਆ ਹੀ ਜਾਵੇ ਨਾਲ ਨਾਲ ਹੀ ਘੱਟ ਪੜ੍ਹੇ-ਲਿਖੇ ਸਰਪੰਚਾਂ-ਪੰਚਾਂ ਨੂੰ ਸਰਕਾਰੀ ਯੋਜਨਾਵਾਂ ਤਹਿਤ ਸਿੱਖਿਅਤ ਕੀਤਾ ਜਾਵੇ।

ਪੜ੍ਹਿਆ ਲਿਖਿਆ ਸਰਪੰਚ ਹੀ ਪਿੰਡ ਨੂੰ ਵਿਕਾਸ ਦੀ ਰਾਹ ’ਤੇ ਲਿਜਾ ਸਕਦਾ ਹੈ ਤੇ ਪਿੰਡ ਦੀ ਯੋਗ ਅਗਵਾਈ ਕਰ ਸਕਦਾ ਹੈ। ਕਿਸੇ ਫੈਸਲੇ ਸਬੰਧੀ ਟਿੱਪਣੀ ਲਿਖ ਕੇ ਹੁਕਮ ਜਾਰੀ ਕਰ ਸਕਦਾ ਹੈ। ਦੇਸ਼ ਤੇ ਸੂਬੇ ਅੰਦਰ ਸਰਕਾਰ ਵੱਲੋਂ ਤਿਆਰ ਸਿੱਖਿਆ, ਸਿਹਤ ਅਤੇ ਸ਼ੁੱਧ ਵਾਤਾਵਰਣ ਸਬੰਧੀ ਨੀਤੀਆਂ ਦੀ ਪੂਰਨ ਤੌਰ ’ਤੇ ਜਾਣਕਾਰੀ ਲੈ ਸਕਦਾ ਹੈ। ਗਰਾਮ ਸਭਾ ਦੀਆਂ ਮੀਟਿੰਗਾਂ ਦੇ ਲੇਖੇ-ਜੋਖੇ ਦੀ ਰਿਪੋਰਟ ਸਰਪੰਚ ਤਾਂ ਹੀ ਸਹੀ ਤਰੀਕੇ ਨਾਲ ਪੇਸ਼ ਕਰ ਸਕਦਾ ਹੈ ਜੇ ਉਹ ਪੜ੍ਹ ?ਹਆ ਲਿਖਿਆ ਹੋਵੇਗਾ।

ਸਰਕਾਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਸਰਪੰਚੀ ਦੀਆਂ ਚੋਣਾਂ ਲੜਨ ਲਈ ਉਤਸ਼ਾਹਿਤ ਕਰੇ। ਕਿਸੇ ਕਿਸਮ ਦਾ ਲਾਲਚ ਦਿੱਤੇ ਬਗੈਰ ਵੋਟਾਂ ਲਈਆਂ ਜਾਣ। ਲਾਲਚੀ ਵਿਵਸਥਾ ਅਤੇ ਬੇਲੋੜੇ ਖਰਚ ’ਤੇ ਪਾਬੰਦੀ ਲਗਾਈ ਜਾਵੇ। ਧੜੇਬੰਦੀ ਤੋਂ ਉੱਪਰ ਉੱਠ ਕੇ ਸਰਬਸੰਮਤੀ ਨਾਲ ਸਰਪੰਚ ਦੀ ਚੋਣ ਹੋਵੇ ਤਾਂ ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਪੜ੍ਹਾਈ ਯੋਗਤਾ ਜ਼ਰੂਰੀ ਕੀਤੀ ਜਾਵੇ। ਬੇਰੁਜ਼ਗਾਰੀ ਵਿੱਚ ਧਸੇ ਨੌਜਵਾਨਾਂ ਨੂੰ ਅਜਿਹੇ ਅਹੁਦਿਆਂ ’ਤੇ ਲਿਆ ਕੇ ਉਨ੍ਹਾਂ ਦੀਆਂ ਤਨਖਾਹਾਂ ਨਿਰਧਾਰਿਤ ਕੀਤੀਆਂ ਜਾਣ ਅਤੇ ਸਮੇਂ ਸਮੇਂ ’ਤੇ ਵਾਧਾ ਵੀ ਕੀਤਾ ਜਾਵੇ ਤਾਂ ਕਿ ਸਾਰਾ ਕੰਮ ਇਮਾਨਦਾਰੀ ਨਾਲ ਹੋ ਸਕੇ। ਸਰਕਾਰ ਵੱਲੋਂ ਸਰਪੰਚਾਂ ਨੂੰ ਹਲਕੀ ਫੁਲਕੀ ਤਨਖਾਹ ਲਾਗੂ ਤਾਂ ਕੀਤੀ ਗਈ ਹੈ, ਪਰ ਇਹ ਕਾਗਜ਼ਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਪੜ੍ਹੇ ਲਿਖੇ ਸੂਝਵਾਨ, ਦੂਰਅੰਦੇਸ਼ੀ ਅਤੇ ਨਿਰਪੱਖ ਸੋਚ ਵਾਲੇ ਸਰਪੰਚ ਹੀ ਪਿੰਡਾਂ ਨੂੰ ਅੱਗੇ ਤੋਰ ਸਕਦੇ ਹਨ।

**ਕਮਲਜੀਤ ਕੌਰ ਗੁੰਮਟੀ**

# ਭਾਰਤ ਲਈ ਜੰਜਾਲ ਬਣਦੀ ਜਾ ਰਹੀ ਹੈ ਵਧਦੀ ਵਸੋਂ

**-ਡਾ. ਐਸ. ਐਸ. ਛੀਨਾ**



ਭਾਰਤ ਦੁਨੀਆ ਦੇ ਆਕਾਰ ਦਾ ਸਿਰਫ਼ 2.4 ਫ਼ੀਸਦੀ ਹੈ ਪਰ ਆਬਾਦੀ ਵਿਚ ਹਿੱਸਾ 17.6 ਫ਼ੀਸਦੀ ਹੈ। ਭਾਰਤ ਲਈ ਇਹ ਯੋਗ ਵਸੋਂ ਨਹੀਂ ਕਹੀ ਜਾ ਸਕਦੀ। ਭਾਰਤ ਕੋਲ ਪਾਣੀ ਦੇ 4 ਪ੍ਰਤੀਸ਼ਤ ਸਾਧਨ ਹਨ। ਇਹ ਨਦੀਆਂ, ਨਾਲਿਆਂ, ਪਹਾੜਾਂ ਤੇ ਮੈਦਾਨਾਂ ਦਾ ਦੇਸ਼ ਹੈ ਪਰ ਵਸੋਂ ਦੇ ਵੱਡੇ ਭਾਰ ਕਰਕੇ ਹੁਣ ਬਹੁਤ ਸਾਰੇ ਖੇਤਰਾਂ ’ਚ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ। ਧਰਤੀ ਹੇਠਲਾ ਪਾਣੀ ਦਿਨ-ਬ-ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਤੇ ਇਸ ਸਬੰਧੀ ਸੁਧਾਰ ਨਾ ਹੋਇਆ ਤਾਂ ਆਉਣ ਵਾਲੇ ਸਮੇਂ ਵਿਚ ਹਾਲਤ ਬਹੁਤ ਡਰਾਉਣੀ ਬਣ ਸਕਦੀ ਹੈ। ਭਾਰਤ ਦੀ ਸੁਤੰਤਰਤਾ ਦੇ ਸਮੇਂ ਇਸ ਦੀ ਵਸੋਂ 43 ਕਰੋੜ ਸੀ ਜੋ ਇਸ ਦੇ ਆਕਾਰ ਤੇ ਸਾਧਨਾਂ ਅਨੁਸਾਰ ਅਨੁਕੂਲ ਸੀ।

ਫਿਰ ਵੀ ਤੇਜ਼ੀ ਨਾਲ ਵਧਦੀ ਵਸੋਂ ਦੀ ਚਿੰਤਾ ਕਰ ਕੇ ਪਰਿਵਾਰ ਨਿਯੋਜਨ ਪ੍ਰੋਗਰਾਮ ਨੂੰ ਦੇਸ਼ ਭਰ ਵਿਚ ਅਪਨਾਇਆ ਗਿਆ ਸੀ। ਸੰਜੇ ਗਾਂਧੀ ਦੇ ਸਮੇਂ ਤੋਂ ਬਾਅਦ ਦੇਸ਼ ਦੀਆਂ ਵੱਖ-ਵੱਖ ਪਾਰਟੀਆਂ ਦੇ ਰਾਜਨੀਤਕ ਨੇਤਾ ਵੀ ਇਸ ਸਬੰਧੀ ਨਾ ਕੋਈ ਬਿਆਨ ਦਿੰਦੇ ਹਨ, ਨਾ ਹੀ ਸਰਕਾਰ ਵੱਲੋਂ ਪਹਿਲਾਂ ਵਾਲੀ ਗੰਭੀਰਤਾ ਨਾਲ ਇਸ ਵਿਸ਼ੇ ’ਤੇ ਵਿਚਾਰ ਕੀਤੀ ਜਾਂਦੀ ਹੈ। ਹੁਣ ਭਾਰਤ ਦੁਨੀਆ ਵਿਚ ਚੀਨ ਨੂੰ ਪਛਾੜ ਕੇ ਵਸੋਂ ਦੇ ਹਿਸਾਬ ਨਾਲ ਪਹਿਲੇ ਨੰਬਰ ਦਾ ਦੇਸ਼ ਬਣ ਗਿਆ ਹੈ ਜਿਸ ਦੀ ਆਬਾਦੀ 140 ਕਰੋੜ ਤੋਂ ਉੱਪਰ ਪਹੁੰਚ ਗਈ ਹੈ। ਭਾਵੇਂ ਦੁਨੀਆ ਦੇ ਜ਼ਿਆਦਾਤਰ ਵਿਕਸਤ ਦੇਸ਼ਾਂ ਵਿਚ ਵਸੋਂ ਦੀ ਘਣਤਾ (ਪ੍ਰਤੀ ਵਰਗ ਕਿਲੋਮੀਟਰ ਵਸੋਂ) ਬਹੁਤ ਘੱਟ ਹੈ ਪਰ ਕਿਸੇ ਵਕਤ ਤਿੰਨ ਬਹੁਤ ਵਿਕਸਤ ਦੇਸ਼ ਇੰਗਲੈਂਡ, ਜਾਪਾਨ ਅਤੇ ਜਰਮਨੀ ਦੀ ਵਸੋਂ ਘਣਤਾ ਭਾਰਤ ਦੀ ਵਸੋ ਘਣਤਾ ਨਾਲੋਂ ਵੀ ਵੱਧ ਸੀ। ਉਹ ਉਦਯੋਗਿਕ ਦੇਸ਼ ਸਨ। ਭਾਵੇਂ ਵਸੋਂ ਘਣਤਾ ਜ਼ਿਆਦਾ ਸੀ ਪਰ ਉਨ੍ਹਾਂ ਦੇਸ਼ਾਂ ਨੇ ਲਗਾਤਾਰ ਵਸੋਂ ’ਤੇ ਕਾਬੂ ਰੱਖਣ ਦੇ ਯਤਨ ਕੀਤੇ ਤੇ ਹੁਣ ਤਿੰਨਾਂ ਹੀ ਦੇਸ਼ਾਂ ਦੀ ਵਸੋਂ ਘਣਤਾ ਭਾਰਤ ਦੀ ਵਸੋਂ ਤੋਂ ਬਹੁਤ ਥੱਲੇ ਹੈ। ਭਾਰਤ ਦੀ ਪ੍ਰਤੀ ਕਿਲੋਮੀਟਰ ਵਸੋਂ 420 ਵਿਅਕਤੀ ਹੈ ਜਦਕਿ ਜਾਪਾਨ ਦੀ 332, ਜਰਮਨੀ ਦੀ 240 ਅਤੇ ਇੰਗਲੈਂਡ ਦੀ 246 ਹੈ ਪਰ ਉਨ੍ਹਾਂ ਦੇਸ਼ਾਂ ਦੇ ਉਦਯੋਗਿਕ ਤੌਰ ’ਤੇ ਵਿਕਸਤ ਹੋਣ ਕਾਰਨ ਜਿੱਥੇ ਭਾਰਤ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਸਿਰਫ਼ 1670 ਡਾਲਰ ਹੈ ਉੱਥੇ ਹੀ ਜਾਪਾਨ ਦੀ 49500 ਡਾਲਰ ਹੈ। ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ 65000 ਡਾਲਰ ਹੈ ਜੋ ਭਾਰਤ ਤੋਂ 40 ਗੁਣਾ ਜ਼ਿਆਦਾ ਹੈ। ਦੁਨੀਆ ਦੇ ਵਿਸ਼ਾਲ ਦੇਸ਼ ਆਸਟ ?ਰੇਲੀਆ ਦੀ ਵਸੋਂ ਘਣਤਾ ਸਿਰਫ਼ 3 ਜਦਕਿ ਕੈਨੇਡਾ ਦੀ 4 ਵਿਅਕਤੀ ਹੈ ਪਰ ਫਿਰ ਵੀ ਉਹ ਆਪਣੀ ਵਸੋਂ ਦੇ ਆਕਾਰ ਸਬੰਧੀ ਇੰਨੇ ਚੇਤੰਨ ਹਨ ਕਿ ਉਹ ਪਰਵਾਸੀਆਂ ਨੂੰ ਉਤਸ਼ਾਹਤ ਨਹੀਂ ਕਰਦੇ। ਉਨ੍ਹਾਂ ਦੇਸ਼ਾਂ ’ਚ ਕਿਰਤ ਦੀ ਲੋੜ ਵੀ ਹੈ ਪਰ ਉਹ ਓਨੇ ਹੀ ਕਿਰਤੀਆਂ ਨੂੰ ਉਤਸ਼ਾਹਤ ਕਰਦੇ ਹਨ ਜਿੰਨਿਆਂ ਨਾਲ ਉਨ੍ਹਾਂ ਦੇ ਵਿਕਾਸ ਦਾ ਸੰਤੁਲਨ ਬਣਿਆ ਰਹੇ। ਕੈਨੇਡਾ ਦੇਸ਼ ਦੇ ਮੂਲ ਵਾਸੀਆਂ ਵਿਚ ਵਸੋਂ ਦੀ ਵਾਧਾ ਦਰ ਮਨਫ਼ੀ ਹੈ ਪਰ ਫਿਰ ਵੀ ਪਰਵਾਸੀਆਂ ਵਾਸਤੇ ਉਸ ਦੇਸ਼ ਵਿਚ ਪੱਕੇ ਤੌਰ ’ਤੇ ਸਥਾਪਤ ਹੋ ਜਾਣਾ ਇੰਨਾ ਆਸਾਨ ਨਹੀਂ। ਇਸ ਤਰ੍ਹਾਂ ਦੀ ਹੀ ਹਾਲਤ ਹੋਰ ਵਿਕਸਤ ਅਤੇ ਵਿਸ਼ਾਲ ਦੇਸ਼ਾਂ ਦੀ ਵੀ ਹੈ।

ਜਿਨ੍ਹਾਂ ਵੀ ਦੇਸ਼ਾਂ ਵਿਚ ਵਸੋਂ ਘਣਤਾ ਜ਼ਿਆਦਾ ਹੈ ਉਨ੍ਹਾਂ ਦੀ ਪ੍ਰਤੀ ਵਿਅਕਤੀ ਆਮਦਨ ਵੀ ਘੱਟ ਹੈ ਅਤੇ ਵਿਕਾਸ ਦਰ ਵੀ ਘੱਟ ਹੈ। ਭਾਰਤ ਦਾ ਗੁਆਂਢੀ ਦੇਸ਼ ਬੰਗਲਾਦੇਸ਼ ਅਨੇਕਾਂ ਆਰਥਿਕ ਮੁਸ਼ਕਲਾਂ ਨਾਲ ਜੂਝ ਰਿਹਾ ਹੈ ਜਿਸ ਦੀ ਵਸੋਂ ਘਣਤਾ 1150 ਵਿਅਕਤੀ ਪ੍ਰਤੀ ਕਿਲੋਮੀਟਰ ਹੈ ਜਿਹੜੀ ਭਾਰਤ ਤੋਂ ਵੀ 2.5 ਗੁਣਾ ਤੋਂ ਜ਼ਿਆਦਾ ਹੈ ਅਤੇ ਦੁਨੀਆ ਭਰ ਵਿਚ ਸਭ ਤੋਂ ਵੱਧ ਵਸੋਂ ਘਣਤਾ ਵਾਲਾ ਦੇਸ਼ ਹੈ। ਹੁਣ ਭਾਵੇਂ ਭਾਰਤ ਦੀ ਵਸੋਂ ਚੀਨ ਦੀ ਆਬਾਦੀ ਨਾਲੋਂ ਜ਼ਿਆਦਾ ਹੋ ਗਈ ਹੈ ਪਰ ਜਦੋਂ ਚੀਨ ਪਹਿਲੇ ਨੰਬਰ ਦਾ ਵਸੋਂ ਵਾਲਾ ਦੇਸ਼ ਸੀ ਉਸ ਵਕਤ ਵੀ ਉਸ ਦੀ ਵਸੋਂ ਘਣਤਾ ਭਾਰਤ ਦੀ ਵਸੋਂ ਘਣਤਾ ਤੋਂ ਘੱਟ ਸੀ ਕਿਉਂ ਜੋ ਉਸ ਦਾ ਖੇਤਰ ਭਾਰਤ ਤੋਂ ਬਹੁਤ ਜ਼ਿਆਦਾ ਹੈ। ਫਿਰ ਵੀ ਚੀਨ ਨੇ ਪਰੀਵਾਰ ਨੂੰ ਸੀਮਤ ਰੱਖਣ ਲਈ ਛੋਟੇ ਪਰਿਵਾਰਾਂ ਨੂੰ ਉਤਸ਼ਾਹਤ ਕਰਨ ਲਈ ਬਹੁਤ ਕੁਝ ਕੀਤਾ ਸੀ ਅਤੇ ਵਸੋਂ ’ਤੇ ਕਾਬੂ ਪਾਇਆ ਹੈ। ਭਾਵੇਂ ਹੁਣ ਭਾਰਤ ਵਿਚ ਵਸੋਂ ਦੇ ਵਾਧੇ ਦੀ ਦਰ ਘਟ ਕੇ 1.5 ਫ਼ੀਸਦੀ ਹੋ ਗਈ ਹੈ ਪਰ ਅਜੇ ਵੀ ਇਕ ਸਾਲ ਵਿਚ ਇਸ ਦੀ ਵਸੋਂ ਕੈਨੇਡਾ ਅਤੇ ਆਸਟਰੇਲੀਆ ਦੀ ਕੁੱਲ ਵਸੋਂ ਦੇ ਬਰਾਬਰ ਹੋ ਜਾਂਦੀ ਹੈ। ਵਸੋਂ ਸਬੰਧੀ ਦੋ ਪ੍ਰਸਿੱਧ ਸਿਧਾਂਤ ਹਨ। ਪਹਿਲਾ ਹੈ ਮਾਲਥਮ ਦਾ ਸਿਧਾਂਤ ਜਿਸ ਅਨੁਸਾਰ ਵਸੋਂ ਵਾਧਾ ਜੋਮੈਟਰੀਕਲ ਦਰ ਨਾਲ ਹੁੰਦਾ ਹੈ ਜਿਵੇਂ 1,2,4,8 ਆਦਿ ਪਰ ਉਤਪਾਦਨ ਦਾ ਵਾਧਾ ਗਣਿਤ ਦਰ ਨਾਲ ਹੁੰਦਾ ਹੈ ਜਿਵੇਂ 1,2,3,4 ਆਦਿ।

ਜੇ ਵਸੋਂ ਦੇ ਵਾਧੇ ਨੂੰ ਰੋਕਿਆ ਨਾ ਜਾਵੇ ਤਾਂ ਕੁਝ ਸਮੇਂ ਬਾਅਦ ਕੁਦਰਤੀ ਰੋਕਾਂ ਜਿਵੇਂ ਹੜ੍ਹ, ਕਾਲ, ਮਹਾਮਾਰੀ ਆਦਿ ਫੈਲਦੀਆਂ ਹਨ ਤੇ ਵਸੋਂ ਘਟ ਜਾਂਦੀ ਹੈ। ਇਹ ਸਿਧਾਂਤ ਵਸੋਂ ਦੇ ਵਾਧੇ ਬਾਰੇ ਚੇਤਾਵਨੀ ਦਿੰਦਾ ਹੈ ਕਿ ਵਸੋਂ ’ਤੇ ਰੋਕਾਂ ਲਾਉਣੀਆਂ ਉਸ ਦੇਸ਼ ਦੇ ਹਿੱਤ ਦੀ ਗੱਲ ਹੈ ਜਿੱਥੇ ਤੇਜ਼ ਰਫ਼ਤਾਰ ਨਾਲ ਵਾਧਾ ਹੋ ਰਿਹਾ ਹੈ। ਦੂਸਰਾ ਸਿਧਾਂਤ ਹੈ, ਵਸੋਂ ਦਾ ਆਦਰਸ਼ਕ ਸਿਧਾਂਤ। ਇਸ ਸਿਧਾਂਤ ਅਨੁਸਾਰ ਓਨੀ ਵਸੋਂ ਇਕ ਦੇਸ਼ ਲਈ ਯੋਗ ਹੈ ਜਿਸ ਨਾਲ ਸਾਧਨਾਂ ਦੀ ਪੂਰੀ ਵਰਤੋਂ ਹੋ ਸਕੇ ਅਤੇ ਜਿਸ ਨਾਲ ਪ੍ਰਤੀ ਵਿਅਕਤੀ ਆਮਦਨ ਵੱਧ ਤੋਂ ਵੱਧ ਹੋਵੇ। ਇਸ ਸਿਧਾਂਤ ਮੁਤਾਬਕ ਘੱਟ ਵਸੋਂ ਵਾਲੇ ਦੇਸ਼ਾਂ ਵਿਚ ਜੇ ਵਸੋਂ ਵਧਦੀ ਵੀ ਜਾਂਦੀ ਹੈ ਤਾਂ ਉਹ ਨੁਕਸਾਨਦੇਹ ਨਹੀਂ ਪਰ ਭਾਰਤ ਦੀ ਵਸੋਂ ਦਾ ਆਕਾਰ, ਦੋਵਾਂ ਹੀ ਸਿਧਾਂਤਾਂ ਅਨੁਸਾਰ ਭਾਰਤ ਦੇ ਸਾਧਨਾਂ ਦੇ ਅਨੁਕੂਲ ਨਹੀਂ ਹੈ। ਵਸੋਂ ਦੇ ਭਾਰ ਕਰਕੇ ਜਿੱਥੇ ਸਾਧਨਾਂ ’ਤੇ ਪੈਂਦਾ ਬੋਝ ਹੈ, ਉੱਥੇ ਇਸ ਨਾਲ ਭੀੜ, ਬੇਰੁਜ਼ਗਾਰੀ, ਥੁੜ੍ਹ, ਸਮਾਜਿਕ ਬੁਰਾਈਆਂ ਆਦਿ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸੰਨ 1977 ਵਿਚ ਜਦੋਂ ਜਨਤਾ ਪਾਰਟੀ ਦੀ ਕੇਂਦਰ ਵਿਚ ਸਰਕਾਰ ਬਣੀ ਤਾਂ ਉਸ ਨੇ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਨੂੰ ਬੜੀ ਗੰਭੀਰਤਾ ਨਾਲ ਲਿਆ ਕਿਉਂ ਜੋ ਭਾਰਤ ਵਿਚ ਫੈਲੀ ਬੇਰੁਜ਼ਗਾਰੀ ਦੁਨੀਆ ਭਰ ਵਿਚ ਸਭ ਤੋਂ ਜ਼ਿਆਦਾ ਸੀ। ਇਹ ਮਨੁੱਖੀ ਸਾਧਨਾਂ ਦਾ ਫਜ਼ੂਲ ਜਾਣਾ ਸੀ ਕਿਉਂ ਜੋ ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ ਉਹ ਜਮ ?ਹਾ ਤਾਂ ਹੋ ਨਹੀਂ ਸਕਦੀ, ਉਹ ਜ਼ਾਇਆ ਜਾਂਦੀ ਹੈ। ਉਸ ਵੇਲੇ ਦੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਮਨੁੱਖੀ ਸਾਧਨਾਂ ਦੀ ਪੂਰੀ ਵਰਤੋਂ ਕਰਨ ਲਈ ਇਕ ਰੁਜ਼ਗਾਰ ਯੋਜਨਾ ਬਣਾਈ ਜਾਵੇ। ਉਸ ਵਕਤ ਦੇਸ਼ ਵਿਚ 5 ਕਰੋੜ ਲੋਕ ਬੇਰੁਜ਼ਗਾਰ ਸਨ। ਉਨ੍ਹਾਂ ਨੂੰ ਰੁਜ਼ਗਾਰ ’ਤੇ ਲਾਉਣ ਲਈ ਇਕ ਪੰਜ ਸਾਲਾ ਯੋਜਨਾ ਬਣਾਈ ਗਈ ਜਿਸ ਦੇ ਜ਼ਿੰਮੇ ਇਹ ਕੰਮ ਲਾਇਆ ਗਿਆ ਕਿ ਹਰ ਸਾਲ ਇਕ ਕਰੋੜ ਨਵੀਆਂ ਨੌਕਰੀਆਂ ਕੱਢੀਆਂ ਜਾਣ ਅਤੇ 5 ਸਾਲਾਂ ਵਿਚ ਭਾਰਤ ਵਿੱਚੋਂ ਬੇਰੁਜ਼ਗਾਰੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇ। ਪਰ ਉਹ ਸਰਕਾਰ ਸਿਰਫ਼ ਢਾਈ ਸਾਲ ਹੀ ਚੱਲ ਸਕੀ ਅਤੇ ਜਦੋਂ 1979 ਵਿਚ ਜਨਤਾ ਪਾਰਟੀ ਦੀ ਸਰਕਾਰ ਖ਼ਤਮ ਹੋ ਗਈ ਤਾਂ ਉਸ ਦੇ ਨਾਲ ਹੀ ਉਹ ਰੁਜ਼ਗਾਰ ਯੋਜਨਾ ਵੀ ਖ਼ਤਮ ਹੋ ਗਈ ਸੰਨ 1980 ਵਿਚ ਕਾਂਗਰਸ ਪਾਰਟੀ ਦੀ ਸਰਕਾਰ ਆਈ ਪਰ ਇਸ ਸਰਕਾਰ ਨੇ ਵੀ ਰੁਜ਼ਗਾਰ ਵਧਾਉਣ ਲਈ ‘ਸਵੈ ਰੁਜ਼ਗਾਰ’ ਦੇ ਕਈ ਪ੍ਰੋਗਰਾਮ ਚਲਾਏ ਸਨ। ਸੰਨ 1977 ਤੋਂ ਪਹਿਲਾਂ ਵੀ ਕੇਂਦਰ ਸਰਕਾਰ ਦੇ ਯੋਜਨਾ ਕਮਿਸ਼ਨ ਵੱਲੋਂ ਭਾਵੇਂ ਰੁਜ਼ਗਾਰ ਦੇ ਕਈ ਮੌਕੇ ਪੈਦਾ ਕੀਤੇ ਗਏ ਸਨ ਪਰ ਪੰਜ ਸਾਲਾ ਯੋਜਨਾ ਪਿੱਛੋਂ ਬੇਰੁਜ਼ਗਾਰਾਂ ਦੀ ਗਿਣਤੀ, ਯੋਜਨਾ ਦੇ ਸ਼ੁਰੂ ਹੋਣ ਦੇ ਵੇਲੇ ਤੋਂ ਕਿਤੇ ਜ਼ਿਆਦਾ ਹੁੰਦੀ ਸੀ ਤੇ ਇਸ ਦਾ ਇੱਕੋ ਹੀ ਕਾਰਨ ਵਸੋਂ ਦਾ ਤੇਜ਼ ਰਫ਼ਤਾਰ ਨਾਲ ਵਾਧਾ ਸੀ। ਜੇ ਔਸਤ ਖੇਤੀ ਜੋਤ ਦੇ ਹਿਸਾਬ ਦੇਸ਼ ਦੀ ਵਸੋਂ ਦਾ ਨਿਰੀਖਣ ਕਰੀਏ ਤਾਂ ਘਟ ਕੇ 3 ਏਕੜ ਰਹਿ ਗਿਆ ਹੈ। ਭਾਰਤ ਭਾਵੇਂ ਖੇਤੀ ਪ੍ਰਧਾਨ ਦੇਸ਼ ਹੈ ਪਰ ਫਿਰ ਵੀ ਬਹੁਤ ਸਾਰੀਆਂ ਖੇਤੀ ਵਸਤਾਂ ਜਿਵੇਂ ਦਾਲਾਂ, ਤੇਲਾਂ ਦੇ ਬੀਜ ਤੇ ਇੱਥੋਂ ਤਕ ਕਿ ਲੱਕੜ ਦਾ ਆਯਾਤ ਕਰਨ ਲਈ ਵੀ ਮਜਬੂਰ ਹੈ।

ਇਸ ਸਭ ਦਾ ਇਕ ਹੀ ਕਾਰਨ ਵਸੋਂ ਦਾ ਬੋਝ ਹੈ। ਭਾਰਤ ਦੀਆਂ ਯੋਜਨਾਵਾਂ ਵਿਚ ਹਮੇਸ਼ਾ ਖੇਤੀ ਵਿਕਾਸ ਨੂੰ ਤਰਜੀਹ ਦਿੱਤੀ ਜਾਂਦੀ ਰਹੀ ਹੈ ਕਿਉਂ ਜੋ ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਅੰਨ ਸਮੱਸਿਆ ਦਾ ਸਾਹਮਣਾ ਕਰ ਰਿਹਾ ਸੀ। ਇਸ ਦੀਆਂ ਯੋਜਨਾਵਾਂ ਵਿਚ ਉਦਯੋਗਿਕ ਵਿਕਾਸ ਨੂੰ ਅਣਗੋਲਿਆ ਗਿਆ। ਪਰ ਦੁਨੀਆ ਦੇ ਸਾਰੇ ਹੀ ਵਿਕਸਤ ਦੇਸ਼ ਉਦਯੋਗਿਕ ਦੇਸ਼ ਹਨ। ਉਦਯੋਗਿਕ ਵਿਕਾਸ ਤੋਂ ਬਗੈਰ ਖ਼ੁਸ਼ਹਾਲੀ ਸੰਭਵ ਨਹੀਂ। ਜਰਮਨੀ, ਇੰਗਲੈਂਡ ਅਤੇ ਜਾਪਾਨ ਜਿਨ੍ਹਾਂ ਦੇਸ਼ਾਂ ਦੀ ਵਸੋ ਘਣਤਾ ਕਿਸੇ ਵੇਲੇ ਭਾਰਤ ਤੋਂ ਵੀ ਵੱਧ ਸੀ ਪਰ ਉਨ੍ਹਾਂ ਦੇ ਵਿਕਸਤ ਉਦਯੋਗਿਕ ਖੇਤਰ ਕਰਕੇ ਉਨ੍ਹਾਂ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਤੋਂ ਕਿਤੇ ਜ਼ਿਆਦਾ ਸੀ ਅਤੇ ਉਹ ਤਿੰਨੇ ਹੀ ਦੇਸ਼ ਦੁਨੀਆ ਦੇ 8 ਸਭ ਤੋਂ ਵਿਕਸਤ ਦੇਸ਼ਾਂ ਵਿਚ ਗਿਣੇ ਜਾਂਦੇ ਸਨ। ਵਸੋਂ ਦੇ ਵੱਡੇ ਆਕਾਰ ਨੇ ਕਈ ਸਮਾਜਿਕ ਬੁਰਾਈਆਂ ਪੈਦਾ ਕੀਤੀਆਂ ਹਨ। ਇਸ ਵਕਤ ਭਾਰਤ ਵਿਚ 3 ਕਰੋੜ ਬੱਚੇ ਬਾਲ ਕਿਰਤ ਲਈ ਇਸ ਕਰਕੇ ਮਜਬੂਰ ਹਨ ਕਿ ਉਨ੍ਹਾਂ ਦੇ ਮਾਂ-ਬਾਪ ਕੋਲ ਰੁਜ਼ਗਾਰ ਨਹੀਂ। ਇਹ ਗਿਣਤੀ 1950 ਵਿਚ ਇਕ ਕਰੋੜ ਦੇ ਬਰਾਬਰ ਸੀ। ਵਿਕਸਤ ਦੇਸ਼ਾਂ ਵਿਚ ਮੰਤਰੀ ਆਪਣੀ ਕਾਰ ਆਪ ਚਲਾਉਂਦੇ ਹਨ ਕਿਉਂ ਜੋ ਇਕ ਨੌਕਰ ਜਾਂ ਡਰਾਈਵਰ ਜਾਂ ਫੈਕਟਰੀ ਦੇ ਮੈਨੇਜਰ ਦੀ ਵੀ ਓਨੀ ਹੀ ਤਨਖ਼ਾਹ ਹੈ ਜਿੰਨੀ ਮੰਤਰੀ ਦੀ ਹੈ। ਵਸੋਂ ਦੇ ਬੋਝ ਸਬੰਧੀ ਗੰਭੀਰਤਾ ਨਾਲ ਨੀਤੀ ਬਣਾਉਣ ਦੀ ਵੱਡੀ ਲੋੜ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਫਰੀਦਕੋਟ ਦੇ ਪੰਜਾਬ ਮੂਲ ਦੇ ਡਾਕਟਰ ਬਿਮਲਜੀਤ ਸਿੰਘ ਸੰਧੂ ਨੂੰ ਅਮਰੀਕਾ 'ਚ ਮਿਲੀ ਵੱਡੀ ਜ਼ਿੰਮੇਵਾਰੀ



ਰਿਚਮੰਡ (ਅਮਰੀਕਾ) : ਵਰਜੀਨੀਆ ਦੇ ਗਵਰਨਰ ਗਲੇਨ ਯੰਗਕਿਨ ਨੇ ਭਾਰਤੀ-ਅਮਰੀਕੀ ਡਾਕਟਰ ਬਿਮਲਜੀਤ ਸਿੰਘ ਸੰਧੂ ਨੂੰ ਸਿਹਤ ਖੇਤਰ ਵਿੱਚ ਮਹੱਤਵਪੂਰਨ ਪ੍ਰਸ਼ਾਸਨਿਕ ਅਹੁਦੇ ਲਈ ਨਿਯੁਕਤ ਕੀਤਾ ਹੈ। ਸ੍ਰੀ ਸੰਧੂ ਨੇ 'ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਟੀ' ਦੇ ਬੋਰਡ ਮੈਂਬਰ ਵਜੋਂ ਸਹੁੰ ਚੁੱਕੀ। ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਟੀ ਸਿਹਤ ਪ੍ਰਣਾਲੀ, ਮੈਡੀਕਲ ਸਕੂਲ, ਨਰਸਿੰਗ ਸਕੂਲ ਅਤੇ ਫਾਰਮੇਸੀ ਸਕੂਲ ਦੇ ਸਮੁੱਚੇ ਸੰਚਾਲਨ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ। ਫਰੀਦਕੋਟ ਜ਼ਿਲ੍ਹੇ ਦੇ ਵਾਸੀ ਸ੍ਰੀ ਸੰਧੂ ਸਾਲ 2004 ਵਿੱਚ ਅਮਰੀਕਾ ਆ ਗਏ ਸਨ।

# ਭਾਰਤੀ ਮੂਲ ਦੀ ਉਦਮੀ ਅੰਜਲੀ ਸੂਦ ਟੂਬੀ ਦੀ ਨਵੀਂ CEO ਨਿਯੁਕਤ



ਨਿਊਯਾਰਕ : ਭਾਰਤੀ ਮੂਲ ਦੀ ਉੱਦਮੀ ਅੰਜਲੀ ਸੂਦ 'ਟੂਬੀ' ਦੀ ਨਵੀਂ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਹੋਵੇਗੀ। ਉਹ ਇਸ ਅਹੁਦੇ 'ਤੇ ਕੰਪਨੀ ਦੇ ਸੰਸਥਾਪਕ ਅਤੇ ਮੌਜੂਦਾ ਸੀ.ਈ.ਓ. ਫਰਹਾਦ ਮਸੂਦੀ ਦੀ ਜਗ੍ਹਾ ਲਵੇਗੀ। ਟੂਬੀ 'ਫਾਕਸ ਕਾਰਪੋਰੇਸ਼ਨ' ਦੀ ਸਟਰੀਮਿੰਗ ਟੈਲੀਵਿਜ਼ਨ ਸੇਵਾ ਹੈ, ਜਿਸ 'ਤੇ ਉਪਲੱਬਧ ਸਮੱਗਰੀ ਨੂੰ ਲੋਕ ਮੁਫ਼ਤ ਦੇਖ ਸਕਦੇ ਹਨ ਪਰ ਇਸ 'ਤੇ ਵਿਗਿਆਪਨ ਆਉਂਦੇ ਹਨ। ਕੰਪਨੀ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਸੂਦ 1 ਸਤੰਬਰ ਨੂੰ ਅਹੁਦਾ ਸੰਭਾਲੇਗੀ। 'ਟੂਬੀ ਮੀਡੀਆ ਗਰੁੱਪ' ਦੇ ਸੀ.ਈ.ਓ. ਪੌਲ ਚੀਸਬਰੋ ਨੇ ਕਿਹਾ ਕਿ ਅੰਜਲੀ ਟੈਕਨਾਲੋਜੀ ਅਤੇ ਮੀਡੀਆ ਉਦਯੋਗ ਦੀ ਇਕ ਬੇਹੱਦ ਨਿਪੁੰਨ ਮੈਂਬਰ ਹੈ। ਉਨ੍ਹਾਂ ਕਿਹਾ ਕਿ ਉਹ ਕੰਮ ਪ੍ਰਤੀ ਬੇਹੱਦ ਜੁਨੂੰਨੀ ਹੈ ਅਤੇ ਉਨ੍ਹਾਂ ਦਾ ਕੁਸ਼ਲ ਲੀਡਰਸ਼ਿਪ ਦਾ ਰਿਕਾਰਡ ਰਿਹਾ ਹੈ।' ਉਥੇ ਹੀ ਸੂਦ ਨੇ ਆਪਣੀ ਨਿਯੁਕਤੀ ਦੀ ਜਾਣਕਾਰੀ ਦਿੰਦੇ ਹੋਏ ਟਵੀਟ ਕੀਤਾ, 'ਮੈਂ ਦਰਸ਼ਕਾਂ ਨੂੰ ਮਜ਼ਬੂਤ ਬਣਾਉਣ ਲਈ ਆਪਣੇ ਨਵੇਂ ਸਫ਼ਰ ਦੀ ਸ਼ੁਰੂਆਤ ਨੂੰ ਲੈ ਕੇ ਉਤਸ਼ਾਹਿਤ ਹਾਂ...ਟੂਬੀ ਟੀਮ ਵਿਚ ਮੈਂ ਤੁਹਾਡੇ ਨਾਲ ਜੁੜਨ ਅਤੇ ਮਨੋਰੰਜਨ ਦੀ ਦੁਨੀਆ ਦੇ ਭਵਿੱਖ ਨੂੰ ਆਕਾਰ ਦੇਣ ਲਈ ਉਤਸ਼ਾਹਿਤ ਹਾਂ।'

# ਵਿਸ਼ਵ ਗੱਤਕਾ ਫੈਡਰੇਸ਼ਨ ਦਾ ਟੀਚਾ ਗੱਤਕੇ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ : ਹਰਜੀਤ ਗਰੇਵਾਲ

## *ਗੱਤਕੇ ਦੀ ਪ੍ਰਫੁੱਲਤਾ ਲਈ ਹਰਜੀਤ ਗਰੇਵਾਲ ਤੇ ਦੀਪ ਸਿੰਘ ਦਾ ਅਮਰੀਕਾ 'ਚ ਸਨਮਾਨ*



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਗੱਤਕੇ ਨੂੰ ਭਾਰਤ ਦੀਆਂ ਵੱਕਾਰੀ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕਰਾਉਣ ਪਿੱਛੋਂ ਹੁਣ ਅਗਲਾ ਟੀਚਾ ਪੜਾਅਵਾਰ ਏਸ਼ੀਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ ਹੈ। ਇਸ ਤੋਂ ਇਲਾਵਾ ਗੱਤਕਾ ਆਫੀਸ਼ੀਅਲਾਂ ਨੂੰ ਢੁੱਕਵੀਂ ਸਿਖਲਾਈ ਦੇਣ ਤੇ ਵਿਗਿਆਨਿਕ ਖੋਜਾਂ ਲਈ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ ਦੀ ਇੱਕ ਬਿਹਤਰੀਨ ਗੱਤਕਾ ਟਰੇਨਿੰਗ ਤੇ ਰਿਸਰਚ ਅਕੈਡਮੀ ਸਥਾਪਤ ਕਰਨ ਦੀ ਯੋਜਨਾ ਵੀ ਹੈ। ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਆਪਣੇ ਵਿਸ਼ਵ ਦੌਰੇ ਦੌਰਾਨ ਅਮਰੀਕਾ ਪੁੱਜੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਇਹ ਐਲਾਨ ਗੁਰਦਵਾਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਪਲੇਨਫੀਲਡ, ਇੰਡਿਆਨਾ ਵਿਖੇ ਇੱਕ ਮੀਟਿੰਗ ਦੌਰਾਨ ਕੀਤਾ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਅਤੇ ਭਾਈ ਮੁਖਤਿਆਰ ਸਿੰਘ ਮੁਖੀ ਟੋਡਰਵਾਲ , ਬਾਬਾ ਮਨਮੋਹਨ ਸਿੰਘ ਬਾਰਨ, ਪਟਿਆਲਾ, ਸ. ਅਮਰਦੀਪ ਸਿੰਘ, ਚੇਅਰਮੈਨ ਗੁਰਦੁਆਰਾ ਸ਼੍ਰੀ ਹਰਗੋਬਿੰਦ ਸਾਹਿਬ, ਗ੍ਰੀਨਵੁੱਡ, ਇੰਡੀਆਨਾ, ਯੂਐਸਏ ਅਤੇ ਸ. ਸਿਮਰਨਜੀਤ ਸਿੰਘ ਵੀ ਹਾਜਰ ਸਨ। ਇਸ ਮੌਕੇ ਉਕਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੂੰ ਗੱਤਕੇ ਨੂੰ ਕੌਮੀ ਪੱਧਰ ਉੱਤੇ ਮਾਨਤਾ ਦਿਵਾਉਣ ਅਤੇ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਸਨਮਾਨਿਤ ਵੀ ਕੀਤਾ ਗਿਆ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਮਈ ਮਹੀਨੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਉੱਦਮ ਸਦਕਾ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਗੱਤਕੇ ਨੂੰ ਬਤੌਰ ਖੇਡ ਵਜੋਂ ਮਾਨਤਾ ਦਿੰਦਿਆਂ 37ਵੀਆਂ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਗੱਤਕਾ ਖੇਡ ਨੂੰ ਖੇਲੋ ਇੰਡੀਆ ਯੁਵਾ ਖੇਡਾਂ, ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡਾਂ ਵਿੱਚ ਵੀ ਸ਼ਾਮਿਲ ਕਰਵਾਇਆ ਜਾ ਚੁੱਕਾ ਹੈ।

ਗੱਤਕਾ ਪ੍ਰਮੋਟਰ ਸ. ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਗੱਤਕੇ ਨੂੰ ਪੰਜਾਬ ਸਪੋਰਟਸ ਗ੍ਰੇਡੇਸ਼ਨ ਸੂਚੀ ਵਿੱਚ ਸ਼ਾਮਿਲ ਕਰਾਉਣ ਸਦਕਾ ਗੱਤਕਾ ਖਿਡਾਰੀ ਵੀ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋਣ ਸਮੇਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਦਾਖਲੇ ਵੇਲੇ 3 ਫ਼ੀਸਦ ਖੇਡ ਕੋਟੇ ਦੇ ਤਹਿਤ ਲਾਭ ਲੈਣ ਦੇ ਯੋਗ ਹੋਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਦੀ ਜਾਣਕਾਰੀ ਹਿੱਤ ਸਕੂਲੀ ਸਿਲੇਬਸ ਦੀ ਪੰਜਵੀਂ ਤੇ ਦਸਵੀਂ ਜਮਾਤ ਦੀ ਪਾਠ ਪੁਸਤਕ ਵਿੱਚ ਗੱਤਕੇ ਬਾਰੇ ਇੱਕ ਪਾਠ (ਲੈਸਨ) ਸ਼ਾਮਲ ਕਰਵਾਇਆ ਹੈ।

ਉਨ੍ਹਾਂ ਦੱਸਿਆ ਕਿ ਇਸ ਦੌਰੇ ਦੌਰਾਨ ਵੱਖ-ਵੱਖ ਮੁਲਕਾਂ ਅਤੇ ਸਟੇਟਾਂ ਵਿੱਚ ਗੱਤਕਾ ਅਖਾੜਿਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਤਾਂ ਜੋ ਗੱਤਕੇ ਦਾ ਕੌਮਾਂਤਰੀ ਪੱਧਰ ਉੱਤੇ ਢੁੱਕਵਾਂ ਪ੍ਰਚਾਰ ਅਤੇ ਪਸਾਰ ਕਰਦੇ ਹੋਏ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਸਕੇ ਅਤੇ ਗੱਤਕਾ ਖੇਡ ਨੂੰ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਸ਼ਾਮਿਲ ਕਰਵਾਇਆ ਜਾ ਸਕੇ।

ਇਸ ਮੌਕੇ ਗੱਲਬਾਤ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਗੱਤਕਾ ਫੈਡਰੇਸ਼ਨ ਯੂਐਸਏ ਵੱਲੋਂ ਅਮਰੀਕਾ ਦੇ ਸਾਰੇ ਰਾਜਾਂ ਵਿੱਚ ਰਾਜ ਪੱਧਰੀ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਅਮਰੀਕਾ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਨ ਕਮੇਟੀਆਂ ਨਾਲ ਜੁੜ ਕੇ ਨਵੇਂ ਉੱਥੇ ਨਵੇਂ ਗੱਤਕਾ ਸਿਖਲਾਈ ਕੇਂਦਰ/ ਅਖਾੜੇ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸਮੂਹ ਹਾਜ਼ਰੀਨ ਨੇ ਗੱਤਕਾ ਫੈਡਰੇਸ਼ਨ ਅਮਰੀਕਾ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals


ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ ਦੇ ਸ਼ਹਿਰ ਫਾਰਗੋ ਵਿਚ ਪੁਲਿਸ 'ਤੇ ਚਲਾਈਆਂ ਗੋਲੀਆਂ, 1 ਪੁਲਿਸ ਅਫਸਰ ਦੀ ਮੌਤ 2 ਗੰਭੀਰ ਜਖਮੀ




ਫਾਰਗੋ ਸ਼ਹਿਰ ਵਿਚ ਗੋਲੀਬਾਰੀ ਉਪਰੰਤ ਮੌਕੇ ਉਪਰ ਪੁੱਜੀ ਪੁਲਿਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ ਸ਼ਹਿਰ ਫਾਰਗੋ ਵਿਚ ਪੁਲਿਸ ਉਪਰ ਅਚਨਚੇਤ ਕੀਤੀ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਦੀ ਮੌਤ ਹੋਣ ਤੇ 2 ਹੋਰ ਪੁਲਿਸ ਅਫਸਰਾਂ ਦੇ ਗੰਭੀਰ ਹਾਲਤ ਵਿਚ ਜ਼ਖਮੀ ਹੋਣ ਦੀ ਖਬਰ ਹੈ। ਇਕ ਆਮ ਨਾਗਰਿਕ ਵੀ ਗੋਲੀਬਾਰੀ ਦੀ ਲਪੇਟ ਵਿਚ ਆ ਕੇ ਜ਼ਖਮੀ ਹੋ ਗਿਆ। ਪੁਲਿਸ ਵੱਲੋਂ ਕੀਤੀ ਜਵਾਬੀ ਕਾਰਵਾਈ ਵਿਚ ਹਮਲਾਵਰ ਜ਼ਖਮੀ ਹੋ ਗਿਆ ਜੋ ਬਾਅਦ ਵਿਚ ਹਸਪਤਾਲ ਵਿੱਚ ਦਮ ਤੋੜ ਗਿਆ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਮ੍ਰਿਤਕ ਪੁਲਿਸ ਅਫਸਰ ਦੀ ਪਛਾਣ ਜੇਕ ਵਾਲਿਨ (23) ਵਜੋਂ ਹੋਈ ਹੈ । ਜ਼ਖਮੀ ਪੁਲਿਸ ਅਫਸਰਾਂ ਵਿਚ ਐਂਡਰੀਊ ਡੋਟਸ ਤੇ ਟਾਇਲ ਹੇਵਸ ਸ਼ਾਮਿਲ ਹਨ। ਇਨਾਂ ਦੋਨਾਂ ਦੇ ਗੋਲੀਆਂ ਵੱਜੀਆਂ ਹਨ ਤੇ ਇਕ ਸਿਹਤ ਕੇਂਦਰ ਵਿਚ ਇਲਾਜ਼ ਅਧੀਨ ਹਨ ਜਿਥੇ ਇਨਾਂ ਦੀ ਹਾਲਤ ਗੰਭੀਰ ਪਰ ਸਥਿੱਰ ਦੱਸੀ ਜਾਂਦੀ ਹੈ। ਸ਼ੱਕੀ ਹਮਲਾਵਰ ਦੀ ਪਛਾਣ ਮੋਹੰਮਦ ਬਰਕਤ (37) ਵਜੋਂ ਹੋਈ ਹੈ। ਪ੍ਰੈਸ ਬਿਆਨ ਅਨੁਸਾਰ ਗੋਲੀਬਾਰੀ ਦੌਰਾਨ ਜ਼ਖਮੀ ਹੋਇਆ ਆਮ ਨਾਗਰਿਕ ਇਕ 25 ਸਾਲਾ ਔਰਤ ਹੈ ਜਿਸ ਨੂੰ ਗੰਭੀਰ ਜ਼ਖਮਾਂ ਨਾਲ ਸਿਹਤ ਕੇਂਦਰ ਵਿਚ ਦਾਖਲ ਕਰਵਾਇਆ ਗਿਆ ਹੈ। ਗੋਲੀਬਾਰੀ ਫਾਰਗੋ ਦੇ ਦੱਖਣ ਵਿਚ 9 ਵੀਂ ਐਵਨਿਊ ਤੇ 25 ਵੀਂ ਸਟਰੀਟ ਨੇੜੇ ਹੋਈ। ਪੁਲਿਸ ਮੁੱਖੀ ਡੇਵ ਜ਼ਿਬੋਲਸਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੋਲੀਬਾਰੀ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ। ਉਨਾਂ ਕਿਹਾ ਕਿ ਗੋਲੀਬਾਰੀ ਉਸ ਵੇਲੇ ਹੋਈ ਜਦੋਂ ਪੁਲਿਸ ਅਫਸਰ ਇਕ ਹਾਦਸੇ ਦੀ ਜਾਂਚ ਕਰ ਰਹੇ ਸਨ। ਉਨਾਂ ਕਿਹਾ ਕਿ ਅਜਿਹਾ ਨਹੀਂ ਲੱਗਦਾ ਕਿ ਬਰਕਤ ਦਾ ਵਾਹਣ ਵੀ ਇਸ ਹਾਦਸੇ ਵਿਚ ਸ਼ਾਮਿਲ ਸੀ ਪਰੰਤੂ ਅਜੇ ਇਹ ਜਾਂਚ ਦਾ ਵਿਸ਼ਾ ਹੈ। ਪੁਲਿਸ ਮੁੱਖੀ ਨੇ ਕਿਹਾ ਕਿ ਸ਼ੱਕੀ ਹਮਲਾਵਰ ਨੇ ਹਾਦਸੇ ਵਾਲੇ ਸਥਾਨ 'ਤੇ ਸਹਾਇਤਾ ਲਈ ਪਹੁੰਚੇ ਅੱਗ ਬੁਝਾਊ ਵਿਭਾਗ ਦੇ ਅਮਲੇ ਉਪਰ ਵੀ ਗੋਲੀਆਂ ਚਲਾਈਆਂ ਪਰੰਤੂ ਉਹ ਵਾਲ ਵਾਲ ਬਚ ਗਏ।

# ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਹੋਈ ਭਾਰੀ ਬਾਰਿਸ਼ ਕਾਰਨ ਆਇਆ ਹੜ੍ਹ

## 5 ਮੌਤਾਂ 2 ਬੱਚੇ ਲਾਪਤਾ * ਕਾਰਾਂ ਡੁੱਬੀਆਂ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੁਝ ਘੰਟੇ ਹੋਈ ਬਾਰਿਸ਼ ਦਾ ਪਾਣੀ ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਲੋਕਾਂ ਲਈ ਆਫਤ ਬਣ ਗਿਆ। ਦੋ ਘੰਟੇ ਮੀਂਹ 'ਵਾਟਰਫਾਲ' ਦੀ ਤਰਾਂ ਪਿਆ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਤੇ ਪਾਣੀ ਦਰਜਨਾਂ ਕਾਰਾਂ ਤੇ ਲੋਕਾਂ ਨੂੰ ਆਪਣੇ ਨਾਲ ਵਹਾਅ ਕੇ ਲੈ ਗਿਆ। ਬਾਰਿਸ਼ ਕਾਰਨ ਆਏ ਹੜ ਦੇ ਪਾਣੀ ਵਿਚ ਡੁੱਬਣ ਨਾਲ 5 ਵਿਅਕਤੀਆਂ ਦੀ ਮੌਤ ਹੋਣ ਤੇ 2 ਬੱਚਿਆਂ ਦੇ ਲਾਪਤਾ ਹੋਣ ਦੀ ਖਬਰ ਹੈ। ਹੜ ਦੇ ਪਾਣੀ ਵਿਚ ਤੇਜੀ ਨਾਲ ਵਾਧਾ ਹੋਣ ਕਾਰਨ ਲੋਕਾਂ ਨੂੰ ਆਪਣੇ ਆਪ ਨੂੰ ਬਚਾਉਣ ਦਾ ਮੌਕਾ ਹੀ ਨਹੀਂ ਮਿਲਿਆ। ਬਕਸ ਕਾਊਂਟੀ ਕੋਰੋਨਰ ਮੈਰੇਡਿਥ ਬਕ ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਉਨਾਂ ਕਿਹਾ ਕਿ 3 ਲਾਸ਼ਾਂ ਹੜ ਦੇ ਪਾਣੀ ਵਿਚ ਫੱਸੇ ਵਾਹਣ ਦੇ ਬਾਹਰੋਂ ਮਿਲੀਆਂ ਹਨ। ਇਨਾਂ ਵਿਚੋਂ ਦੋ ਲਾਸ਼ਾਂ ਇਕੋ ਥਾਂ ਤੋਂ ਮਿਲੀਆਂ ਹਨ ਜਦ ਕਿ ਤੀਸਰੀ ਲਾਸ਼ ਵੱਖਰੀ ਜਗਾ ਤੋਂ ਮਿਲੀ ਹੈ। ਅਧਿਕਾਰੀ ਵਾਹਣ ਦੇ ਮਾਲਕ ਦੀ ਭਾਲ ਕਰ ਰਹੇ ਹਨ। ਉਨਾਂ ਕਿਹਾ ਕਿ ਬਹੁਤ ਸਾਰੇ ਡਰਾਈਵਰ ਆਪਣੇ ਵਾਹਣ ਪਾਣੀ ਵਿਚ ਹੀ ਛੱਡ ਕੇ ਚਲੇ ਗਏ ਤੇ ਕੁਝ ਥਾਵਾਂ 'ਤੇ ਪਾਣੀ 5 ਫੁੱਟ ਤੋਂ ਵਧ ਗਿਆ । ਬਕਸ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ ਬਚਾਅ ਤੇ ਰਾਹਤ ਕਾਮੇ ਲਾਪਤਾ 9 ਸਾਲਾ ਲੜਕੇ ਤੇ ਉਸ ਦੀ 2 ਸਾਲਾ ਭੈਣ ਦੀ ਭਾਲ ਕਰ ਰਹੇ ਹਨ ਜਦ ਕਿ ਉਨਾਂ ਦੀ ਮਾਂ ਦੀ ਹੜ ਦੇ ਪਾਣੀ ਦੀ ਮਾਰ ਹੇਠ ਆ ਕੇ ਮੌਤ ਹੋ ਚੁੱਕੀ ਹੈ। ਇਕ ਹੋਰ ਔਰਤ ਦੇ ਵੀ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਬਕਸ ਕਾਊਂਟੀ ਫਾਇਰ ਚੀਫ ਟਿਮ ਬਰੀਵਰ ਨੇ ਕਿਹਾ ਹੈ ਕਿ ਉਹ ਲਾਪਤਾ ਬੱਚਿਆਂ ਨੂੰ ਲੱਭਣ ਦੀਆਂ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ।

# ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 1984 ਸਿੱਖ ਨਸਲਕੁਸ਼ੀ ਦੇ ਮਤੇ ਨੂੰ ਦਿੱਤੀ ਮਾਨਤਾ

## ਵਿਧਾਨ ਸਭਾ ਮੈਂਬਰ ਜਸਮੀਤ ਕੌਰ ਬੈਂਸ ਵੱਲੋਂ ਸਿੱਖ ਨਸਲਕੁਸ਼ੀ ਨਾਲ ਸਬੰਧਤ ਮਤਾ ਕੀਤਾ ਗਿਆ ਸੀ ਪੇਸ਼



ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਭਾਰਤ ਵਿੱਚ ਹੋਈ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ "ਨਸਲਕੁਸ਼ੀ" ਵਜੋਂ ਮਾਨਤਾ ਦੇ ਦਿਤੀ ਹੈ। ਅਸੈਂਬਲੀ ਅਤੇ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸਾਂਝੇ ਤੌਰ 'ਤੇ ਭਾਰਤ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਘੋਸ਼ਿਤ ਕਰ ਦਿਤਾ ਹੈ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਦੇ ਸਹਿਕਾਰ: ਅਸੈਂਬਲੀ ਮੈਂਬਰ ਐਡਿਸ, ਐਗੁਆਰਕਰੀ, ਅਲਾਨਿਸ, ਅਲਵਾਰੇਜ਼, ਅਰਾਮਬੁਲਾ, ਬੇਨੇਟ, ਬਰਮਨ, ਬੋਅਰਨਰ ਹੌਰਵਥ, ਬੋਂਟਾ, ਕੈਲਡਰੋਨ, ਜੁਆਨ ਕੈਰੀਲੋ, ਵੈਂਡੀ ਕੈਰੀਲੋ, ਸਰਵੈਂਟਸ, ਕੋਨੋਲੀ, ਮੇਗਨ ਡਾਹਲੇ, ਡਿਕਸਨ, ਫਲੋਰਾ, ਮਾਈਕ ਫੋਂਗ, ਵਿੰਸ ਫੋਂਗ, ਫਰੀਡਮੈਨ, ਗੈਬਰੀਅਲ, ਗੈਲਾਘਰ, ਗਾਰਸੀਆ, ਗਿਪਸਨ, ਗ੍ਰੇਸਨ, ਹੈਨੀ, ਹਾਰਟ, ਹੋਲਡਨ, ਹੂਵਰ, ਇਰਵਿਨ, ਜੈਕਸਨ, ਜੋਨਸ-ਸਵਾਇਰ, ਕਾਲਰਾ, ਲੈਕੀ, ਲੋਅ, ਲੋਵੇਂਥਲ, ਮਾਈਨਸਚਿਨ, ਮੈਥਿਸ, ਮੈਕਕਾਰਟੀ, ਮੁਰਾਤਸੁਚੀ ਸਟੈਫਨੀ ਨਗੁਏਨ, ਓਰਟੇਗਾ, ਪਾਚੇਕੋ, ਪਾਪਨ, ਜੋ ਪੈਟਰਸਨ, ਪੇਲੇਰਿਨ, ਰਾਮੋਸ, ਰੈਂਡਨ, ਰੇਅਸ, ਲੂਜ਼ ਰਿਵਾਸ, ਰਾਬਰਟ ਰਿਵਾਸ, ਰੌਡਰਿਗਜ਼, ਬਲੈਂਕਾ ਰੁਬੀਓ, ਸੈਂਟੀਆਗੋ, ਸ਼ਿਆਵੋ, ਸੋਰੀਆ, ਤਾ, ਟਿੰਗ, ਵਿਲਾਪੁਡੁਆ, ਵਾਲਡਰੋਨ, ਵਾਲਿਸ, ਵਾਰਡ, ਵੇਬਰ, ਵਿਕਸ, ਵੁੱਡ ਅਤੇ ਜ਼ੂਰ ਮੌਜੂਦ ਸਨ। ਅਸੈਂਬਲੀ ਸੰਯੁਕਤ ਮਤਾ 2 ਵਿਚ ਡਾ. ਜਸਮੀਤ ਕੌਰ ਬੈਂਸ ਵਲੋਂ ਮਤਾ ਸੋਧਿਆ ਗਿਆ ਜਿਸ ਵਿਚ ਲਿਖਿਆ ਗਿਆ ਸੀ ਕਿ, ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ।

ਮਤੇ ਦਾ ਸਿਰਲੇਖ ਸਿੱਖ ਨਸਲਕੁਸ਼ੀ ਅਧਾਰਿਤ ਸੀ ਜਿਸ ਵਿਚ ਲਿਖਿਆ ਗਿਆ ਕਿ ਸਿੱਖ ਭਾਈਚਾਰਾ, ਜੋ ਕਿ ਪੰਜਾਬ ਵਿੱਚ ਪੈਦਾ ਹੋਇਆ ਹੈ, ਜੋ ਕਿ ਹੁਣ ਪਾਕਿਸਤਾਨ ਅਤੇ ਭਾਰਤ ਵਿੱਚ ਦੱਖਣੀ ਏਸ਼ੀਆ ਦਾ ਇੱਕ ਖੇਤਰ ਹੈ, ਨੇ 100 ਤੋਂ ਵੱਧ ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ ਜਿਸ ਨੇ ਸੰਯੁਕਤ ਰਾਜ ਵਿੱਚ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਭਾਈਚਾਰਿਆਂ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਿੱਖ ਧਰਮ ਨਾਲ ਸਬੰਧਤ ਲਗਭਗ ਤੀਹ ਮਿਲੀਅਨ (30,000,000) ਲੋਕਾਂ ਦੇ ਨਾਲ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਵਿੱਚ ਸੰਯੁਕਤ ਰਾਜ ਵਿੱਚ ਲਗਭਗ (500,000 )ਪੰਜ ਸੌ ਹਜ਼ਾਰ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਅੱਧੇ ਕੈਲੀਫੋਰਨੀਆ ਨੂੰ ਆਪਣਾ ਘਰ ਕਹਿੰਦੇ ਹਨ। ਨਵੰਬਰ 1984 ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਦੇ ਨਾਲ ਕੇਂਦਰ ਸ਼ਾਸਤ ਪ੍ਰਦੇਸ਼; ਝਾਰਖੰਡ, ਮੱਧ ਪ੍ਰਦੇਸ਼, ਹਰਿਆਣਾ, ਉੱਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੜੀਸਾ, ਛੱਤੀਸਗੜ੍ਹ , ਤ੍ਰਿਪੁਰਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਜੰਮੂ ਅਤੇ ਕਸ਼ਮੀਰ ਦੇ ਰਾਜਾਂ ਵਿੱਚ ਸਿੱਖਾਂ ਵਿਰੁੱਧ ਯੋਜਨਾਬੱਧ ਅਤੇ ਸੰਚਾਲਿਤ ਨਸਲਕੁਸ਼ੀ ਹਿੰਸਾ ਕੀਤੀ ਗਈ ਸੀ।

ਨਵੰਬਰ 1984 ਵਿਚ ਤਿੰਨ ਦਿਨਾਂ ਵਿਚ 30,000 ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਨਵੀਂ ਦਿੱਲੀ ਦੀ 'ਵਿਧਵਾ ਕਾਲੋਨੀ' ਵਿੱਚ ਅਜੇ ਵੀ ਸਿੱਖ ਔਰਤਾਂ ਹਨ ਜਿਨ੍ਹਾਂ 'ਤੇ ਹਮਲਾ ਕੀਤਾ ਗਿਆ, ਬਲਾਤਕਾਰ ਕੀਤਾ ਗਿਆ, ਤਸੀਹੇ ਦਿੱਤੇ ਗਏ ਅਤੇ ਆਪਣੇ ਪਰਿਵਾਰਾਂ ਨੂੰ ਤੋੜਨ, ਸਾੜਨ ਅਤੇ ਕਤਲ ਕਰਨ ਲਈ ਮਜ਼ਬੂਰ ਕੀਤਾ ਗਿਆ, ਜੋ ਅਜੇ ਵੀ ਦੋਸ਼ੀਆਂ ਵਿਰੁੱਧ ਇਨਸਾਫ਼ ਦੀ ਮੰਗ ਕਰ ਰਹੀਆਂ ਹਨ। ਅਮਰੀਕਾ ਵਿੱਚ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਉੱਭਰਿਆ ਨਹੀਂ ਹੈ, ਕਿਉਂਕਿ ਉਹ ਮਾਰੇ ਗਏ ਲੋਕਾਂ ਦੀ ਯਾਦ ਨੂੰ ਜ਼ਿੰਦਾ ਰੱਖਦਾ ਹੈ, ਤੇ ਸਿੱਖ ਵਿਰੋਧੀ ਨਸਲਕੁਸ਼ੀ ਨੂੰ ਕਦੇ ਨਹੀਂ ਭੁੱਲੇਗਾ। 6 ਜਨਵਰੀ, 2022 ਨੂੰ, ਨਿਊਜਰਸੀ ਰਾਜ ਦੀ ਸੈਨੇਟ ਨੇ ਸਰਬਸੰਮਤੀ ਨਾਲ ਸੈਨੇਟ ਦਾ ਮਤਾ 142 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿਖੇਧੀ ਕੀਤਾ ਗਿਆ। 17 ਅਕਤੂਬਰ, 2018 ਨੂੰ, ਪੈਨਸਿਲਵੇਨੀਆ ਦੀ ਰਾਸ਼ਟਰਮੰਡਲ ਦੀ ਜਨਰਲ ਅਸੈਂਬਲੀ ਨੇ ਸਰਬਸੰਮਤੀ ਨਾਲ ਸਦਨ ਦਾ ਮਤਾ 1160 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਦੀ ਸਿੱਖ-ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ। ਕੈਲੀਫੋਰਨੀਆ ਰਾਜ ਦੀ ਅਸੈਂਬਲੀ ਅਤੇ ਸੈਨੇਟ ਦੁਆਰਾ ਸਾਂਝੇ ਤੌਰ 'ਤੇ ਸੰਕਲਪ ਕੀਤਾ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿੰਦਾ ਕਰਦੀ ਹੈ। ਇਸ ਦੇ ਨਾਲ ਸੰਕਲਪ ਲਿਆ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਸੰਯੁਕਤ ਰਾਜ ਦੀ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ। ਅਸੈਂਬਲੀ ਦਾ ਮੁੱਖ ਕਲਰਕ ਇਸ ਮਤੇ ਦੀਆਂ ਕਾਪੀਆਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ, ਸੰਯੁਕਤ ਰਾਜ ਦੇ ਪ੍ਰਤੀਨਿਧੀ ਸਦਨ ਦੇ ਸਪੀਕਰ ਅਤੇ ਘੱਟ ਗਿਣਤੀ ਨੇਤਾ, ਸੰਯੁਕਤ ਰਾਜ ਸੈਨੇਟ ਦੇ ਬਹੁਗਿਣਤੀ ਅਤੇ ਘੱਟ ਗਿਣਤੀ ਨੇਤਾ ਅਤੇ ਯੂਨਾਈਟਿਡ ਸਟੇਟਸ ਕਾਂਗਰਸ ਲਈ ਕੈਲੀਫੋਰਨੀਆ ਦੇ ਪ੍ਰਤੀਨਿਧੀ ਮੰਡਲ ਦਾ ਹਰੇਕ ਮੈਂਬਰ ਨੂੰ ਭੇਜਦਾ ਹੈ।

# ਸਿੱਖਸ ਆਫ਼ ਅਮੇਰਿਕਾ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਮੋਹਾਲੀ, ਬਿਆਸ, ਫਿਰੋਜ਼ਪੁਰ ਅਤੇ ਡੇਰਾਬੱਸੀ 'ਚ ਵੰਡਿਆ ਰਾਸ਼ਨ




ਵਾਸ਼ਿੰਗਟਨ : ਪੰਜਾਬ ਦੇ ਕਈ ਇਲਾਕੇ ਇਨੀਂ ਦਿਨੀਂ ਹੜ੍ਹਾਂ ਦੀ ਮਾਰ ਹੇਠ ਹਨ ਅਤੇ ਪੀੜਤ ਲੋਕਾਂ ਦੀ ਜ਼ਿੰਦਗੀ ਬਹੁਤ ਹੀ ਔਖੇ ਸਮੇਂ 'ਚੋਂ ਲੰਘ ਰਹੀ ਹੈ। ਇਸਦੇ ਚੱਲਦਿਆਂ ਹਮੇਸ਼ਾ ਦੀ ਤਰ੍ਹਾਂ ਸੇਵਾ ਦਾ ਝੰਡਾ ਬੁਲੰਦ ਕਰਨ ਵਾਲੀ ਸਮਾਜ ਸੇਵੀ ਅੰਤਰਰਾਸ਼ਟਰੀ ਸੰਸਥਾ ਸਿੱਖਸ ਆਫ ਅਮੈਰਿਕਾ ਨੇ ਪੰਜਾਬ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਸ਼ਨ ਵੰਡਣ ਦੀ ਸੇਵਾ ਕੀਤੀ। ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਪ੍ਰਧਾਨ ਕਮਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ, ਆਲ ਇੰਡੀਆ ਕੋਆਰਡੀਨੇਟਰ ਵਰਿੰਦਰ ਸਿੰਘ ਅਤੇ ਸਿੱਖਸ ਆਫ ਅਮੈਰਿਕਾ ਦੀ ਟੀਮ ਵਲੋਂ ਕੀਤੇ ਗਏ ਪ੍ਰਬੰਧਾਂ ਅਧੀਨ ਸਿੱਖਸ ਆਫ ਅਮੈਰਿਕਾ ਦੇ ਪੰਜਾਬ ਦੇ ਵਾਲੰਟੀਅਰਾਂ ਨੇ ਦਿਨ ਰਾਤ ਸੇਵਾ ਕਰ ਕੇ ਲੋੜਵੰਦਾਂ ਤੱਕ ਰਾਸ਼ਨ ਪਹੁੰਚਾਇਆ। ਇਸ ਮੌਕੇ ਜਸਪ੍ਰੀਤ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮੈਰਿਕਾ ਨੇ ਦੱਸਿਆ ਕਿ ਇਹੋ ਜਿਹੇ ਔਖੇ ਸਮੇਂ 'ਚ ਸਾਨੂੰ ਪੀੜਤ ਪਰਿਵਾਰਾਂ ਨਾਲ ਖੜਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਸਿੱਖਸ ਆਫ ਅਮੈਰਿਕਾ ਵਲੋਂ ਜਿੱਥੇ ਰਾਸ਼ਨ ਵੰਡਣ ਦੀ ਸੇਵਾ ਕੀਤੀ ਜਾ ਰਹੀ ਹੈ ਉੱਥੇ ਹੁਣ ਦਵਾਈਆਂ ਵੀ ਵੰਡੀਆਂ ਜਾਣਗੀਆਂ ਕਿਉਂਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਬਿਮਾਰੀਆਂ ਫੈਲਣ ਦਾ ਹਮੇਸ਼ਾ ਹੀ ਡਰ ਰਹਿੰਦਾ ਹੈ। ਸ੍ਰ. ਜੱਸੀ ਨੇ ਦੱਸਿਆ ਕਿ ਸਿੱਖਸ ਆਫ ਅਮੈਰਿਕਾ ਆਪਣੀ ਸਮਰੱਥਾ ਮੁਤਾਬਿਕ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸੰਸਾਰ ਭਰ ਵਿੱਚ ਦਰਦ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਘਟਨਾ ਦਾ ਦਰਦ ਸਾਰੇ ਸੰਸਾਰ ਵਿਚ ਮਹਿਸੂਸ ਕੀਤਾ ਗਿਆ। ਕੁਝ ਘੰਟੇ ਤਾਂ ਪਤਾ ਹੀ ਨਹੀਂ ਲੱਗਿਆ ਕਿ ਗੁਰਦੁਆਰਾ ਸਾਹਿਬ ਅੰਦਰ ਕੀ ਗੱਲ ਵਾਪਰੀ ਹੈ। 6 ਅਗਸਤ ਨੂੰ ਸਵੇਰੇ ਮੇਰੇ ਵੱਡੇ ਲੜਕੇ ਗੁਰਮੀਤ ਸਿੰਘ ਨੇ ਟੈਲੀਫੋਨ ਰਾਹੀਂ ਮੈਨੂੰ ਦੱਸਿਆ ਕਿ ਮੇਰਾ ਛੋਟਾ ਭਰਾ ਸਤਵੰਤ ਸਿੰਘ ਸ਼ਹੀਦ ਹੋ ਚੁੱਕਾ ਹੈ। ਪਤਾ ਨਹੀਂ ਕਿਸ ਕੋਲੋਂ ਸੀ.ਐੱਨ.ਐੱਨ. ਨੂੰ ਮੇਰਾ ਟੈਲੀਫੋਨ ਨੰਬਰ ਮਿਲਿਆ। ਸੀ.ਐੱਨ.ਐੱਨ. ਨੇ ਮੈਨੂੰ ਪੁੱਛਿਆ ਕਿ ਤੁਹਾਡੇ ਭਰਾ ਦੀ ਕੀ ਸਥਿਤੀ ਹੈ। ਮੈਂ ਉਹਨਾਂ ਨੂੰ ਦੱਸਿਆ ਕਿ ਉਹ ਸ਼ਹੀਦ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਮੀਡੀਆ ਵਿਚ ਤਾਂ ਕੋਈ ਅਜਿਹੀ ਖ਼ਬਰ ਨਹੀਂ ਹੈ। ਮੈਂ ਕਿਹਾ ਕਿ ਮੇਰੇ ਵੱਡੇ ਪੁੱਤਰ ਗੁਰਮੀਤ ਦਾ ਹੁਣੇ ਟੈਲੀਫੋਨ ਆਇਆ ਹੈ। ਗੁਰਦੁਆਰੇ ਦੀ ਬਿਲਡਿੰਗ ਖੁੱਲ੍ਹ ਗਈ ਹੈ ਸੀ.ਬੀ.ਆਈ ਅਤੇ ਹੋਰ ਪੁਲਿਸ ਅਧਿਕਾਰੀ ਉਧਰ ਜਾਂਚ ਕਰ ਰਹੀਆਂ ਹਨ। ਉਹਨਾਂ ਦਿਨਾਂ ਵਿਚ ਮੇਰੇ ਭਣੋਈਆ ਸੁਰਜੀਤ ਸਿੰਘ ਦੇ ਵੱਡੇ ਭਰਾ ਦਰਸ਼ਨ ਸਿੰਘ ਧਾਲੀਵਾਲ ਦੇ ਲੜਕੇ ਦਾ ਵਿਆਹ ਸੀ। ਪੰਜਾਬ ਦੀ ਅੱਧੀ ਕੈਬਨਿਟ ਜਹਾਜ਼ਾਂ ਵਿੱਚ ਸੀ। ਮੇਰੀਆਂ ਦੋਨੋਂ ਭੈਣਾਂ ਵੀ ਅਮਰੀਕਾ ਚੱਲੀਆਂ ਗਈਆਂ ਸਨ। ਮੈਂ ਅਮਰੀਕਾ ਜਾਣ-ਬੁਝ ਕੇ ਨਾ ਗਿਆ, ਕਿ ਭਾਰਤ ਵਿਚ ਵੱਸਦੇ ਸੈਂਕੜੇ ਹਜ਼ਾਰਾਂ ਲੋਕ ਕਿਸ ਕੋਲ ਅਫ਼ਸੋਸ ਕਰਨਗੇ। ਮੈਂ ਸ਼ਹੀਦਾਂ ਦੀ ਯਾਦ ਵਿੱਚ ਭਾਰਤ ਪ੍ਰੋਗਰਾਮ ਕਰਵਾਉਣ ਬਾਰੇ ਸੋਚ ਰਿਹਾ ਸੀ। 6 ਤਾਰੀਖ ਤੋਂ 15 ਤਾਰੀਖ ਦੀ ਰਾਤ ਤੱਕ ਮੇਰੇ ਕੋਲ 5-6 ਹਜ਼ਾਰ ਰਿਸ਼ਤੇਦਾਰ, ਦੋਸਤ, ਸ਼ੁਭਚਿੰਤਕ ਅਤੇ ਪੰਥ ਦੇ ਦਰਦਵਾਨ ਅਫ਼ਸੋਸ ਕਰਨ ਆਏ।

ਮੈਨੂੰ ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ ਵੀ ਕਾਫੀ ਸੰਗਤਾਂ ਦੇ ਟੈਲੀਫੋਨ ਆਏ, ਅਤੇ ਉਹਨਾਂ ਮੈਨੂੰ ਦੱਸਿਆ ਕਿ ਵਿਦੇਸ਼ਾਂ ਦੀ ਸੰਗਤ ਵੀ ਸ਼ਹੀਦਾਂ ਦੀ ਯਾਦ ਵਿੱਚ ਆਪਣੇ ਇਲਾਕੇ ਦੇ ਗੁਰਦੁਆਰਿਆਂ ਵਿੱਚ ਅਖੰਡ ਪਾਠ ਅਤੇ ਸਹਿਜ ਪਾਠ ਕਰਵਾ ਰਹੀਆਂ ਹਨ। ਉਹਨਾਂ ਨੇ ਮੇਰੇ ਤੋਂ ਸੰਗਤਾਂ ਲਈ ਸੁਨੇਹਾ ਪੁੱਛਿਆ। ਸਭ ਨੂੰ ਮੈਂ ਦੋ ਹੀ ਸੁਨੇਹੇ ਦਿੱਤੇ ਕਿ ਖਾਲਸੇ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਹੁਕਮ ਹੈ। ਦੂਜਾ ਸ਼ਹੀਦਾਂ ਦਾ ਅਫ਼ਸੋਸ ਨਹੀਂ ਕਰਨਾ। ਸ਼ਹੀਦਾਂ ਦੀ ਯਾਦ ਮਨਾਉਣੀ ਹੁੰਦੀ ਹੈ। ਮੇਰੇ ਅਨੁਸਾਰ ਸ਼ਹੀਦਾਂ ਦਾ ਅਫ਼ਸੋਸ ਕਰਨਾ, ਸ਼ਹੀਦਾਂ ਦਾ ਅਪਮਾਨ ਕਰਨਾ ਹੁੰਦਾ ਹੈ। ਇਸੇ ਲਈ ਸਾਡੇ ਘਰ ਜੋ ਵੀ ਲੋਕ, ਰਿਸ਼ਤੇਦਾਰ ਜਾਂ ਹੋਰ ਮਿੱਤਰ ਆਏ, ਮੈਂ ਕਿਸੇ ਨੂੰ ਰੋਣ ਨਹੀਂ ਦਿੱਤਾ। ਇਧਰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਮੇਰੇ ਭਣੋਈਏ ਸ. ਸੁਰਜੀਤ ਸਿੰਘ ਰੱਖੜਾ, ਜੋ ਉਸ ਵੇਲੇ ਪੰਜਾਬ ਕੈਬਨਿਟ ਮੰਤਰੀ ਸਨ ਅਤੇ ਕੈਬਨਿਟ ਦੇ ਹੋਰ ਮੈਂਬਰ ਅਤੇ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਵੀ ਅਮਰੀਕਾ ਗਏ ਹੋਏ ਸਨ। ਉਸ ਵੇਲੇ ਭਾਰਤ ਵਿਚ ਕਾਂਗਰਸ ਸਰਕਾਰ ਦਾ ਰਾਜ ਸੀ। ਸ੍ਰੀਮਤੀ ਸੋਨੀਆ ਗਾਂਧੀ ਨੇ ਵਿਸ਼ੇਸ਼ ਤੌਰ ਤੇ 14 ਅਗਸਤ 2012 ਨੂੰ ਮੈਨੂੰ ਅਫ਼ਸੋਸ ਪੱਤਰ ਭੇਜਿਆ। ਭਾਰਤ ਦੀ ਅਮਰੀਕਾ ਵਿਚ ਰਾਜਦੂਤ ਸ੍ਰੀਮਤੀ ਨਰੂਪਮਾ ਰਾਓ, ਸ. ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਮੰਤਰੀਆਂ ਸਮੇਤ ਸ. ਸਤਵੰਤ ਸਿੰਘ ਕਾਲੇਕਾ, ਸ੍ਰੀਮਤੀ ਪਰਮਜੀਤ ਕੌਰ, ਸ. ਸੁਬੇਗ ਸਿੰਘ ਖੱਟੜਾ ਦੇ ਘਰ ਜਾ ਕੇ ਪਰਿਵਾਰਾਂ ਨੂੰ ਮਿਲੇ ਅਤੇ ਢਾਰਸ ਦਿੱਤਾ। ਉਹ ਨਾਲ ਹੀ ਜਖ਼ਮੀਆਂ ਦਾ ਹਾਲ ਪੁੱਛਣ ਲਈ ਫਰੈਂਡਰਟ ਜਨਰਲ ਹਸਪਤਾਲ, ਮਿਲਵਾਕੀ ਗਏ। ਉਹ ਜਖ਼ਮੀ ਪੁਲਿਸ ਅਫ਼ਸਰ ਲਫਟੈਨ ਬ੍ਰਾਇਨ ਮਰਫੀ ਨੂੰ ਵੀ ਮਿਲੇ ਅਤੇ ਉਸ ਦੀ ਬਹਾਦਰੀ ਦੀ ਸਰਾਹਨਾ ਕੀਤੀ।




12 ਤਾਰੀਖ ਨੂੰ ਗੁਰਦੁਆਰਾ ਓਕ ਕਰੀਕ ਸਾਹਿਬ ਵਿਖੇ ਵੀ ਇਹ ਸ਼ਖਸੀਅਤਾਂ ਪਹੁੰਚੀਆਂ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ਼ਹੀਦਾਂ ਦੇ ਪਰਿਵਾਰਾਂ ਲਈ ਪੰਜ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਹਨਾਂ ਨੇ ਨਾਲ ਹੀ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦੇ ਬੱਚਿਆਂ ਨੂੰ ਮੈਡੀਕਲ, ਇੰਜੀਨੀਅਰਿੰਗ ਜਾਂ ਕੋਈ ਹੋਰ ਉੱਚ ਵਿੱਦਿਆ ਮੁਫ਼ਤ ਦੇਵੇਗੀ। ਉਹਨਾਂ ਨਾਲ ਹੀ ਕਿਹਾ ਕਿ ਜੋ ਪਰਿਵਾਰ ਸ਼ਹੀਦਾਂ ਦੀ ਦੇਹ ਨੂੰ ਭਾਰਤ ਲਿਜਾਉਣਾ ਚਾਹੁੰਦੇ ਹਨ, ਉਹਨਾਂ ਦਾ ਖ਼ਰਚਾ ਵੀ ਪੰਜਾਬ ਸਰਕਾਰ ਹੀ ਦੇਵੇਗੀ। ਇਸ ਮੌਕੇ ਤੇ ਬਾਦਲ ਸਾਹਿਬ ਨੇ ਭਾਰਤ ਦੀ ਰਾਜਦੂਤ ਸ੍ਰੀਮਤੀ ਨਰੂਪਮਾ ਰਾਓ ਨੂੰ ਬੇਨਤੀ ਕੀਤੀ ਕਿ ਅਮਰੀਕਾ ਵਿਚ ਸਿੱਖਾਂ ਦੀ ਸੁਰੱਖਿਆ ਦੇ ਹਾਲਤ ਅਨੁਕੂਲ ਬਣਾਏ ਜਾਣ। ਸ਼ਹੀਦਾਂ ਦੀ ਯਾਦ ਵਿਚ ਘਟਨਾ ਵਾਲੇ ਗੁਰਦੁਆਰੇ ਵਿਚ ਲਗਭਗ ਪੰਜ ਹਜ਼ਾਰ ਸੰਗਤ ਦਾ ਇਕੱਠ ਹੋਇਆ, ਜਿਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਦੇ ਪ੍ਰਤੀਨਿਧ ਵੀ ਆਏ ਅਤੇ ਹੋਰ ਧਰਮਾਂ ਨੂੰ ਮੰਨਣ ਵਾਲੀਆਂ ਸੰਗਤਾਂ ਵੀ ਸਮਾਗਮ ਵਿਚ ਸ਼ਾਮਲ ਹੋਈਆਂ। ਪੰਜ ਹਜ਼ਾਰ ਤੋਂ ਵੱਧ ਸੰਗਤ ਦੇ ਲੰਗਰ ਦਾ ਖ਼ਰਚਾ ਵੀ ਅਮਰੀਕਾ ਸਰਕਾਰ ਨੇ ਆਪਣੇ ਯੋਗਦਾਨ ਵਜੋਂ ਕੀਤਾ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ**

ਇਸ 'ਤੇ ਸ੍ਰ. ਗੁਰਬਖਸ਼ ਸਿੰਘ ਜੀ ਪਤਨੀ, ਸ੍ਰ. ਅਮ੍ਰੀਕ ਸਿੰਘ ਜੀ ਅਤੇ ਸ੍ਰ. ਗੁਰਬਚਨ ਸਿੰਘ ਜੀ ਨੇ ਤਰਮੀਮ ਪੇਸ਼ ਕੀਤੀ ਕਿ ਉਕਤ ਮੱਦ ਵਿਚੋਂ 'ਪਹਿਰ ਰਾਤ ਰਹਿੰਦੀ' ਵਾਲੇ ਲਫ਼ਜ਼ ਕਟ ਦਿੱਤੇ ਜਾਣ। ਇਸ ਤਰਮੀਮ ਦੀ ਵਿਰੋਧਤਾ ਹੋਈ। ਫਿਰ ਰਹੁ-ਰੀਤ ਸਬ-ਕਮੇਟੀ ਦੀ ਰਾਏ ਨੂੰ ਮੁੱਖ ਰੱਖਕੇ ਇਹ ਵਾਪਸ ਲੈ ਲਈ ਗਈ।

ਇਸ ਦੇ ਨਾਲ ਹੀ ਉਕਤ ਮੱਦ ਵਿਚ ਇਕ ਹੋਰ ਸ੍ਰ. ਗੁਰਬਖਸ਼ ਸਿੰਘ ਜੀ, ਭਾਈ ਅਮ੍ਰੀਕ ਸਿੰਘ ਜੀ ਅਤੇ ਸ੍ਰਦਾਰ ਸਿੰਘ ਜੀ 'ਚਮਕ' ਵਲੋਂ ਪੇਸ਼ ਹੋਈ ਕਿ 'ਨਾਮ ਜਪੇ' ਦੀ ਥਾਂ 'ਵਾਹਿਗੁਰੂ ਨਾਮ ਦਾ ਜਾਪ ਕਰੇ' ਕੀਤਾ ਜਾਏ। ਇਹ ਤਰਮੀਮ ਸਰਬ ਸੰਮਤੀ ਨਾਲ ਪਾਸ ਹੋ ਗਈ।

ਫਿਰ ਖਰੜੇ ਦਾ ਦੂਸਰਾ ਅੰਕ ਪੇਸ਼ ਕੀਤਾ ਗਿਆ ਅਰਥਾਤ : -

"ਨਿਤ ਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ :-ਜਪੁ, ਜਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ)। ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋਦਰ ਰਹਿਰਾਸ ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ, ਇਸ ਵਿਚ ਇਹ ਬਾਣੀਆਂ ਸ਼ਾਮਲ ਹਨ : ਆਦਿ"

ਇਥੇ ਗਿਆਨੀ ਰਤਨ ਸਿੰਘ ਜੀ, ਸ੍ਰ. ਨਿਰੰਜਨ ਸਿੰਘ ਜੀ ਮਹਿਰਾਜ, ਸ੍ਰ. ਸੁਰਮੁਖ ਸਿੰਘ ਜੀ 'ਚਮਕ', ਸ੍ਰ. ਅਮਰੀਕ ਸਿੰਘ ਜੀ ਆਦਿ ਸੱਜਣਾਂ ਨੇ ਪੇਸ਼ ਕੀਤਾ ਕਿ ਅੰਮ੍ਰਿਤ ਵੇਲੇ ਪੰਜ ਬਾਣੀਆਂ ਪੜ੍ਹਨੀਆਂ ਜ਼ਰੂਰੀ ਹਨ। ਤਿੰਨ ਬਾਣੀਆਂ ਜੋ ਖਰੜੇ ਵਿਚ ਦਿੱਤੀਆਂ ਹਨ ਅਤੇ ਚੌਥੀ 'ਚੌਪਈ' ('ਹਮਰੀ ਕਰਉ ਹਾਥ ਦੇ ਰਛਾ' ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ) ਅਤੇ ਪੰਜਵੀਂ ਅਨੰਦ ਸਾਹਿਬ ਸਾਰਾ ਚਾਲੀ ਪਉੜੀਆਂ।"

ਦੂਜੇ ਪਾਸੇ ਪ੍ਰੋ. ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ ਕਾਨ੍ਹ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ, ਸ੍ਰ. ਗੁਰਪਾਲ ਸਿੰਘ ਜੀ ਆਦਿ ਸੱਜਣਾਂ ਨੇ ਦੱਸਿਆ ਕਿ ਪੁਰਾਤਨ ਮਰਯਾਦਾ ਅਨੁਸਾਰ ਜੋ ਪੁਰਾਣੇ ਗੁਟਕਿਆਂ, ਪੰਜ ਗ੍ਰੰਥੀਆਂ, ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ ਵਿਚ ਦਰਜ ਹੈ। ਤਿੰਨ ਬਾਣੀਆਂ ਅੰਮ੍ਰਿਤ ਵੇਲੇ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਦਉਪਈ ਤੇ ਛੇ ਪਉੜੀਆਂ ਦਾ ਅਨੰਦ ਸਾਹਿਬ ਸੋਦਰੁ ਨਾਲ ਸ਼ਾਮ ਨੂੰ ਪੜ੍ਹੇ ਜਾਣੇ ਚਾਹੀਦੇ ਹਨ।

ਸ੍ਰ. ਨਰਿੰਦਰ ਸਿੰਘ ਜੀ ਕੰਦੋਲਾ ਨੇ 40 ਪਉੜੀਆਂ ਵਾਲੇ ਅਨੰਦ ਸਾਹਿਬ 'ਤੇ ਬਹੁਤ ਜ਼ੋਰ ਦਿੱਤਾ।


ਇਸ 'ਤੇ ਪ੍ਰਧਾਨ ਸਾਹਿਬ ਨੇ ਰਾਵਾਂ ਲਈਆਂ ਕਿ ਅਨੰਦ ਸਾਹਿਬ ਸਵੇਰੇ ਪੜ੍ਹਨਾ ਚਾਹੀਦਾਹੈ ਕਿ ਸ਼ਾਮ ਨੂੰ। 70 ਰਾਵਾਂ ਸਵੇਰੇ ਪੜ੍ਹਨਦੇ ਹੱਕ ਵਿਚ ਨਿਕਲੀਆਂ ਅਤੇ 30 ਸ਼ਾਮ ਨੂੰ ਪੜ੍ਹਨ ਦੇ ਹੱਕ ਵਿਚ ਨਿਕਲੀਆਂ। ਪ੍ਰਧਾਨ ਜੀ ਨੇ ਰੂਲਿੰਗ ਦਿੱਤੀ ਇਹ ਮਾਮਲਾ ਰਹੁ-ਰੀਤ ਸਬ-ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ।

ਇਸ ਮੁੱਦੇ 'ਤੇ ਬਹਿਸ ਉਪਰੰਤ ਇਹ ਭੀ ਪਾਸ ਹੋਇਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਏਗੀਜੋ 90 ਫੀਸਦੀ ਰਾਵਾ ਨਾਲ ਪਾਸ ਹੋਵੇ।

ਇਸ ਉਪਰੰਤ ਸ੍ਰ. ਸੁਰਮੁੱਖ ਸਿੰਘ ਜੀ ਚਮਕ ਦੀ ਤਜਵੀਜ਼ ਅਤੇ ਸ੍ਰ. ਰਛਪਾਲ ਸਿੰਘ ਜੀ ਦੀ ਦਰਦੀ ਦੀ ਤਾਈਦ ਅਤੇ ਬਹੁਸੰਮਤੀ ਨੂੰ ਮੁੱਖ ਰੱਖ ਕੇ ਤਕਰੀਬਨ ਪੌਣੇ ਚਾਰ ਵਜੇ ਪ੍ਰਧਾਨ ਸਾਹਿਬ ਨੇ ਸਮਾਗਮ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤੀ।

ਸਮਾਪਤੀ ਸਮੇਂ ਹੁਕਮਨਾਮਾ ਲਿਆ ਗਿਆ ਇਸ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ।

ਸੂਹੀ ਮਹਲਾ ਕਾਫੀ ਘਰੁ
੧ੴ ਸਤਿਗੁਰ ਪ੍ਰਸਾਦਿ




ਮਾਣਸ ਜਨਮੁ ਦੁਲੰਭੁ ਗੁਰਮਖਿ ਪਾਇਆ ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ (ਅੰਗ ੭੫੧)

ਇਸ ਇਕੱਤਰਤਾ ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਤਰਮੀਮਾਂ ਪੇਸ਼ ਹੋਈਆਂ। ਪਰ ਰਹੁ-ਰੀਤ ਕਮੇਟੀ ਦੀ ਰਾਏ 'ਤੇ ਇਕ ਤਰਮੀਮ ਵਾਪਸ ਲੈ ਲਈ ਗਈ ਅਤੇ ਦੂਸਰੀ ਪ੍ਰਵਾਨ ਕਰ ਲਈ ਗਈ। ਉਪਰੰਤ ਅਨੰਦ ਸਾਹਿਬ ਬਾਰੇ ਮੁੱਦੇ ਨੂੰ ਰਹੁ-ਰੀਤ ਸਬ-ਕਮੇਟੀ ਦੇ ਪ੍ਰਵਾਨ ਕਰ ਲਈ ਗਈ। ਉਪਰੰਤ ਅਨੰਦ ਸਾਹਿਬ ਬਾਰੇ ਮੁੱਦੇ ਨੂੰ ਰਹੁ-ਰੀਤ ਸਬ ਕਮੇਟੀ ਦੇ ਸਪੁਰਦ ਕੀਤਾ ਗਿਆ। (ਗੁਰਦੁਆਰਾ ਗਜ਼ਟ, ਜਨਵਰੀ ੧੯੩੪ 'ਤੇ ਆਧਾਰਤ)

ਸ੍ਰੀ ਅਕਾਲ ਤਖਤ ਸਾਹਿਬ 'ਤੇ ਚਲੀ ਇਸ ਦੋ ਦਿਨ ਦੀ ਇਕੱਤ੍ਰਤਾ ਦੀਆਂ ਕੁਝ ਵਿਸ਼ੇਸ਼ ਗੱਲਾਂ ਵਿਚਾਰਨ ਵਾਲੀਆਂ ਹਨ।

- ਇਹ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ ਦੇ ਪਾਵਨ ਸਥਾਨ 'ਤੇ ਹੋਈ।
- ਇਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਜਥੇਦਾਰ ਸਿੰਘ ਸਾਹਿਬ ਗਿ. ਮੋਹਨ ਸਿੰਘ ਜੀ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਪ੍ਰਤਾਪ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਭਾਈ ਕਰਤਾਰ ਸਿੰਘ ਜੀ ਵੀ ਸ਼ਾਮਲ ਹੋਏ।
- ਇਹ ਇਕਤ੍ਰਤਾ ਲਗਾਤਾਰ ਦੋ ਦਿਨ 30 ਅਤੇ 31 ਦਸੰਬਰ, 1933 ਨੂੰ ਚੱਲੀ।
- ਇਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬ ਦੇ ਅਲਾਵਾਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਲ ਰਹੁ-ਰੀਤ ਸਬ-ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ।
- ਇਨ੍ਹਾਂ ਤੋਂ ਇਲਾਵਾ ਇਸ ਇਕਤ੍ਰਤਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਨਾਲ ਪੰਥ ਦੀਆਂ ਪ੍ਰਮੁੱਖ ਜਥੇਬੰਦੀਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਖਾਲਸਾ ਬਰਾਦਰੀ, ਸ੍ਰੀ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਸ਼੍ਰੋਮਣੀ ਖਾਲਸਾ ਮਾਲਵਾ ਦੀਵਾਨ, ਖਾਲਸਾ ਯੂਥ ਲੀਗ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ ਦੇ ਨੁਮਾਇੰਦੇ ਸ਼ਾਮਲ ਹੋਏ, ਸ਼੍ਰੋਮਣੀ ਅਕਾਲੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ, ਪ੍ਰਮੁੱਖ ਅਖ਼ਬਾਰਾਂ ਦੇ ਨੁਮਾਇੰਦੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਅਤੇ ਪੁਰਾਣੇ ਵਿਦਿਆਰਥੀ, ਖਾਲਸਾ ਕਾਲਜਾਂ ਅਤੇ ਸਕੂਲਾਂ ਦੇ ਨਾਲ ਨਾਲ ਕਈ ਅਕਾਲੀ ਜਥੇ, ਕਈਂ ਸਿੰਘ ਸਭਾਵਾਂ ਸ਼ਾਮਲ ਸਨ।

(ਚਲਦਾ)

# ਮੋਦੀ ਦੇ ਦੌਰੇ ਮਗਰੋਂ ਅਮਰੀਕਾ ਨੇ ਭਾਰਤ ਨੂੰ 105 ਪੁਰਾਤਨ ਵਸਤਾਂ ਵਾਪਸ ਕੀਤੀਆਂ

ਵਾਸ਼ਿੰਗਟਨ: ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਸ਼ਿੰਗਟਨ ਫੇਰੀ ਤੋਂ ਬਾਅਦ ਅਮਰੀਕੀ ਸਰਕਾਰ ਨੇ ਭਾਰਤ ਨੂੰ ਪ੍ਰਾਚੀਨ ਅਤੇ ਇਤਿਹਾਸਕ ਮੂਰਤੀਆਂ ਅਤੇ ਕਲਾ ਸੰਗ੍ਰਹਿ ਵਾਪਸ ਭੇਜਿਆ ਹੈ। ਭਾਰਤੀ ਰਾਜਦੂਤ ਸੰਧੂ ਨੇ ਇੱਥੇ ਭਾਰਤ ਦੇ ਕੌਂਸਲੇਟ ਜਨਰਲ ਵਿੱਚ ਇੱਕ ਸਮਾਰੋਹ ਵਿੱਚ ਕਿਹਾ ਕਿ ÷ਸਾਡੇ ਲਈ ਇਹ ਸਿਰਫ਼ ਕਲਾ ਨਹੀਂ ਹਨ, ਸਗੋਂ ਸਾਡੀ ਵਿਰਾਸਤ, ਸੱਭਿਆਚਾਰ ਅਤੇ ਧਰਮ ਦਾ ਹਿੱਸਾ ਹਨ। ਇਸ ਲਈ ਜਦੋਂ ਇਹ ਗੁਆਚਿਆ ਹੋਇਆ ਵਿਰਸਾ ਘਰ ਪਰਤਦਾ ਹੈ, ਤਾਂ ਸਾਨੂੰ ਖੁਸ਼ੀ ਹੁੰਦੀ ਹੈ। ਇਹ ਕਲਾ ਸੰਗ੍ਰਹਿ ਭਾਰਤ ਦੀ ਅਮਾਨਤ ਹੈ ਅਤੇ ਇਹ ਭਾਰਤ ਵਿੱਚ ਹੀ ਹੋਣੀ ਚਾਹੀਦੀ ਹੈ।

**ਕਲਾਕ੍ਰਿਤੀਆਂ ਚੋਰੀ ਹੋਈਆਂ ਜਾਂ ਗੈਰ-ਕਾਨੂੰਨੀ ਢੰਗ ਨਾਲ ਪਹੁੰਚੀਆਂ ਅਮਰੀਕਾ**

ਦੱਸ ਦੇਈਏ ਕਿ ਭਾਰਤ ਦੀਆਂ 105 ਪ੍ਰਾਚੀਨ ਅਤੇ ਇਤਿਹਾਸਕ ਮੂਰਤੀਆਂ ਨੂੰ ਅਮਰੀਕਾ ਨੇ ਭਾਰਤ ਨੂੰ ਸੌਂਪ ਦਿੱਤਾ ਹੈ। ਇਹ ਮੂਰਤੀਆਂ ਦੂਜੀ ਤੋਂ ਤੀਜੀ ਸਦੀ ਤੋਂ ਲੈ ਕੇ 18ਵੀਂ ਤੋਂ 19ਵੀਂ ਸਦੀ ਦੀਆਂ ਹਨ। ਇਸ ਤੋਂ ਪਹਿਲਾਂ ਅਮਰੀਕੀ ਰਾਜਦੂਤ ਏਰਿਕ ਗਾਰਸੇਟੀ ਨੇ ਕਿਹਾ ਸੀ ਕਿ ਅਸੀਂ ਕਲਾ ਸੰਗ੍ਰਹਿ ਭਾਰਤ ਨੂੰ ਵਾਪਸ ਕਰਨ ਦੀ ਦਿਸ਼ਾ ਵਿਚ ਕੰਮ ਕਰ ਰਹੇ ਹਾਂ। ਕਈ ਵਾਰ ਭਾਰਤ ਤੋਂ ਕਲਾਕ੍ਰਿਤੀਆਂ ਚੋਰੀ ਹੋ ਕੇ ਜਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਂ ਦੁਨੀਆ ਦੇ ਹੋਰ ਦੇਸ਼ਾਂ ਵਿਚ ਪਹੁੰਚ ਜਾਂਦੀਆਂ ਹਨ।



ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਮਹੀਨੇ ਵਾਸ਼ਿੰਗਟਨ ਵਿੱਚ ਡਾਇਸਪੋਰਾ ਨਾਲ ਇੱਕ ਮੀਟਿੰਗ ਵਿੱਚ ਕਿਹਾ ਸੀ ਕਿ "ਮੈਨੂੰ ਖੁਸ਼ੀ ਹੈ ਕਿ ਅਮਰੀਕੀ ਸਰਕਾਰ ਨੇ ਭਾਰਤ ਦੀਆਂ 100 ਤੋਂ ਵੱਧ ਪੁਰਾਤਨ ਵਸਤਾਂ ਨੂੰ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ ਜੋ ਸਾਡੇ ਕੋਲੋਂ ਚੋਰੀ ਹੋ ਗਈਆਂ ਸਨ। ਮੈਂ ਇਸ ਲਈ ਅਮਰੀਕੀ ਸਰਕਾਰ ਦਾ ਧੰਨਵਾਦ ਕਰਦਾ ਹਾਂ।÷ ਤੁਹਾਨੂੰ ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਅਮਰੀਕਾ ਦੇ ਦੌਰੇ 'ਤੇ ਗਏ ਸਨ ਤਾਂ ਭਾਰਤ ਅਤੇ ਅਮਰੀਕਾ ਵਿਚਾਲੇ ਸੱਭਿਆਚਾਰਕ ਸੰਪੱਤੀ ਸਮਝੌਤੇ 'ਤੇ ਚਰਚਾ ਹੋਈ ਸੀ। ਜਿਸ ਨਾਲ ਇਤਿਹਾਸਕ ਵਸਤੂਆਂ ਦੀ ਨਾਜਾਇਜ਼ ਕਾਲਾਬਾਜ਼ਾਰੀ ਨੂੰ ਰੋਕਿਆ ਜਾਵੇਗਾ। ਇਸ ਦੇ ਨਾਲ ਹੀ ਦੋਵੇਂ ਦੇਸ਼ ਇਸ ਬਾਰੇ ਗੱਲਬਾਤ ਕਰ ਰਹੇ ਹਨ ਅਤੇ ਅਜਿਹੇ ਪ੍ਰਬੰਧ ਕੀਤੇ ਜਾ ਰਹੇ ਹਨ ਕਿ ਭਵਿੱਖ ਵਿੱਚ ਵੀ ਭਾਰਤ ਦੀਆਂ ਇਤਿਹਾਸਕ ਵਸਤੂਆਂ ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੀਆਂ ਹਨ, ਨੂੰ ਵਾਪਸ ਕੀਤਾ ਜਾਵੇਗਾ।

**ਅਮਰੀਕਾ ਵੈਦਿਕ ਕਾਲ ਦੀਆਂ ਮੂਰਤੀਆਂ ਕੀਤੀਆਂ ਵਾਪਸ :** ਵਾਪਸ ਆਈਆਂ 50 ਦੇ ਕਰੀਬ ਪੁਰਾਤਨ ਵਸਤਾਂ ਹਿੰਦੂਆਂ, ਜੈਨੀਆਂ ਅਤੇ ਮੁਸਲਮਾਨਾਂ ਲਈ ਧਾਰਮਿਕ ਮਹੱਤਵ ਰੱਖਦੀਆਂ ਹਨ, ਜਦਕਿ ਬਾਕੀ ਸੱਭਿਆਚਾਰਕ ਮਹੱਤਵ ਵਾਲੀਆਂ ਹਨ। ਉਨ੍ਹਾਂ ਵਿੱਚੋਂ ਕੁਝ ਮੰਦਰਾਂ ਤੋਂ ਲੁੱਟੀਆਂ ਗਈਆਂ ਸਨ, ਜਿੱਥੇ ਉਹ ਪੂਜਾ ਦੀਆਂ ਵਸਤੂਆਂ ਸਨ। ਮੈਨਹਟਨ ਪ੍ਰੌਸੀਕਿਊਟਰ ਦੇ ਦਫਤਰ ਤੋਂ ਜਾਰਡਨ ਸਟਾਕਡੇਲ ਨੇ ਕਿਹਾ ਕਿ ਸੁਭਾਸ਼ ਕਪੂਰ ਅਤੇ ਉਸ ਦੇ ਬਹੁ-ਰਾਸ਼ਟਰੀ ਆਪਰੇਟਰਾਂ ਦੇ ਗਰੋਹ ਦੁਆਰਾ ਕਥਿਤ ਤੌਰ 'ਤੇ ਬਹੁਤ ਸਾਰੀਆਂ ਪੁਰਾਣੀਆਂ ਚੀਜ਼ਾਂ ਦੀ ਤਸਕਰੀ ਕੀਤੀ ਗਈ ਸੀ। ਉਸਨੇ ਕਿਹਾ ਕਿ 'ਅਸੀਂ ਤੁਹਾਨੂੰ ਉਹ ਅਨਮੋਲ ਖਜ਼ਾਨਾ ਵਾਪਸ ਕਰਨ ਲਈ ਉਤਸ਼ਾਹਿਤ ਹਾਂ।'

ਮੈਨਹਟਨ ਪ੍ਰੌਸੀਕਿਊਟਰ ਦੇ ਦਫਤਰ ਨੇ 2021 ਵਿੱਚ 15 ਮਿਲੀਅਨ ਡਾਲਰ ਦੀ ਕੀਮਤ ਦੀਆਂ 248 ਪੁਰਾਣੀਆਂ ਚੀਜ਼ਾਂ ਦਾ ਇੱਕ ਬੈਚ ਭਾਰਤ ਨੂੰ ਵਾਪਸ ਕੀਤਾ ਅਤੇ ਪਿਛਲੇ ਅਕਤੂਬਰ ਵਿੱਚ 4 ਮਿਲੀਅਨ ਡਾਲਰ ਦੀ ਕੀਮਤ ਦੀਆਂ 307 ਚੀਜ਼ਾਂ ਦਾ ਇੱਕ ਹੋਰ ਬੈਚ ਭੇਜਿਆ। ਕਪੂਰ ਨੂੰ ਪਿਛਲੇ ਨਵੰਬਰ ਵਿਚ ਤਾਮਿਲਨਾਡੂ ਦੇ ਕੁੰਬਕੋਨਮ ਦੀ ਇਕ ਅਦਾਲਤ ਨੇ ਮੰਦਰਾਂ ਤੋਂ ਮੂਰਤੀਆਂ ਚੋਰੀ ਕਰਨ ਦੇ ਦੋਸ਼ ਵਿਚ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਉਸ ਨੂੰ ਜਰਮਨੀ ਤੋਂ ਭਾਰਤ ਹਵਾਲੇ ਕੀਤਾ ਗਿਆ ਸੀ ਅਤੇ ਅਮਰੀਕਾ ਹਵਾਲੇ ਕੀਤੇ ਜਾਣ ਦਾ ਇੰਤਜ਼ਾਰ ਕਰ ਰਿਹਾ ਹੈ, ਜਿੱਥੇ ਉਸ 'ਤੇ ਨਿਊਯਾਰਕ ਵਿਚ ਚੋਰੀ ਕੀਤੀਆਂ ਵਸਤੂਆਂ ਦੀ ਤਸਕਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਸਟਾਕਡੇਲ ਨੇ ਕਿਹਾ ਕਿ 145 ਮਿਲੀਅਨ ਡਾਲਰ ਤੋਂ ਵੱਧ ਮੁੱਲ ਦੀਆਂ 2,500 ਤੋਂ ਵੱਧ ਕਲਾਕ੍ਰਿਤੀਆਂ ਨੂੰ ਜ਼ਬਤ ਕੀਤਾ ਗਿਆ ਹੈ ਅਤੇ ਉਸ ਨੂੰ ਉਮੀਦ ਹੈ ਕਿ ਉਨ੍ਹਾਂ ਵਿੱਚੋਂ ਹੋਰ ਭਾਰਤ ਨੂੰ ਵਾਪਸ ਕਰ ਦਿੱਤੇ ਜਾਣਗੇ। ਉੱਧਰ ਆਸਟਰੇਲੀਆ ਨੇ 2015 ਵਿੱਚ ਕਪੂਰ ਤੋਂ ਹਾਸਲ ਕੀਤੀ ਅਰਧਨਾਰੀਸ਼ਵਰ ਦੀ ਮੂਰਤੀ ਭਾਰਤ ਨੂੰ ਵਾਪਸ ਕਰ ਦਿੱਤੀ ਅਤੇ ਇਸਦੀ ਨੈਸ਼ਨਲ ਆਰਟ ਗੈਲਰੀ ਨੇ 2021 ਵਿੱਚ ਕਿਹਾ ਕਿ ਉਹ 14 ਹੋਰ ਕਲਾਕ੍ਰਿਤੀਆਂ ਨੂੰ ਵਾਪਸ ਭੇਜੇਗਾ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION
















ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।

ਸਾਡੇ ਲੋਕ

**S. Iqbal Singh**

844-573-3824 | 510-915-9144

433 W Scotts Ave Stockton, CA 95203

PH: (925) 487-7117

# ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਸੈਨੇਟ ’ਚ ‘ਟਾਈ ਬ੍ਰੇਕਿੰਗ ਵੋਟ’ ਨਾਲ ਰਚਿਆ ਇਤਿਹਾਸ

ਵਾਸ਼ਿੰਗਟਨ : ਅਮਰੀਕਾ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਸੈਨੇਟ ਵਿਚ ਦੋਵਾਂ ਪਾਸਿਆਂ ਤੋਂ ਬਰਾਬਰ ਵੋਟਾਂ ਪੈਣ ਦੀ ਸਥਿਤੀ ਵਿਚ ਆਪਣੀ ਵੋਟ (ਟਾਈ ਬ੍ਰੇਕਿੰਗ ਵੋਟ) ਪਾ ਕੇ ਅਮਰੀਕਾ ਦੇ ਇਤਿਹਾਸ ਵਿਚ ਇਕ ਹੋਰ ਨਵਾਂ ਰਿਕਾਰਡ ਕਾਇਮ ਕੀਤਾ ਹੈ। ਹੈਰਿਸ ਨੇ ਇਸ ਤਰ੍ਹਾਂ ਉਪ-ਰਾਸ਼ਟਰਪਤੀ ਵਜੋਂ ‘ਟਾਈ-ਬ੍ਰੇਕਿੰਗ ਵੋਟ’ ਪਾ ਕੇ 191 ਸਾਲ ਪੁਰਾਣੇ ਰਿਕਾਰਡ ਦੀ ਬਰਾਬਰੀ ਕੀਤੀ ਅਤੇ ਸੰਘੀ ਏਜੰਸੀ ਦੇ ਮੈਂਬਰ ਵਜੋਂ ਭਾਰਤੀ ਮੂਲ ਦੀ ਕਲਪਨਾ ਕੋਟਾਗਲ ਦੀ ਨਾਮਜ਼ਦਗੀ ਦਾ ਸਮਰਥਨ ਕੀਤਾ।



ਹੈਰਿਸ ਨੇ ਇਸ ਤਰ੍ਹਾਂ ਸੈਨੇਟਰ ਜੌਹਨ ਸੀ ਕੈਲਹੌਨ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਕੈਲਹੌਨ ਨੇ 1825 ਤੋਂ 1832 ਤਕ ਸਾਬਕਾ ਰਾਸ਼ਟਰਪਤੀਆਂ ਜੌਨ ਕੁਇੰਸੀ ਐਡਮਜ਼ ਅਤੇ ਐਂਡਰਿਊ ਜੈਕਸਨ ਦੇ ਅਧੀਨ ਉਪ-ਪ੍ਰਧਾਨ ਵਜੋਂ ਸੇਵਾ ਨਿਭਾਈ ਸੀ। ਇਸ ਤੋਂ ਪਹਿਲਾਂ ਹੈਰਿਸ ਨੇ 2020 ਵਿਚ ਅਮਰੀਕਾ ਦੀ ਫਸਟ ਲੇਡੀ ਅਤੇ ਪਹਿਲੀ ਅਸ਼ਵੇਤ ਉਪ-ਰਾਸ਼ਟਰਪਤੀ ਬਣ ਕੇ ਇਤਿਹਾਸ ਰਚਿਆ ਸੀ। ਹੈਰਿਸ (58) ਨੇ ਬੁੱਧਵਾਰ ਨੂੰ ‘ਈਕੁਅਲ ਇੰਪਲਾਏਮੈਂਟ ਅਪਾਰਚਿਊਨਿਟੀ ਕਮਿਸ਼ਨ’ ਦੇ ਮੈਂਬਰ ਵਜੋਂ ਸੇਵਾ ਕਰਨ ਲਈ, ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼ ਦੀ ਮਾਹਿਰ, ਕੋਟਾਗਲ ਦੀ ਨਾਮਜ਼ਦਗੀ ਲਈ ਆਪਣੀ ਵੋਟ ਪਾਈ। ‘ਈਕੁਅਲ ਇੰਪਲਾਏਮੈਂਟ ਅਪਾਰਚਿਊਨਿਟੀ ਕਮਿਸ਼ਨ’ ਸੰਘੀ ਕਾਨੂੰਨਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਸੰਸਥਾ ਹੈ। ਇਹ ਕਮਿਸ਼ਨ ਕਿਸੇ ਵੀ ਨੌਕਰੀ ਦੇ ਬਿਨੈਕਾਰ ਜਾਂ ਕਰਮਚਾਰੀ ਨਾਲ ਉਸਦੀ ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਉਮਰ (40 ਜਾਂ ਵੱਧ), ਅਪਾਹਜਤਾ ਜਾਂ ਜੈਨੇਟਿਕ ਜਾਣਕਾਰੀ ਦੇ ਆਧਾਰ ’ਤੇ ਵਿਤਕਰੇ ਨੂੰ ਰੋਕਣ ਲਈ ਕੰਮ ਕਰਦੀ ਹੈ।

# ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅੰਗ ਅਮਰੀਕਾ ਦੀ ਸੰਸਦੀ ਕਮੇਟੀ ਨੇ ਮਤਾ ਕੀਤਾ ਪਾਸ

ਸਨ ਫਰਾਂਸਿਸਕੋ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਕੁਝ ਦੇਰ ਬਾਅਦ ਹੀ ਅਮਰੀਕੀ ਸੰਸਦ ਦੀ ਇਕ ਕਮੇਟੀ ਨੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਐਲਾਨਣ ਵਾਲਾ ਮਤਾ ਪਾਸ ਕੀਤਾ ਹੈ। ਇਹ ਪ੍ਰਸਤਾਵ ਵੀਰਵਾਰ ਨੂੰ ਸੰਸਦ ਮੈਂਬਰ ਜੈਫ ਮਰਕਲੇ, ਬਿਲ ਹੇਗਰਟੀ, ਟਿਮ ਕੇਨ ਅਤੇ ਕ੍ਰਿਸ ਵੈਨ ਹੋਲੇਨ ਦੁਆਰਾ ਪੇਸ਼ ਕੀਤਾ ਗਿਆ ਸੀ। ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਮਤਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕਾ ਮੈਕਮੋਹਨ ਲਾਈਨ ਨੂੰ ਪੀਪਲਜ਼ ਰੀਪਬਲਿਕ ਆਫ ਚਾਈਨਾ (ਪੀਆਰਸੀ) ਅਤੇ ਭਾਰਤੀ ਰਾਜ ਅਰੁਣਾਚਲ ਪ੍ਰਦੇਸ਼ ਦਰਮਿਆਨ ਅੰਤਰਰਾਸ਼ਟਰੀ ਸੀਮਾ ਵਜੋਂ ਮਾਨਤਾ ਦਿੰਦਾ ਹੈ। ਇਹ ਚੀਨ ਦੇ ਇਸ ਦਾਅਵੇ ਨੂੰ ਕਮਜ਼ੋਰ ਕਰਦਾ ਹੈ ਕਿ ਅਰੁਣਾਚਲ ਦਾ ਜ਼ਿਆਦਾਤਰ ਹਿੱਸਾ ਪੀਆਰਸੀ ਨਾਲ ਸਬੰਧਤ ਹੈ।

ਪ੍ਰਸਤਾਵ ਨੂੰ ਹੁਣ ਵੋਟਿੰਗ ਲਈ ਸੈਨੇਟ ਵਿੱਚ ਪੇਸ਼ ਕੀਤਾ ਜਾਵੇਗਾ। ਐੱਮ.ਪੀ ਮਰਕਲੇ ਨੇ ਕਿਹਾ ਕਿ ਅਮਰੀਕਾ ਦੁਨੀਆ ਭਰ ਵਿੱਚ ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਦਾ ਸਮਰਥਨ ਕਰਦਾ ਹੈ। ਆਜ਼ਾਦੀ ਅਤੇ ਨਿਯਮ ਆਧਾਰਿਤ ਵਿਵਸਥਾ ਦਾ ਸਮਰਥਨ ਕਰਨ ਵਾਲੀਆਂ ਅਮਰੀਕੀ ਕਦਰਾਂ ਕੀਮਤਾਂ ਸੰਸਾਰ ਭਰ ਵਿੱਚ ਸਾਡੀਆਂ ਸਾਰੀਆਂ ਕਾਰਵਾਈਆਂ ਅਤੇ ਸਬੰਧਾਂ ਦੇ ਕੇਂਦਰ ਵਿੱਚ ਹੋਣੀਆਂ ਚਾਹੀਦੀਆਂ ਹਨ, ਖਾਸ ਤੌਰ ’ਤੇ ਉਦੋਂ ਜਦੋਂ ਕਿ ਪੀਆਰਸੀ ਸਰਕਾਰ ਇੱਕ ਵਿਕਲਪਿਕ



ਦ੍ਰਿਸ਼ਟੀਕੋਣ ਅਪਣਾ ਰਹੀ ਹੈ। ਮਰਕਲੇ ਚੀਨ ’ਤੇ ਅਮਰੀਕੀ ਸਦਨ ਕਮੇਟੀ ਦੇ ਸਹਿ-ਚੇਅਰਮੈਨ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਉਕਤ ਮਤਾ ਪਾਸ ਕਰਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕਾ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦਾ ਹੈ ਨਾ ਕਿ ਚੀਨ ਦਾ। ਇਸ ਦੇ ਨਾਲ ਹੀ ਇਹ ਖੇਤਰ ਅਤੇ ਸਮਾਨ ਸੋਚ ਵਾਲੇ ਅੰਤਰਰਾਸ਼ਟਰੀ ਭਾਈਵਾਲਾਂ ਨੂੰ ਮਜ਼ਬੂਤ ਸਮਰਥਨ ਪ੍ਰਦਾਨ ਕਰਨ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਜਿਹੀ ਸਥਿਤੀ ਵਿੱਚ ਅਮਰੀਕਾ ਨੂੰ ਆਜ਼ਾਦ ਅਤੇ ਖੁੱਲ੍ਹੇ ਇੰਡੋ-ਪੈਸੀਫਿਕ ਦੀ ਹਮਾਇਤ ਕਰਕੇ ਜਮਹੂਰੀਅਤ ਦੀ ਰੱਖਿਆ ਲਈ ਮਜ਼ਬੂਤੀ ਨਾਲ ਖੜ੍ਹਾ ਹੋਣਾ ਪਵੇਗਾ ਪਰ ਮੈਂ ਆਪਣੇ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਬਿਨਾਂ ਦੇਰੀ ਕੀਤੇ ਇਸ ਨੂੰ ਪਾਸ ਕਰਨ।

# ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਡਾ. ਐਮੀ ਬੇਰਾ ਚੈਂਪੀਅਨ ਆਫ ਹੈਲਥਕੇਅਰ ਇਨੋਵੇਸ਼ਨ ਅਵਾਰਡ ਨਾਲ ਸਨਮਾਨਿਤ



ਵਾਸ਼ਿੰਗਟਨ : ਡਾਕਟਰ ਤੋਂ ਸਿਆਸਤਦਾਨ ਬਣੇ ਭਾਰਤੀ-ਅਮਰੀਕੀ ਡਾਕਟਰ ਐਮੀ ਬੇਰਾ ਨੂੰ ਅਮਰੀਕਾ ਵਿੱਚ ਉੱਚ-ਗੁਣਵੱਤਾ ਵਾਲੀ ਸਿਹਤ ਸੰਭਾਲ ਨੂੰ ਕਿਫਾਇਤੀ ਅਤੇ ਪਹੁੰਚਯੋਗ ਬਣਾਉਣ ਵਿੱਚ ਯੋਗਦਾਨ ਲਈ ‘ਚੈਂਪੀਅਨ ਆਫ਼ ਹੈਲਥਕੇਅਰ ਇਨੋਵੇਸ਼ਨ ਅਵਾਰਡ’ ਨਾਲ ਸਨਮਾਨਿਤ ਕੀਤਾ ਗਿਆ। ਅਮਰੀਕੀ ਕਾਂਗਰਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਭਾਰਤੀ-ਅਮਰੀਕੀ 58 ਸਾਲਾ ਬੇਰਾ ਨੂੰ ਪਿਛਲੇ ਹਫਤੇ ਇੱਥੇ ਹੈਲਥਕੇਅਰ ਲੀਡਰਸ਼ਿਪ ਕੌਂਸਲ ਦੇ ਇਨੋਵੇਸ਼ਨ ਐਕਸਪੋ ਦੌਰਾਨ ਸਨਮਾਨਿਤ ਕੀਤਾ ਗਿਆ।

ਡੈਮੋਕਰੇਟਿਕ ਕਾਂਗਰਸਮੈਨ ਬੇਰਾ ਨੇ ਸ਼ੁੱਕਰਵਾਰ ਨੂੰ ਟਵੀਟ ਕੀਤਾ ਕਿ ÷ਹੈਲਥ ਇਨ ਫੋਕਸ ਤੋਂ ਚੈਂਪੀਅਨ ਆਫ ਹੈਲਥਕੇਅਰ ਇਨੋਵੇਸ਼ਨ ਅਵਾਰਡ ਪ੍ਰਾਪਤ ਕਰਨ ਕੇ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।÷ ਇੱਕ ਡਾਕਟਰ ਹੋਣ ਦੇ ਨਾਤੇ, ਮੈਂ ਇਹ ਯਕੀਨੀ ਬਣਾਉਣ ਲਈ ਕੰਮ ਕਰਨ ਲਈ ਵਚਨਬੱਧ ਹਾਂ ਕਿ ਹਰ ਅਮਰੀਕੀ ਦੀ ਉੱਚ-ਗੁਣਵੱਤਾ, ਕਿਫਾਇਤੀ ਸਿਹਤ ਸੰਭਾਲ ਤੱਕ ਪਹੁੰਚ ਹੋਵੇ।”ਬੇਰਾ ਨੇ 2013 ਵਿੱਚ ਕਾਂਗਰਸ ਦਾ ਮੈਂਬਰ ਬਣਨ ਤੋਂ ਪਹਿਲਾਂ ਕੈਲੀਫੋਰਨੀਆ ਵਿੱਚ ਸੈਕਰਾਮੈਂਟੋ ਕਾਉਂਟੀ ਦੇ ਮੁੱਖ ਮੈਡੀਕਲ ਅਫ਼ਸਰ ਵਜੋਂ ਕੰਮ ਕੀਤਾ। ਉਹ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਸੈਕਰਾਮੈਂਟੋ ਕਾਉਂਟੀ ਦੀ ਪ੍ਰਤੀਨਿਧਤਾ ਕਰਦਾ ਹੈ। ਬੇਰਾ ਵਰਤਮਾਨ ਵਿੱਚ ਵਿਦੇਸ਼ੀ ਮਾਮਲਿਆਂ ਬਾਰੇ ਪ੍ਰਤੀਨਿਧੀ ਸਭਾ ਦੀ ਕਮੇਟੀ ਦਾ ਮੈਂਬਰ ਹੈ, ਜਿੱਥੇ ਉਹ ਏਸ਼ੀਆ, ਪ੍ਰਸ਼ਾਂਤ, ਮੱਧ ਏਸ਼ੀਆ ਅਤੇ ਪ੍ਰਮਾਣੂ ਅਪ੍ਰਸਾਰ ਬਾਰੇ ਉਪ ਕਮੇਟੀ ਦੇ ਚੇਅਰਮੈਨ ਵਜੋਂ ਕੰਮ ਕਰਦਾ ਹੈ। ਉਹ ਇੰਟੈਲੀਜੈਂਸ ’ਤੇ ਪ੍ਰਤੀਨਿਧੀ ਸਭਾ ਦੀ ਸਥਾਈ ਚੋਣ ਕਮੇਟੀ ਅਤੇ ਕੋਰੋਨਾ ਵਾਇਰਸ ਮਹਾਮਾਰੀ ’ਤੇ ਚੁਣੀ ਗਈ ਉਪ ਕਮੇਟੀ ਦਾ ਮੈਂਬਰ ਵੀ ਹੈ।

ਇੱਕ ਡਾਕਟਰ ਵਜੋਂ ਆਪਣੇ 20 ਸਾਲਾਂ ਦੇ ਕਰੀਅਰ ਦੌਰਾਨ ਬੇਰਾ ਨੇ ਸਿਹਤ ਸਹੂਲਤਾਂ ਦੀ ਉਪਲਬਧਤਾ, ਗੁਣਵੱਤਾ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਕੰਮ ਕੀਤਾ। ਉਸ ਦੀ ਵੈਬਸਾਈਟ ਮੁਤਾਬਕ ਕੈਲੀਫੋਰਨੀਆ ਵਿੱਚ ਜੰਮੇ ਅਤੇ ਵੱਡੇ ਹੋਏ ਬੇਰਾ ਨੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਬੈਚਲਰ ਆਫ਼ ਸਾਇੰਸ (BS) ਅਤੇ ਡਾਕਟਰ ਆਫ਼ ਮੈਡੀਸਨ (MD) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਹੈਲਥਕੇਅਰ ਲੀਡਰਸ਼ਿਪ ਕੌਂਸਲ ਅਮਰੀਕਾ ਦੇ ਸਿਹਤ ਸੰਭਾਲ ਖੇਤਰ ਦੇ ਲੋਕਾਂ ਲਈ ਇੱਕ ਵਿਸ਼ੇਸ਼ ਫੋਰਮ ਹੈ। ਇਹ ਕਿਫਾਇਤੀ, ਉੱਚ ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸਹੂਲਤਾਂ ਲਈ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗਰਾਮ ਤਿਆਰ ਕਰਦਾ ਹੈ।

# ਜੀ.ਐਚ.ਜੀ. ਅਕੈਡਮੀ ਫਰਿਜ਼ਨੋਂ ਵੱਲੋਂ 22 ਜੁਲਾਈ ਨੂੰ ਹੋਣ ਵਾਲੇ 13ਵੇਂ ਅੰਤਰ-ਰਾਸ਼ਟਰੀ ਯੁਵਕ ਮੇਲੇ ਦੀਆਂ ਤਿਆਰੀਆਂ ਮੁਕੰਮਲ

## ਡਾ. ਦਲਜਿੰਦਰ ਸਿੰਘ ਜੌਹਲ ਨੂੰ ਦਿੱਤਾ ਜਾਵੇਗਾ ਲਾਈਫ ਟਾਈਮ ਅਚੀਵਮੈਂਟ ਅਵਾਰਡ

ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਵਿਦੇਸ਼ਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆ ਨੂੰ ਉਸ ਨਾਲ ਜੋੜਨ ਲਈ ਜੀ. ਐਚ. ਜੀ. ਸੰਗੀਤ ਅਤੇ ਡਾਂਸ਼ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਗ ਇਸ ਸਾਲ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 5 ਜੁਲਾਈ ਤੋਂ 20 ਜੁਲਾਈ ਤੱਕ ਹਾਲੈਂਡ ਪਾਰਕ ਫਰਿਜ਼ਨੋ ਵਿਖੇ ਬੜੀ ਸਫਲਤਾ ਨਾਲ ਚਲ ਰਿਹਾ ਹੈ। ਇਸ ਕੈਂਪ ਵਿੱਚ 300 ਤੋਂ ਵਧੀਕ ਬੱਚੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸੁਚੱਜੇ ਮਾਹਰ ਕੋਚਾਂ ਤੋਂ ਪ੍ਰਾਪਤ ਕਰ ਰਹੇ ਹਨ। ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਅਤੇ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜੁਰਗ ਵੀ ਆਪਸੀ ਮਿਲ ਸਾਂਝਾ ਸਮਾਂ ਬਤੀਤ ਕਰ ਖੁਸ਼ੀ ਮਹਿਸੂਸ ਕਰ ਰਹੇ ਹਨ। ਕੈਂਪ ਦੀ ਸਮਾਪਤੀ ‘ਤੇ 22 ਜੁਲਾਈ ਦਿਨ ਸ਼ਨੀਵਾਰ ਨੂੰ 13ਵਾਂ ਅੰਤਰ-ਰਾਸਟਰੀ ਯੁਵਕ ਮੇਲਾ ਕਰਵਾਇਆ ਜਾਵੇਗਾ। ਇਸ ਸਮੇਂ ਅਕੈਡਮੀ ਦੇ ਫਾਊਡਰ ਮੈਂਬਰ ਸਰਪ੍ਰਸਤ ਡਾ. ਦਲਜਿੰਦਰ ਸਿੰਘ ਜੌਹਲ (ਸਾਬਕਾ ਪ੍ਰੋਫੈਸ਼ਰ ਜੀ. ਐਚ. ਜੀ. ਖਾਲਸਾ ਕਾਲਜ਼ ਗੁਰੂਸਰ ਸੁਧਾਰ) ਨੂੰ ਸੱਭਿਆਚਾਰਕ ਸੇਵਾਵਾਂ ਬਦਲੇ ਲਾਈਫ



ਟਾਈਮ ਅਚੀਵਮੈਂਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਮੁੱਚੇ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਖੁੱਲਾ ਸੱਦਾ ਦਿੱਤਾ ਗਿਆ ਹੈ। ਜੋ ’ਵਿਲੀਅਮ ਸਾਰੋਏਨ ਥੀਏਟਰ’ ਫਰਿਜ਼ਨੋ ਵਿਖੇ ਹੋਵੇਗਾ। ਜਿਸ ਦਾ ਪਤਾ 750 M Street, Fresno, CA-93721 ਹੈ। ਜਿਸ ਵਿੱਚ ਸਥਾਨਿਕ ਬੱਚਿਆ ਦੀਆਂ ਵੱਖ ਉਮਰ ਵਾਲੀਆਂ ਟੀਮਾਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾਂ ਸਿਰਕਤ ਕਰਨਗੀਆਂ। ਜਿੰਨ੍ਹਾਂ ਦੁਆਰਾ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਹੋਣਗੇ। ਮੇਲੇ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਠੀਕ ਸ਼ਾਮ 3 ਵਜ਼ੇ ਸੁਰੂ ਹੋ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਬੱਚਿਆਂ ਤੋਂ ਇਲਾਵਾ ਮਲਵਈ ਗਿੱਧਾ ਅਤੇ ਮਾਵਾਂ ਦਾ ਗਿੱਧਾ ਵਿਸ਼ੇਸ਼ ਤੌਰ ’ਤੇ ਪੇਸ਼ ਕੀਤੇ ਜਾਣਗੇ। ਪ੍ਰਬੰਧਕਾਂ ਵਿੱਚੋਂ ਪਰਮਜੀਤ ਧਾਲੀਵਾਲ, ਉਦੈਦੀਪ ਸਿੱਧੂ, ਗੁਰਦੀਪ ਸੇਰਗਿੱਲ, ਸ਼ਗਨਦੀਪ ਕੌਰ ਵੜੈਚ ਅਤੇ ਪ੍ਰੀਤ ਗਿੱਲ ਆਦਿਕ ਨੇ ਗੱਲਬਾਤ ਕਰਦੇ ਹੋਏ ਜਾਣਕਾਰੀ ਸਾਂਝੀ ਕੀਤੀ। ਇਸੇ ਦੌਰਾਨ ਸਮੂੰਹ ਭਾਈਚਾਰੇ ਨੂੰ ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚਣ ਦਾ ਸੱਦਾ ਵੀ ਦਿੱਤਾ। ਇਸ ਪ੍ਰੋਗਰਾਮ ਵਿੱਚ ਸਾਮਲ ਹੋਣ ਲਈ ਦਾਖਲਾ ਫਰੀ ਹੈ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾ ਵਿੱਚ ਪਰਮਜੀਤ ਸਿੰਘ ਧਾਲੀਵਾਲ (559) 351-9465, ਉਦੈਦੀਪ ਸਿੰਘ ਸਿੱਧੂ ਜਾਂ ਗੁਰਦੀਪ ਸ਼ੇਰਗਿੱਲ (559) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਾਂਝੇ ਕਾਰਜ਼ ਨੂੰ ਨੇਪਰੇ ਚਾੜਨ ਵਿੱਚ ਸਮੁੱਚੀ ਜੀ. ਐਚ. ਜੀ. ਟੀਮ ਦਾ ਇਹ ਸਲਾਘਾਯੋਗ ਉੱਦਮ ਹੈ।

# ਪੁਲਿਸ ਅਫਸਰ ਵਿਰੁੱਧ ਡੰਡੇ ਨਾਲ ਇਕ ਫੋਟੋਗ੍ਰਾਫਰ ’ਤੇ ਹਮਲਾ ਕਰਨ ਦੇ ਦੋਸ਼ ਰੱਦ, ਕੇਸ ਬੰਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-2020 ਵਿਚ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੋਈ ਮੌਤ ਤੋਂ ਬਾਅਦ ਹੋਏ ਇਕ ਪ੍ਰਦਰਸ਼ਨ ਦੌਰਾਨ ਓਰੇਗੋਨ ਦੇ ਇਕ ਪੁਲਿਸ ਅਫਸਰ ਵਿਰੁੱਧ ਇਕ ਫੋਟੋਗ੍ਰਾਫਰ ’ਤੇ ਹਮਲਾ ਕਰਨ ਦੇ ਲੱਗੇ ਦੋਸ਼ ਰੱਦ ਕਰ ਦਿੱਤੇ ਗਏ ਹਨ। ਅਗਸਤ 2020 ਵਿਚ ਟੇਰੀ ਜੈਕੋਬਸ ਨਾਮੀ ਫੋਟੋਗ੍ਰਾਫਰ ਦੇ ਸਿਰ ’ਤੇ ਪੁਲਿਸ ਅਫਸਰ ਕੋਰੇ ਬਰਵਰਥ ਵੱਲੋਂ ਕਥਿੱਤ ਤੌਰ ’ਤੇ ਡੰਡੇ ਨਾਲ ਵਾਰ ਕਰਨ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਸ ਵਿਰੁੱਧ ਚੌਥਾ ਦਰਜਾ ਹਮਲੇ ਦੇ ਦੋਸ਼ ਲਾਏ ਗਏ ਸਨ। ਇਸ ਵੀਡੀਓ ਵਿਚ ਜਮੀਨ ਉਪਰ ਡਿੱਗੀ ਫੋਟੋਗ੍ਰਾਫਰ ’ਤੇ ਵੀ ਕੋਰੇ ਬਰਵਰਥ ਹਮਲਾ ਕਰਦਾ ਹੋਇਆ ਵਿਖਾਈ ਦਿੰਦਾ ਹੈ। ਪੁਲਿਸ ਅਫਸਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਤੇ ਇਸ ਵਾਸਤੇ ਉਸ ਨੇ ਫੋਟੋਗ੍ਰਾਫਰ ਕੋਲੋਂ ਮੁਆਫੀ ਵੀ ਮੰਗ ਲਈ ਸੀ। ਮਲਟਨੋਮਾਹ ਕਾਊਂਟੀ ਦੀ ਅਦਾਲਤ ਦੇ ਜੱਜ ਸੀਲੀਆ ਹੋਵਸ ਨੇ ਦੋਸ਼ ਰੱਦ ਕਰਦਿਆਂ ਕੇਸ ਬੰਦ ਕਰਨ ਦਾ ਆਦੇਸ਼ ਦਿੱਤਾ ਹੈ।

# ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਅਨੁਸੂਚਿਤ ਜਾਤੀ ਸਰਟੀਫਿਕੇਟ ਦੀ ਜਾਅਲਸਾਜ਼ੀ ਖਿਲਾਫ ਸਖ਼ਤ ਕਾਰਵਾਈ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਇਸੇ ਤਹਿਤ ਪ੍ਰਮੋਦ ਕੁਮਾਰ ਪੁੱਤਰ ਸ੍ਰੀ ਬੰਗਾਲੀ ਦਾਸ ਮਕਾਨ ਨੰਬਰ 1829, ਜਨਤਾ ਕਲੋਨੀ, ਆਦਰਸ਼ ਨਗਰ, ਨਯਾ ਗਾਓਂ, ਐਸ.ਏ.ਐਸ ਨਗਰ (ਮੋਹਾਲੀ) ਅਤੇ ਸ੍ਰੀਮਤੀ ਸ਼ਿੰਦਰ ਕੌਰ ਪਤਨੀ ਸ੍ਰੀ ਅਮਰੀਕ ਸਿੰਘ ਪਿੰਡ ਧਬਲਾਨ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਦੀ ਵਸਨੀਕ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਸਰਕਾਰ ਪੱਧਰ ਤੇ ਗਠਿਤ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ।



ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹੇਸ਼ ਕੁਮਾਰ ਪੁੱਤਰ ਸ੍ਰੀ ਵਿਸ਼ਾਲ ਸਿੰਘ ਮਕਾਨ ਨੰਬਰ 1808, ਜਨਤਾ ਕਲੋਨੀ, ਨਿਆ ਗਾਓਂ, ਐਸ.ਏ.ਐਸ ਨਗਰ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਪਿੰਡ ਨਯਾ ਗਾਓਂ ਦੇ ਵਾਸੀ ਪ੍ਰਮੋਦ ਕੁਮਾਰ ਨੇ ਇਸਾਈ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਇਸ ਤੋਂ ਇਲਾਵਾ ਗੁਰਚਰਨ ਸਿੰਘ ਪੁੱਤਰ ਸ੍ਰੀ ਸੰਪੂਰਨ ਸਿੰਘ ਪਿੰਡ ਧਬਲਾਨ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਜ਼ਿਲ੍ਹਾ ਪਟਿਆਲਾ ਦੇ ਪਿੰਡ ਧਬਲਾਨ ਦੀ ਵਸਨੀਕ ਸ਼ਿੰਦਰ ਕੌਰ ਨੇ ਮੁਸਲਿਮ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਹਨਾਂ ਸ਼ਿਕਾਇਤਾਂ ਨੂੰ ਜਾਂਚ ਲਈ ਸਮਾਜਿਕ ਨਿਆਂ, ਅਧਿਕਾਰਤਾ ਵਿਭਾਗ ਨੂੰ ਭੇਜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਜਾਂਚ ਕਰਨ ਤੋਂ ਬਾਅਦ ਸ੍ਰੀ ਪ੍ਰਮੋਦ ਕੁਮਾਰ ਅਤੇ ਸ੍ਰੀਮਤੀ ਸ਼ਿੰਦਰ ਕੌਰ ਦੇ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਜਾਅਲੀ ਹੋਣ ਦੀ ਪੁਸ਼ਟੀ ਹੋਈ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਨੇ ਐਸ.ਏ.ਐਸ.ਨਗਰ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ੍ਰੀ ਪ੍ਰਮੋਦ ਕੁਮਾਰ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਨੰਬਰ 2148 ਮਿਤੀ 07.02.2014 ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ੍ਰੀਮਤੀ ਸ਼ਿੰਦਰ ਕੌਰ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਨੰਬਰ 1027 ਮਿਤੀ 17.03.2008 ਨੂੰ ਰੱਦ ਕਰਨ ਅਤੇ ਜ਼ਬਤ ਕਰਨ ਲਈ ਕਿਹਾ ਹੈ।

# 10 ਸਾਲਾ ਬੱਚੀ ਨਾਲ ਕੁੱਟਮਾਰ ਕਰਨ ਤੇ ਪਾਇਲਟ ਅਤੇ ਉਸ ਦੇ ਪਤੀ ਨੂੰ ਭੀੜ ਨੇ ਕੁੱਟਿਆ

ਨਵੀਂ ਦਿੱਲੀ : ਦੱਖਣੀ-ਪੱਛਮੀ ਦਿੱਲੀ ਦੇ ਦਵਾਰਕਾ 'ਚ ਇਕ ਮਹਿਲਾ ਪਾਇਲਟ ਅਤੇ ਉਸ ਦੇ ਪਤੀ ਵਲੋਂ ਇਕ 10 ਸਾਲਾ ਘਰੇਲੂ ਸਹਾਇਕਾ ਦੀ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਗਈ, ਜਿਸ ਕਾਰਨ ਗੁੱਸੇ ਵਿਚ ਆਈ ਭੀੜ ਨੇ ਜੋੜੇ ਦੀ ਕੁੱਟਮਾਰ ਕਰ ਦਿੱਤੀ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਬੱਚੀ ਦੀ ਕੁੱਟਮਾਰ ਕਰਨ ਦੀ ਘਟਨਾ ਦੇ ਸਬੰਧ 'ਚ ਮੁਲਜ਼ਮ ਕੌਸ਼ਿਕ ਬਾਗਚੀ (36) ਅਤੇ ਪੂਰਨਿਮਾ ਬਾਗਚੀ (33) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਔਰਤ ਇਕ ਪ੍ਰਾਈਵੇਟ ਏਅਰਲਾਈਨ 'ਚ ਪਾਇਲਟ ਦੇ ਤੌਰ 'ਤੇ ਕੰਮ ਕਰ ਰਹੀ ਹੈ, ਜਦਕਿ ਉਸ ਦਾ ਪਤੀ ਇਕ ਹੋਰ ਪ੍ਰਾਈਵੇਟ ਏਅਰਲਾਈਨ ਦਾ ਕਰਮਚਾਰੀ ਹੈ। ਪੁਲਸ ਅਨੁਸਾਰ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਪੀੜਤਾ ਦੇ ਰਿਸ਼ਤੇਦਾਰਾਂ ਅਤੇ ਹੋਰਾਂ ਨੇ ਜੋੜੇ ਨੂੰ ਘੇਰ ਲਿਆ ਅਤੇ ਕੁੱਟਮਾਰ ਕੀਤੀ। ਨਾਬਾਲਗ ਕੁੜੀ ਨੂੰ ਉਸ ਦੀ ਕਿਸੇ ਰਿਸ਼ਤੇਦਾਰ ਰਾਹੀਂ ਜੋੜੇ ਦੇ ਘਰ ਕੰਮ ਲਈ ਰੱਖਿਆ ਗਿਆ ਸੀ। ਕੁੜੀ ਦੀ ਰਿਸ਼ਤੇਦਾਰ ਵੀ ਨੇੜਲੇ ਘਰ ਵਿਚ ਕੰਮ ਕਰਦੀ ਸੀ। ਇਕ ਵੀਡੀਓ 'ਚ ਭੀੜ 'ਚ ਮੌਜੂਦ ਲੋਕਾਂ ਨੂੰ ਮੁਲਜ਼ਮ ਜੋੜੇ ਨਾਲ ਕੁੱਟਮਾਰ ਕਰਦੇ ਹੋਏ ਦੇਖਿਆ ਜਾ ਸਕਦਾ ਹੈ। ਵੀਡੀਓ 'ਚ ਕੁਝ ਔਰਤਾਂ ਨੂੰ ਕਥਿਤ ਤੌਰ 'ਤੇ ਮੁਲਜ਼ਮ ਮਹਿਲਾ ਪਾਇਲਟ ਨੂੰ ਥੱਪੜ ਮਾਰਦੇ ਹੋਏ ਅਤੇ ਉਸ ਦੇ ਵਾਲ ਖਿੱਚਦੇ ਹੋਏ ਦੇਖਿਆ ਜਾ ਸਕਦਾ ਹੈ, ਜੋ ਆਪਣੀ ਵਰਦੀ 'ਚ ਸੀ। ਵੀਡੀਓ



'ਚ ਪੂਰਨਿਮਾ ਨੂੰ ਮੁਆਫ਼ੀ ਮੰਗਦੇ ਸੁਣਿਆ ਜਾ ਸਕਦਾ ਹੈ ਜਦਕਿ ਕੌਸ਼ਿਕ ਨੂੰ ਭੀੜ ਤੋਂ ਆਪਣਾ ਬਚਾਅ ਕਰਦੇ ਦੇਖਿਆ ਜਾ ਸਕਦਾ ਹੈ। ਵੀਡੀਓ 'ਚ ਕੌਸ਼ਿਕ ਭੀੜ 'ਚ ਸ਼ਾਮਲ ਲੋਕਾਂ ਨੂੰ ਕਹਿ ਰਿਹਾ ਹੈ, "ਉਹ ਮਰ ਜਾਵੇਗੀ...ਉਸ ਨੂੰ ਛੱਡ ਦਿਓ...!" ਇਸ ਤੋਂ ਬਾਅਦ ਇਕ ਬਜ਼ੁਰਗ ਨੇ ਦਖ਼ਲਅੰਦਾਜ਼ੀ ਕੀਤੀ, ਉਦੋਂ ਜਾ ਕੇ ਭੀੜ ਸ਼ਾਂਤ ਹੋਈ। ਪੁਲਸ ਡਿਪਟੀ ਕਮਿਸ਼ਨਰ ਐੱਮ. ਹਰਸ਼ਵਰਧਨ ਨੇ ਦੱਸਿਆ ਕਿ ਸਵੇਰੇ ਕਰੀਬ 9 ਵਜੇ ਦਵਾਰਕਾ ਦੱਖਣ ਥਾਣੇ 'ਚ ਘਰੇਲੂ ਸਹਾਇਕ ਵਜੋਂ ਕੰਮ ਕਰਨ ਵਾਲੀ ਇਕ ਨਾਬਾਲਗ ਕੁੜੀ ਨਾਲ ਦੁਰਵਿਵਹਾਰ ਹੋਣ ਦੀ ਸੂਚਨਾ ਮਿਲੀ ਸੀ। ਉਨ੍ਹਾਂ ਕਿਹਾ ਕਿ ਪਤਾ ਲੱਗਾ ਕਿ 10 ਸਾਲ ਦੀ ਬੱਚੀ ਪਿਛਲੇ 2 ਮਹੀਨਿਆਂ ਤੋਂ ਜੋੜੇ ਦੇ ਘਰ ਕੰਮ ਕਰ ਰਹੀ ਹੈ ਅਤੇ ਦੋਹਾਂ ਨੇ ਬੁੱਧਵਾਰ ਨੂੰ ਨਾਬਾਲਗ ਕੁੜੀ ਦੀ ਕੁੱਟਮਾਰ ਕਰ ਦਿੱਤੀ। ਪੁਲਸ ਅਨੁਸਾਰ ਬੱਚੀ ਦੀ ਰਿਸ਼ਤੇਦਾਰ ਔਰਤ ਨੇ ਵੀ ਇਹ ਦੇਖਿਆ। ਮਾਮਲੇ ਦੀ ਖ਼ਬਰ ਫੈਲਣ 'ਤੇ ਜੋੜੇ ਦੇ ਘਰ ਦੇ ਬਾਹਰ ਭੀੜ ਇਕੱਠੀ ਹੋ ਗਈ ਅਤੇ ਉਸ ਨੇ ਉਨ੍ਹਾਂ ਨਾਲ ਧੱਕਾਮੁਕੀ ਕੀਤੀ। ਪੁਲਸ ਨੇ ਦੱਸਿਆ ਕਿ ਪੀੜਤ ਕੁੜੀ ਦੀਆਂ ਅੱਖਾਂ 'ਤੇ ਸੱਟ ਲੱਗੀ ਹੈ ਅਤੇ ਉਸ ਦੇ ਸਰੀਰ 'ਤੇ ਵੀ ਸੱਟ ਦੇ ਨਿਸ਼ਾਨ ਹਨ। ਪੁਲਸ ਨੇ ਕਿਹਾ ਕਿ ਕੁੜੀ ਨੇ ਜਿਨਸੀ ਸ਼ੋਸ਼ਣ ਦਾ ਕੋਈ ਦੋਸ਼ ਨਹੀਂ ਲਗਾਇਆ ਹੈ। ਕੀ ਜੋੜੇ ਨਾਲ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ? ਇਸ ਦੇ ਜਵਾਬ 'ਚ ਅਧਿਕਾਰੀ ਨੇ ਕਿਹਾ ਕਿ ਸ਼ਿਕਾਇਤ ਦੇ ਅਨੁਰੂਪ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਨੇ ਸ਼ੁਰੂ ਕੀਤੇ ਜਾਣ ਵਾਲੇ ਯੂਟਿਊਬ ਚੈਨਲ ਦਾ ਨਾਮ ਬਦਲਿਆ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਵੈੱਬ ਚੈਨਲ ਸ਼ੁਰੂ ਕੀਤਾ ਜਾ ਰਿਹਾ ਹੈ। ਚੈਨਲ ਦੀ ਸ਼ੁਰੂਆਤ 24 ਜੁਲਾਈ ਤੋਂ ਹੋ ਰਹੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੇਂ ਵੈੱਬ ਚੈਨਲ ਦਾ ਨਾਂ ਬਦਲਣ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਬਾਣੀ ਪ੍ਰਸਾਰਣ ਲਈ 24 ਜੁਲਾਈ ਤੋਂ ਸ਼ੁਰੂ ਕੀਤੇ ਜਾਣ ਵਾਲੇ ਵੈੱਬ ਚੈਨਲ ਦਾ ਨਾਂ 'ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ' ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਚੈਨਲ ਦਾ ਨਾਂ




'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ' ਵਜੋਂ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਸੰਗਤ ਦੇ ਸੁਝਾਵਾਂ ਮੁਤਾਬਕ ਹੁਣ ਵੈੱਬ ਚੈਨਲ ਦਾ ਨਾਂ ਤਬਦੀਲ ਕਰ ਦਿੱਤਾ ਗਿਆ ਹੈ।

# ਗੁਰਦੁਆਰਾ ਐਕਟ 'ਚ ਸੋਧ ਬਾਰੇ ਰਾਜਪਾਲ ਲੈਣਗੇ ਅਟਾਰਨੀ ਜਨਰਲ ਤੋਂ ਸਲਾਹ

**ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਦਿੱਤਾ ਮੋੜਵਾਂ ਜਵਾਬ; ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਵਿਧੀ ਵਿਧਾਨ ਦੇ ਉਲਟ ਦੱਸਿਆ**

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੁਰਦੁਆਰਾ ਐਕਟ 'ਚ ਸੋਧ ਨੂੰ ਪ੍ਰਵਾਨਗੀ ਦੇਣ ਸਬੰਧੀ ਲਿਖੀ ਚਿੱਠੀ ਦਾ ਮੋੜਵਾਂ ਜਵਾਬ ਦਿੱਤਾ ਹੈ। ਰਾਜਪਾਲ ਨੇ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿੱਲ 'ਤੇ ਦੇਸ਼ ਦੇ ਅਟਾਰਨੀ ਜਨਰਲ ਤੋਂ ਕਾਨੂੰਨੀ ਸਲਾਹ ਲੈਣ ਦੀ ਗੱਲ ਆਖਦਿਆਂ 19 ਅਤੇ 20 ਜੂਨ ਨੂੰ ਸੱਦੇ ਗਏ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੂੰ ਲਿਖੇ ਪੱਤਰ 'ਚ ਸ੍ਰੀ ਪੁਰੋਹਿਤ ਨੇ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਬਾਰੇ ਜੋ ਕਾਨੂੰਨੀ ਸਲਾਹ ਲਈ ਗਈ ਹੈ, ਉਸ ਮੁਤਾਬਕ ਦੋ ਰੋਜ਼ਾ ਸੈਸ਼ਨ ਕਾਨੂੰਨੀ ਨੁਕਤਾ ਨਿਗਾਹ ਤੋਂ ਠੀਕ ਨਹੀਂ ਸੀ। ਇਸ ਲਈ ਸੈਸ਼ਨ ਦੌਰਾਨ ਪਾਸ ਕੀਤੇ ਗਏ ਬਿੱਲਾਂ ਬਾਰੇ ਵੀ ਸ਼ੰਕੇ ਪੈਦਾ ਹੋ ਜਾਂਦੇ ਹਨ। ਸਰਕਾਰ ਨੇ ਗੁਰਦੁਆਰਾ ਐਕਟ ਵਿੱਚ ਸੋਧ ਸਬੰਧੀ ਬਿੱਲ ਪਾਸ ਕੀਤਾ ਸੀ ਜਿਸ ਵਿੱਚ ਸਰਕਾਰ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਸਾਰਣ ਲਈ ਹਰੇਕ



ਟੀਵੀ ਚੈਨਲ ਨੂੰ ਬਰਾਬਰ ਦੇ ਅਧਿਕਾਰ ਦੇਣ ਦੀ ਮੱਦ ਸ਼ਾਮਲ ਕੀਤੀ ਗਈ ਸੀ। ਇਸ ਬਿੱਲ ਨੂੰ ਮਨਜ਼ੂਰੀ ਲਈ ਰਾਜਪਾਲ ਕੋਲ ਭੇਜ ਦਿੱਤਾ ਗਿਆ ਸੀ। ਬਿੱਲ 'ਤੇ ਸਹੀ ਨਾ ਪਾਉਣ ਕਰਕੇ 15 ਜੁਲਾਈ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਬਨਵਾਰੀ ਲਾਲ ਪੁਰੋਹਿਤ ਨੂੰ ਚਿੱਠੀ ਲਿਖ ਕੇ ਬਿੱਲ ਤੁਰੰਤ ਪਾਸ ਕਰਨ ਲਈ ਕਿਹਾ ਸੀ। ਰਾਜਪਾਲ ਨੂੰ ਲਿਖੀ ਚਿੱਠੀ 'ਚ ਮੁੱਖ ਮੰਤਰੀ ਨੇ ਕਿਹਾ ਸੀ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਸਰਬ ਸਾਂਝੀ ਗੁਰਬਾਣੀ ਦਾ ਪ੍ਰਸਾਰਣ ਸਾਰਿਆਂ ਲਈ ਮੁਫ਼ਤ ਯਕੀਨੀ ਬਣਾਉਣ ਲਈ ਵਿਧਾਨ ਸਭਾ ਵਿਚ 'ਦਿ ਸਿੱਖ ਗੁਰਦੁਆਰਾਜ਼ (ਸੋਧ) ਬਿੱਲ-2023' ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਸੀ ਕਿ 'ਦਿ ਸਿੱਖ ਗੁਰਦੁਆਰਾ ਐਕਟ-1925' ਵਿਚ ਧਾਰਾ 125-ਏ ਦਰਜ ਕੀਤੀ ਗਈ ਹੈ ਅਤੇ ਵਿਧਾਨ ਸਭਾ ਨੇ ਇਸ ਨੂੰ ਵੱਡੇ ਬਹੁਮਤ ਨਾਲ ਪਾਸ ਕੀਤਾ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਬਿੱਲ ਪਾਸ ਕਰਨ 'ਚ ਦੇਰੀ ਨਾਲ ਲੋਕਾਂ ਦੇ ਜਮਹੂਰੀ ਹੱਕ ਨੂੰ ਦਬਾਇਆ ਜਾ ਰਿਹਾ ਹੈ।

ਪੰਜਾਬ ਵਿਧਾਨ ਸਭਾ ਨੇ ਜੂਨ 'ਚ ਵਿਸ਼ੇਸ਼ ਸੈਸ਼ਨ ਦੌਰਾਨ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਕੁਲਪਤੀ ਦਾ ਅਹੁਦਾ ਰਾਜਪਾਲ ਤੋਂ ਵਾਪਸ ਲੈ ਕੇ ਮੁੱਖ ਮੰਤਰੀ ਨੂੰ ਦੇਣ ਸਬੰਧੀ ਨਵਾਂ ਬਿੱਲ ਪਾਸ ਕੀਤਾ ਸੀ। ਇਸ ਬਿੱਲ 'ਤੇ ਵੀ ਹਾਲ ਦੀ ਘੜੀ ਰਾਜਪਾਲ ਨੇ ਸਹਿਮਤੀ ਨਹੀਂ ਦਿੱਤੀ ਹੈ। ਵਿਧਾਨ ਸਭਾ ਸੈਸ਼ਨ ਨੂੰ ਗੈਰ-ਕਾਨੂੰਨੀ ਕਰਾਰ ਦੇਣ ਨਾਲ ਇਸ ਬਿੱਲ ਦੀ ਮਨਜ਼ੂਰੀ ਸਬੰਧੀ ਵੀ ਸਵਾਲ ਖੜ੍ਹੇ ਹੋ ਗਏ ਹਨ।

# ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਚੜ੍ਹਿਆ ਪੁਲਸ ਅੜਿੱਕੇ, ਟੈਕਸੀ ਡਰਾਈਵਰ ਤੋਂ ਬਣਿਆ ਬੌਬੀ ਸ਼ੂਟਰ

ਚੰਡੀਗੜ੍ਹ: ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਨੇ ਬੁੱਧਵਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ, ਜੋ ਮੋਹਾਲੀ, ਚੰਡੀਗੜ੍ਹ ਅਤੇ ਆਸ-ਪਾਸ ਦੇ ਖੇਤਰਾਂ ਵਿਚ ਸਰਮਾਏਦਾਰ ਵਿਅਕਤੀਆਂ ਨੂੰ ਧਮਕੀ ਭਰੇ ਫ਼ੋਨ ਕਰਕੇ ਫ਼ਰੌਤੀ ਦੀ ਮੰਗ ਕਰਦਾ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਕਸ਼ਮੀਰ ਸਿੰਘ ਉਰਫ਼ ਬੌਬੀ ਸ਼ੂਟਰ (24) ਵਜੋਂ ਹੋਈ ਹੈ, ਜੋ ਕਿ ਪਟਿਆਲਾ ਦੇ ਪਿੰਡ ਘੰਗਰੋਲੀ ਦਾ ਰਹਿਣ ਵਾਲਾ ਅਤੇ ਪੇਸ਼ੇ ਵਜੋਂ ਟੈਕਸੀ ਡਰਾਈਵਰ ਹੈ। ਪੁਲਸ ਟੀਮਾਂ ਨੇ ਉਕਤ ਕੋਲੋਂ ਦੋ ਜ਼ਿੰਦਾ ਕਾਰਤੂਸ ਸਮੇਤ ਇਕ ਦੇਸੀ ਪਿਸਤੌਲ ਵੀ ਬਰਾਮਦ ਕੀਤਾ ਹੈ।

ਏ.ਆਈ.ਜੀ. ਐੱਸ.ਐੱਸ.ਓ.ਸੀ. ਐੱਸ.ਏ.ਐੱਸ ਮੋਹਾਲੀ ਅਸ਼ਵਨੀ ਕਪੂਰ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਵੱਲੋਂ ਜ਼ਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਅਤੇ ਧਮਕੀ ਭਰੀਆਂ ਫੋਨ ਕਾਲਾਂ ਸਬੰਧੀ ਕਈ ਰਿਪੋਰਟਾਂ ਤੋਂ ਬਾਅਦ, ਪੁਲਸ ਟੀਮਾਂ ਨੇ ਮਾਮਲੇ ਦੀ ਵਿਆਪਕ ਜਾਂਚ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਐਡਵਾਂਸ ਇੰਟੈਲੀਜੈਂਸ ਇਕੱਤਰ ਕਰਕੇ ਪੁਲਸ ਨੇ ਬੌਬੀ ਨੂੰ ਜ਼ਿਲ੍ਹਾ ਖੰਨਾ ਤੋਂ ਕਾਬੂ ਕਰਨ ਵਿਚ ਕਾਮਯਾਬੀ ਹਾਸਲ ਕੀਤੀ।

ਏ.ਆਈ.ਜੀ. ਕਪੂਰ ਨੇ ਦੱਸਿਆ ਕਿ ਕਸ਼ਮੀਰ ਉਰਫ਼ ਬੌਬੀ ਚੰਡੀਗੜ੍ਹ, ਮੋਹਾਲੀ ਅਤੇ ਹੋਰ ਆਸ-ਪਾਸ ਦੇ ਇਲਾਕਿਆਂ ਵਿਚ ਨਾਈਟ ਕਲੱਬਾਂ ਅਤੇ ਬਾਰਾਂ ਦੇ ਮਾਲਕਾਂ ਸਮੇਤ ਅਮੀਰ ਵਿਅਕਤੀਆਂ ਨੂੰ ਧਮਕਾ ਕੇ ਜ਼ਬਰਨ ਵਸੂਲੀ ਕਰਦਾ ਸੀ। ਜ਼ਿਕਰਯੋਗ ਹੈ ਕਿ ਥਾਣਾ ਐੱਸ.ਐੱਸ.ਓ.ਸੀ ਐੱਸ.ਏ.ਐੱਸ. ਨਗਰ ਵਿਖੇ ਅਸਲਾ ਐਕਟ ਦੀ ਧਾਰਾ 25-54-59 ਤਹਿਤ ਐੱਫ.ਆਈ.ਆਰ. ਨੰਬਰ 10 ਮਿਤੀ 24-06-2023 ਨੂੰ ਕੇਸ ਪਹਿਲਾਂ ਹੀ ਦਰਜ ਕੀਤਾ ਗਿਆ ਸੀ।



# ਫਰਾਂਸ ਦੇ ਰਾਸ਼ਟਰਪਤੀ ਨੇ ਨਰਿੰਦਰ ਮੋਦੀ ਨੂੰ ਸਿੱਖ ਫੌਜੀਆਂ ਦੀ ਤਸਵੀਰ ਭੇਟ ਕੀਤੀ ਪਰ ਪੱਗ ਉਪਰ ਪਾਬੰਦੀ 'ਤੇ ਚੁੱਪ ਨਿਰਾਸ਼ਾਜਨਕ : ਸ੍ਰ. ਘੁੰਮਣ





ਪੈਰਿਸ : ਫਰਾਂਸ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਨੇ ਆਪਣੀਆਂ ਜਾਨਾਂ ਦੇ ਕੇ ਮੋਹਰੀ ਰੋਲ ਨਿਭਾਇਆ ਸੀ। 14 ਜੁਲਾਈ ਨੂੰ ਫਰਾਂਸ ਦੀ ਅਜ਼ਾਦੀ ( Bastille Day) ਦੇ 70 ਸਾਲ ਪੂਰੇ ਹੋਏ ਹਨ। ਅਜ਼ਾਦੀ ਸਮਾਗਮਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ 'ਲੀਜਨ ਆਫ ਆਨਰ' (FranceÓs Legion of Honour) ਨਾਲ ਸਨਮਾਨਿਤ ਕੀਤਾ ਗਿਆ ਸੀ। ਜਿਸ ਵਿੱਚ ਤਿੰਨਾਂ ਫੌਜਾਂ ਦੀਆਂ ਟੁਕੜੀਆਂ ਦੇ 240 ਫੌਜੀ ਵੀ ਪਰੇਡ ਵਿੱਚ ਸ਼ਾਮਲ ਹੋਏ। ਜਿਸ ਵਿੱਚ ਸਿੱਖ ਫੌਜੀਆਂ ਦੀ ਸ਼ਾਮੂਲੀਆਤ ਖਾਸ ਸੀ। ਯਾਦ ਰਹੇ ਅੱਜ ਵਾਂਗ 14 ਜੁਲਾਈ 1916 ਵਿੱਚ ਸਿੱਖ ਰੈਜ਼ੀਮੈਂਟ ਇਸੇ ਥਾਂ ਪਰੈਡ ਵਿੱਚ ਸਾਬਤ ਸੂਰਤ ਸਿਰਾਂ ਉਪਰ ਪੱਗਾਂ ਬੰਨਕੇ ਖੱਬੇ ਹੱਥ ਨੰਗੀਆਂ ਕਿ ?ਪਾਨਾਂ ਅਤੇ ਸੱਜੇ ਹੱਥ ਮਿਆਨਾਂ ਫੜਕੇ ਪੂਰੀ ਵਰਦੀ ਨਾਲ ਸ਼ਾਮਲ ਹੋਈ ਸੀ ਜਿਸ ਦੀ ਯਾਦਗਾਰੀ ਤਸਵੀਰ ਫਰਾਂਸ ਦੇ ਰਾਸ਼ਟਰਪਤੀ ਵੱਲੋਂ ਸ੍ਰੀ ਨਰਿੰਦਰ ਮੋਦੀ ਨੂੰ ਭੇਟ ਕੀਤੀ ਗਈ ਹੈ। ਜਿਸ ਵਿੱਚ ਇਕ ਫਰੈਂਚ ਬੀਬੀ ਵੀ ਸਿੱਖ ਫੌਜੀਆਂ ਨੂੰ ਇਕ ਗੁਲਦਸਤਾ ਭੇਟ ਕਰਦੀ ਨਜ਼ਰ ਆ ਰਹੀ ਹੈ। ਇਹ ਸਤਿਕਾਰ ਸਿੱਖ ਫੌਜੀਆਂ ਨੂੰ ਫਰਾਂਸ ਦੇਸ਼ ਅਜ਼ਾਦੀ ਵਿੱਚ ਸ਼ਾਮਲ ਹੋਣ ਕਰਕੇ ਸੀ। ਪਰ ਬਦਕਿਸਮਤੀ ਦਾ ਦੌਰ ਹੈ ਜਿਹੜੀ ਪੱਗ ਅਜ਼ਾਦੀ ਲੈਣ ਵੇਲੇ ਸਨਮਾਣ ਦਾ ਚਿੰਨ ਸੀ ਉਹ ਉਪਰ 2004 ਤੋ ਸਿੱਖਾਂ ਉਪਰ ਪਾਬੰਦੀ ਲੱਗੀ ਹੋਈ ਹੈ। ਸ੍ਰੀ ਨਰਿੰਦਰ ਮੋਦੀ ਨੇ ਸਿੱਖ ਫੌਜੀਆਂ ਦੀ ਤਸਵੀਰ ਲੈਦੇ ਮਾਣ ਮਹਿਸੂਸ ਕੀਤਾ ਹੈ ਤਾਂ ਉਹਨਾਂ ਨੂੰ ਫਰਾਂਸ ਦੇ ਰਾਸ਼ਟਰਪਤੀ ਈਮੇਂਨੂੰਆਲ ਮਾਕਰੋਂ ਕੋਲ ਅੱਜ ਪੱਗ ਤੇ ਲੱਗੀ ਪਾਬੰਦੀ ਲਈ ਸਾਰਥਕ ਗੱਲਬਾਤ ਦੀ ਸ਼ੁਰੂਆਤ ਕਰਨੀ ਚਾਹਿਦੀ ਸੀ। ਪਰ ਇਹ ਨਾ ਹੋਣ ਕਰਕੇ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਤੋ ਪਹਿਲਾਂ 2009 ਵਿੱਚ ਵਕਤੀ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਵੀ ਇਸੇ ਤਰਾਂ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ ਜਿਨਾਂ ਨੂੰ ਇਸ ਸਬੰਧੀ ਇਕ ਸਿੱਖ ਵਫਦ ਨੇ ਆਪਣਾ ਮੇਮਰੰਡਮ ਦਿੱਤਾ ਸੀ। ਜੋ ਅੱਜ ਤੱਕ ਇਹ ਮਸਲਾ ਹੱਲ ਨਹੀ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ 1837 ਵਿੱਚ ਫਰਾਂਸ ਨਾਲ ਵਪਾਰਿਕ ਸਮਝੋਤੇ ਕੀਤੇ ਸਨ। ਜਿਸ ਦੇ ਅਧਾਰ ਤੇ ਅੱਜ ਫਰਾਂਸ ਅਤੇ ਭਾਰਤ ਦੇ ਚੰਗੇ ਸਬੰਧ ਸਥਾਪਤ ਹਨ।

ਸ. ਦਲਵਿੰਦਰ ਸਿੰਘ ਘੁੰਮਣ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਯੂਥ ਵੱਲੋ ਦੋਵੇ ਸਰਕਾਰਾ ਨੂੰ ਬੇਨਤੀ ਹੈ ਕਿ ਸਿੱਖ ਮਸਲਿਆਂ ਦੇ ਜਰੂਰੀ ਹੱਲ ਵੱਧਣਾ ਚਾਹਿਦਾ ਹੈ। ਫਰਾਂਸ ਦਾ ਸਵਿਧਾਨ ਜਿਥੇ ਬਰਾਬਰਤਾ, ਅਜ਼ਾਦੀ ਅਤੇ ਭਾਈਚਾਰੇ (Egalite, Liberte, Fraternite) ਦਾ ਮੁਦਈ ਹੈ ਇਸ ਲਈ ਹਰ ਵਰਗ ਦੀਆਂ ਧਾਰਮਿਕ ਆਸਥਾ, ਪ੍ਰੰਪਰਾਵਾ, ਮਰਿਆਦਾ ਨੂੰ ਮੰਨਣ ਦੀ ਖੁੱਲ ਹੋਣੀ ਚਾਹੀਦੀ ਹੈ। ਗੁਰੂ ਸਾਹਿਬਾਨ ਦਾ ਸੰਦੇਸ਼ ਵੀ ਵਿਆਕਤੀ ਦੇ ਬੋਲਣ, ਲਿਖਣ ਅਤੇ ਬਰਾਬਰਤਾ ਦੀ ਵਕਾਲਤ ਕਰਦਾ ਹੈ ਪਹਿਨਣ ਦੀ, ਖਾਣ ਦੀ ਮਨੁੱਖੀ ਅਜ਼ਾਦੀ ਦੀ ਪ੍ਰੋੜਤਾ ਕਰਨੀ ਬਣਦੀ ਹੈ।

# ਕੈਨੇਡਾ 'ਚ 5 ਪੰਜਾਬੀਆਂ ਨੂੰ ਮਿਲਿਆ '30 ਅੰਡਰ 30 ਯੰਗ ਲੀਡਰਜ਼' ਦਾ ਸਨਮਾਨ



ਬ੍ਰਿਟਿਸ਼ ਕੋਲੰਬੀਆ : ਪੰਜਾਬੀ ਦੁਨੀਆ ਦੇ ਜਿਸ ਕੋਨੇ ਵਿਚ ਵੀ ਗਏ ਹਨ, ਉੱਥੇ ਨਾਮਣਾ ਖੱਟਿਆ ਹੈ। ਇਸੇ ਤਰ੍ਹਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਨੇ ਵੀ ਉੱਚ ਅਹੁਦੇ ਹਾਸਲ ਕਰਕੇ ਭਾਈਚਾਰੇ ਦਾ ਮਾਣ ਵਧਾਇਆ ਹੈ। ਹਾਲ ਹੀ ਵਿਚ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਉਦਯੋਗ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ ਬੀ.ਸੀ. ਬਿਜਨੈੱਸਜ਼ ਵੱਲੋਂ '30 ਅੰਡਰ 30 ਯੰਗ ਲੀਡਰਜ਼ 2023' ਦੇ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਇਹ ਵੱਕਾਰੀ ਸਨਮਾਨ ਹਾਸਲ ਕਰਨ ਵਾਲਿਆਂ ਵਿਚ 3 ਪੰਜਾਬਣਾਂ ਤੇ 2 ਪੰਜਾਬੀ ਨੌਜਵਾਨ ਵੀ ਸ਼ਾਮਲ ਹਨ।

ਬੀ.ਸੀ. ਬਿਜਨੈੱਸਜ਼ ਵੱਲੋਂ ਇਹ ਸਨਮਾਨ ਸੂਬੇ ਦੇ 30 ਸਾਲ ਤੋਂ ਘੱਟ ਉਮਰ ਦੇ ਉਹਨਾਂ 30 ਨੌਜਵਾਨ ਮੁੰਡੇ-ਕੁੜੀਆਂ ਨੂੰ ਦਿੱਤਾ ਜਾਂਦਾ ਹੈ, ਜਿਹਨਾਂ ਨੇ ਉਦਯੋਗ, ਖੇਤੀਬਾੜੀ, ਤਕਨਾਲੋਜੀ, ਸਿੱਖਿਆ ਅਤੇ ਇਨੋਵੇਸ਼ਨ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੋਵੇ। ਇਹ ਸਨਮਾਨ ਹਾਸਲ ਕਰਨ ਵਾਲੀ ਰਵੀਨਾ ਉਬਰਾਏ (29) ਜਸਟ ਕੇਕਸ ਬੇਕਸ਼ੌਪ ਦੀ ਮਾਲਕ ਹੈ ਤੇ ਇਹ ਕੰਪਨੀ ਬ੍ਰਿਟਿਸ਼ ਕੋਲੰਬੀਆ ਦੇ 85 ਰੀਟੇਲਰਾਂ ਨੂੰ ਕੇਕ ਸਪਲਾਈ ਕਰਦੀ ਹੈ। ਸਬਰੀਨਾ ਰਾਏ (29) ਕਵਾਂਟਲਿਨ ਪੋਲਟੈਕਨਿਕ ਯੂਨੀਵਰਸਿਟੀ ਵਿਚ ਅਕਾਊਂਟਿੰਗ ਦੀ ਪੜ੍ਹਾਈ ਕਰਵਾਉਂਦੀ ਹੈ। ਪੇਜ਼ੀ ਸੰਧਰ (27) ਕਾਊਚਰਾਊਜ਼ ਕੰਪਨੀ ਦੀ ਸਹਿ ਸੰਸਥਾਪਕ ਹੈ। 25 ਸਾਲਾ ਸਰਬ ਪੁਰੇਵਾਲ ਸੈਵਨ ਹੌਰਸਜ਼ ਟਰਾਂਸਪੋਰਟ ਲਿਮਟਿਡ ਦਾ ਮੀਤ ਪ੍ਰਧਾਨ ਹੈ। ਇਸ ਕੰਪਨੀ ਦੇ 100 ਟਰੱਕ ਤੇ 200 ਟਰੇਲਰ ਹਨ। 2015 ਵਿਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਇਆ 26 ਸਾਲਾ ਸੁਖਮਨਜੀਤ ਸਿੰਘ ਸਿੱਧੂ ਬਲੈਕਬੱਕ ਲੌਜਿਸਟਿਕਸ ਇੰਕ ਦਾ ਸੀਈਓ ਹੈ। ਬਲੈਕਬੱਕ 200 ਟਰੱਕਿੰਗ ਕੰਪਨੀਆਂ ਨਾਲ ਡੀਲ ਕਰਦਾ ਹੈ।

# ਪਿਛਲੇ ਸਾਲ 2.4 ਅਰਬ ਲੋਕਾਂ ਨੂੰ ਲਗਾਤਾਰ ਭੋਜਨ ਨਹੀਂ ਮਿਲਿਆ : ਸੰਯੁਕਤ ਰਾਸ਼ਟਰ



ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਨੇ ਗਲੋਬਲ ਖੁਰਾਕ ਸੁਰੱਖਿਆ 'ਤੇ ਇਕ ਚਿੰਤਾਜਨਕ ਰਿਪੋਰਟ 'ਚ ਕਿਹਾ ਕਿ ਪਿਛਲੇ ਸਾਲ 2.4 ਅਰਬ ਲੋਕਾਂ ਨੂੰ ਲਗਾਤਾਰ ਭੋਜਨ ਨਹੀਂ ਮਿਲਿਆ ਅਤੇ ਘੱਟੋ-ਘੱਟ 78.3 ਕਰੋੜ ਲੋਕਾਂ ਨੂੰ ਭੁੱਖ ਨਾਲ ਜੂਝਣਾ ਪਿਆ। ਗਲੋਬਲ ਸੰਸਥਾ ਨੇ ਕਿਹਾ ਕਿ ਇਸ ਕਾਰਨ 14.8 ਕਰੋੜ ਬੱਚਿਆਂ ਦਾ ਵਿਕਾਸ ਵੀ ਰੁੱਕ ਗਿਆ। ਸੰਯੁਕਤ ਰਾਸ਼ਟਰ ਦੀਆਂ ਪੰਜ ਏਜੰਸੀਆਂ ਨੇ 'ਫੂਡ ਸਕਿਓਰਿਟੀ ਐਂਡ ਨਿਊਟਰੀਸ਼ਨ ਸਟੇਟਸ ਰਿਪੋਰਟ 2023' 'ਚ ਕਿਹਾ ਹੈ ਕਿ 2021 ਤੋਂ 2022 ਦਰਮਿਆਨ ਦੁਨੀਆ 'ਚ ਭੁੱਖੇ ਲੋਕਾਂ ਦੀ ਗਿਣਤੀ 'ਚ ਕੋਈ ਖਾਸ ਬਦਲਾਅ ਨਹੀਂ ਆਇਆ ਪਰ ਕਈ ਥਾਵਾਂ 'ਤੇ ਲੋਕਾਂ ਨੂੰ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰਨਾ ਪਿਆ। ਰਿਪੋਰਟ ਵਿੱਚ ਪੱਛਮੀ ਏਸ਼ੀਆ, ਕੈਰੇਬੀਅਨ ਅਤੇ ਅਫਰੀਕਾ ਦੇ ਦੇਸ਼ਾਂ ਨੂੰ ਚਿੰਨ੍ਹਤ ਕੀਤਾ ਗਿਆ, ਜਿੱਥੇ 20 ਫ਼ੀਸਦੀ ਆਬਾਦੀ ਭੁੱਖਮਰੀ ਦਾ ਸ਼ਿਕਾਰ ਹੋਈ ਅਤੇ ਇਹ ਵਿਸ਼ਵ ਦੀ ਔਸਤ ਨਾਲੋਂ ਦੁੱਗਣਾ ਵੀ ਹੈ। ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (FAO) ਦੇ ਡਾਇਰੈਕਟਰ-ਜਨਰਲ ਕਿਊ ਡੋਂਗਈ ਨੇ ਕਿਹਾ, 'ਗਲੋਬਲ ਮਹਾਂਮਾਰੀ ਤੋਂ ਪਹਿਲਾਂ ਦੀਆਂ ਸਥਿਤੀਆਂ ਵਿੱਚ ਵਾਪਸੀ ਦੀ ਗਤੀ ਅਸਮਾਨ ਰਹੀ ਹੈ, ਅਤੇ ਯੂਕਰੇਨ ਵਿੱਚ ਜੰਗ ਨੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਅਤੇ ਸਿਹਤਮੰਦ ਖੁਰਾਕਾਂ ਨੂੰ ਪ੍ਰਭਾਵਿਤ ਕੀਤਾ ਹੈ।'

ਰਿਪੋਰਟ ਮੁਤਾਬਕ ਦੁਨੀਆ ਭਰ ਵਿਚ ਲੋਕਾਂ ਦੀ ਸਿਹਤਮੰਦ ਖੁਰਾਕ ਤੱਕ ਪਹੁੰਚ ਦੀ ਸਥਿਤੀ ਖ਼ਰਾਬ ਹੋ ਚੁੱਕੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਆਬਾਦੀ ਦਾ 42 ਫ਼ੀਸਦੀ ਹਿੱਸਾ ਯਾਨੀ 3.1 ਅਰਬ ਤੋਂ ਵੱਧ ਲੋਕ 2021 ਵਿੱਚ ਸਿਹਤਮੰਦ ਖੁਰਾਕ ਤੱਕ ਨਹੀਂ ਪਹੁੰਚ ਸਕੇ ਸਨ, ਜਿਸ ਵਿਚ 2019 ਦੇ ਮੁਕਾਬਲੇ 13.4 ਕਰੋੜ ਲੋਕਾਂ ਦਾ ਵਾਧਾ ਦਰਦ ਕੀਤਾ ਗਿਆ ਹੈ। ਰਿਪੋਰਟ ਪੇਸ਼ ਕਰਦੇ ਹੋਏ FAO ਦੇ ਮੁੱਖ ਅਰਥ ਸ਼ਾਸਤਰੀ ਮੈਕਸਿਮੋ ਟੋਰੇਰੋ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਗੈਰ-ਸਿਹਤਮੰਦ ਖੁਰਾਕ ਖਾਣ ਵਾਲੇ ਲੋਕਾਂ ਦੀ ਗਿਣਤੀ ਨੂੰ ਘਟਾਉਣਾ ਇੱਕ ਵੱਡੀ ਚੁਣੌਤੀ ਹੈ ਕਿਉਂਕਿ ਇਹ ਸਾਨੂੰ ਦਰਸਾਉਂਦਾ ਹੈ ਕਿ ਸਾਨੂੰ ਖੇਤੀਬਾੜੀ ਸੈਕਟਰ ਅਤੇ ਖੇਤੀ-ਭੋਜਨ ਪ੍ਰਣਾਲੀ ਵਿੱਚ ਆਪਣੇ ਸਰੋਤਾਂ ਦੀ ਵਰਤੋਂ ਵਿਚ ਕਾਫ਼ੀ ਸੁਧਾਰ ਕਰਨ ਦੀ ਲੋੜ ਹੋਵੇਗੀ। ਤਾਜ਼ਾ ਰਿਪੋਰਟ ਦੇ ਅਨੁਸਾਰ, ਉਨ੍ਹਾਂ ਨੇ ਕਿਹਾ ਕਿ 2022 ਵਿੱਚ 69.1 ਕਰੋੜ ਤੋਂ 78.3 ਕਰੋੜ ਲੋਕ ਲੰਮੇ ਸਮੇਂ ਤੋਂ ਕੁਪੋਸ਼ਣ ਦਾ ਸ਼ਿਕਾਰ ਸਨ, ਜੋ ਕਿ ਕੋਰੋਨਵਾਇਰਸ ਮਹਾਂਮਾਰੀ ਦੀ ਸ਼ੁਰੂਆਤ ਤੋਂ ਪਹਿਲਾਂ 2019 ਦੇ ਮੁਕਾਬਲੇ 12.2 ਕਰੋੜ ਵੱਧ ਸੀ।

# 1952 ਤੋਂ ਬਾਅਦ ਪਹਿਲੀ ਵਾਰ ਯੂਕੇ ਦੇ ਪਾਸਪੋਰਟ 'ਚ ਹੋਈ ਵੱਡੀ ਤਬਦੀਲੀ




ਲੰਡਨ : ਬ੍ਰਿਟੇਨ ਵਿਚ ਪਾਸਪੋਰਟ ਸਬੰਧੀ ਤਬਦੀਲੀ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇੱਥੇ 70 ਸਾਲਾਂ ਵਿੱਚ ਪਹਿਲੀ ਵਾਰ ਕਿੰਗ ਚਾਰਲਸ ਤੀਜੇ ਦੇ ਨਾਮ 'ਤੇ 'ਮਹਾਮਹਿਮ' "His Majesty" ਦੇ ਖ਼ਿਤਾਬ ਵਾਲੇ ਬ੍ਰਿਟਿਸ਼ ਪਾਸਪੋਰਟ ਇਸ ਹਫ਼ਤੇ ਜਾਰੀ ਕੀਤੇ ਜਾਣੇ ਸ਼ੁਰੂ ਹੋ ਜਾਣਗੇ। ਗ੍ਰਹਿ ਸਕੱਤਰ ਸੁਏਲਾ ਬ੍ਰੇਵਰਮੈਨ ਨੇ ਮੰਗਲਵਾਰ ਨੂੰ ਘੋਸ਼ਣਾ ਕੀਤੀ ਕਿ "70 ਸਾਲਾਂ ਤੋਂ ਸਿਰਫ Her Majesty ਬ੍ਰਿਟਿਸ਼ ਪਾਸਪੋਰਟਾਂ 'ਤੇ ਪ੍ਰਦਰਸ਼ਿਤ ਕੀਤਾ ਗਿਆ ਹੈ। ਅੱਜ ਯੂਕੇ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਪਲ ਹੈ, ਕਿਉਂਕਿ 1952 ਤੋਂ ਬਾਅਦ ਪਹਿਲੇ ਬ੍ਰਿਟਿਸ਼ ਪਾਸਪੋਰਟ 'ਤੇ 'Her Majesty' ਦੀ ਜਗ੍ਹਾ ਕਿੰਗ ਖਿਤਾਬ (His Majesty) ਅੰਕਿਤ ਹੋਣਾ ਸ਼ੁਰੂ ਹੋਇਆ ਹੈ।

ਸੁਏਲਾ ਨੇ ਪਾਸਪੋਰਟ ਦੇ ਨਵੇਂ ਡਿਜ਼ਾਈਨ ਦਾ ਉਦਘਾਟਨ ਕੀਤਾ, ਜਿਸ ਵਿਚ ਪਿਛਲੇ ਸਾਲ ਸਤੰਬਰ ਵਿਚ ਮਹਾਰਾਣੀ ਐਲਿਜ਼ਾਬੇਥ ਦੂਜੀ ਦੀ ਮੌਤ ਤੋਂ ਬਾਅਦ ਪਾਸਪੋਰਟ 'ਤੇ Her Majesty ਦੀ ਜਗ੍ਹਾ ਤਬਦੀਲੀ ਕੀਤੀ ਗਈ ਸੀ। ਪ੍ਰਥਾ ਮੁਤਾਬਕ 74 ਸਾਲਾ ਕਿੰਗ ਕੋਲ ਕੋਈ ਪਾਸਪੋਰਟ ਨਹੀਂ ਹੈ ਕਿਉਂਕਿ ਇਹ ਦਸਤਾਵੇਜ਼ ਉਹਨਾਂ ਦੇ ਨਾਮ 'ਤੇ ਜਾਰੀ ਹੁੰਦਾ ਹੈ। 2023 ਦੇ ਪਹਿਲੇ ਛੇ ਮਹੀਨਿਆਂ ਵਿੱਚ 50 ਲੱਖ ਤੋਂ ਵੱਧ ਪਾਸਪੋਰਟਾਂ ਦੀ ਪ੍ਰਕਿਰਿਆ ਕੀਤੀ ਗਈ, ਜਿਹਨਾਂ ਵਿਚੋਂ 99 ਪ੍ਰਤੀਸ਼ਤ ਤੋਂ ਵੱਧ 10 ਹਫ਼ਤਿਆਂ ਦੀ ਸਟੈਂਡਰਡ ਯੂਕੇ ਸੇਵਾ ਦੇ ਅੰਦਰ ਜਾਰੀ ਕੀਤੇ ਗਏ। ਇਸ ਸਮਾਂ-ਸੀਮਾ ਦੇ ਅੰਦਰ ਬਹੁਤ ਸਾਰੇ ਪਾਸਪੋਰਟ 90 ਪ੍ਰਤੀਸ਼ਤ ਤੋਂ ਵੱਧ ਤਿੰਨ ਹਫ਼ਤਿਆਂ ਦੇ ਅੰਦਰ ਡਿਲੀਵਰ ਕੀਤੇ ਗਏ ਸਨ। ਗ੍ਰਹਿ ਦਫ਼ਤਰ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਇਹ 2022 ਤੋਂ ਬਾਅਦ HM (ਮਹਾਰਾਜ ਦੇ) ਪਾਸਪੋਰਟ ਦਫ਼ਤਰ ਦੀ ਕਾਰਗੁਜ਼ਾਰੀ ਵਿੱਚ ਇੱਕ ਮਹੱਤਵਪੂਰਨ ਸੁਧਾਰ ਨੂੰ ਦਰਸਾਉਂਦਾ ਹੈ। ਬ੍ਰੇਵਰਮੈਨ ਨੇ ਕਿਹਾ ਕਿ '70 ਸਾਲਾਂ ਤੋਂ ਬ੍ਰਿਟਿਸ਼ ਪਾਸਪੋਰਟਾਂ 'ਤੇ Her Majesty ਲਿਖਿਆ ਗਿਆ ਸੀ ਅਤੇ ਸਾਡੇ ਵਿੱਚੋਂ ਬਹੁਤਿਆਂ ਨੂੰ ਉਹ ਸਮਾਂ ਯਾਦ ਨਹੀਂ ਹੈ ਜਦੋਂ ਉਸ ਦਾ ਨਾਮ ਨਹੀਂ ਲਿਖਿਆ ਗਿਆ ਸੀ।

ਪਾਸਪੋਰਟ ਦੇ ਸਬੰਧ ਵਿਚ ਵਿਆਪਕ ਸੁਧਾਰ ਕੀਤੇ ਗਏ ਹਨ ਪਰ ਮੈਂ ਜਨਤਾ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕਰਦੀ ਹਾਂ ਕਿ ਉਹ ਸਹੀ ਸਮੇਂ 'ਤੇ ਪਾਸਪੋਰਟ ਲਈ ਅਰਜ਼ੀ ਦੇਣ। ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਪਾਸਪੋਰਟ ਪਹਿਲੀ ਵਾਰ 1414 ਵਿੱਚ ਹੈਨਰੀ V ਦੇ ਸ਼ਾਸਨਕਾਲ ਦਾ ਹੈ ਅਤੇ ਇਸਨੂੰ ਸੁਰੱਖਿਅਤ ਆਚਰਣ ਦੇ ਦਸਤਾਵੇਜ਼ ਵਜੋਂ ਜਾਣਿਆ ਜਾਂਦਾ ਸੀ। 1915 ਵਿੱਚ ਫੋਟੋ ਅਤੇ ਦਸਤਖ਼ਤ ਵਾਲਾ ਪਹਿਲਾ ਆਧੁਨਿਕ ਸ਼ੈਲੀ ਦਾ ਬ੍ਰਿਟਿਸ਼ ਪਾਸਪੋਰਟ ਜਾਰੀ ਕੀਤਾ ਗਿਆ ਸੀ। ਪਾਸਪੋਰਟਾਂ ਵਿੱਚ ਇੱਕ ਵਿਸ਼ੇਸ਼ ਵਾਟਰਮਾਰਕ ਅਤੇ ਹੋਰ ਸੁਰੱਖਿਆ ਵਿਸ਼ੇਸ਼ਤਾਵਾਂ 1972 ਵਿੱਚ ਪੇਸ਼ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਪਾਸਪੋਰਟ ਦੇ ਡਿਜ਼ਾਈਨ 'ਚ ਕਈ ਬਦਲਾਅ ਕੀਤੇ ਗਏ ਹਨ। ਸਾਲ 1988 ਵਿੱਚ ਪਹਿਲੀ ਵਾਰ ਮੈਰੂਨ ਰੰਗ ਦੇ ਮਸ਼ੀਨ ਰੀਡੇਬਲ ਪਾਸਪੋਰਟ ਜਾਰੀ ਕੀਤੇ ਗਏ ਸਨ। ਸਾਲ 2020 'ਚ ਬ੍ਰਿਟੇਨ ਦੇ ਯੂਰਪੀ ਸੰਘ ਤੋਂ ਵੱਖ ਹੋਣ ਤੋਂ ਬਾਅਦ ਇਸ ਨੂੰ ਫਿਰ ਤੋਂ ਬਦਲ ਦਿੱਤਾ ਗਿਆ ਸੀ।



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ ’ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ ‘ਇਨ ਸਰਵਿਸ ਆਫ਼ ਹਿਜ਼ ਮਾਸਟਰ’ ਕਿਤਾਬ ਨੂੰ ਲੜੀਵਾਰ ‘ਸਾਡੇ ਲੋਕ’ ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ ’ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ ‘ਸਾਡੇ ਲੋਕ’ ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ ’ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੱਗੀ ਕਤਾਰ ਖਤਮ ਨਹੀਂ ਹੋ ਰਹੀ ਸੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਮੇਅਰ ਆਪਣੇ ਕਾਫ਼ੀ ਸਾਰੇ ਸਿਟੀ ਕੌਂਸਲ ਮੈਂਬਰਾਂ ਨਾਲ ਪੁੱਜ ਗਿਆ, ਕੋਵੈਂਟਰੀ ਦਾ ਬਿਸ਼ਪ ਪੀਟਰ ਬੇਰੀ, ਆਰਕੀਟੈਕਟ ਮਿਸਟਰ ਸਿਡਵੈੱਲ ਅਤੇ ਠੇਕੇਦਾਰ ਮਿਸਟਰ ਓ’ਨੀਲ ਅਤੇ ਉਨ੍ਹਾਂ ਦਾ ਸਟਾਫ ਸੱਦੇ ਹੋਏ ਮਹਿਮਾਨਾਂ ਵਿੱਚ ਸ਼ਾਮਲ ਸਨ। ਮੇਅਰ ਨੇ ਖੁਸ਼ੀ ਨਾਲ ਚਾਰੇ ਪਾਸੇ ਦੇਖਿਆ ਕਿਉਂਕਿ ਉਸਨੇ ਪਹਿਲੀ ਵਾਰ ਸਿੱਖਾਂ ਦੇ ਇਹ ਰੰਗ ਦੇਖੇ ਸਨ। ਪਾਪਾ ਜੀ ਅਤੇ ਖਾਲਸਾ ਉਨ੍ਹਾਂ ਨਾਲ ਹੱਥ ਮਿਲਾਉਣ ਲਈ ਉਨ੍ਹਾਂ ਦੇ ਅੱਗੇ ਹੋਏ ਅਤੇ ਆਪਣੇ ਸਾਰੇ ਟੀਮ ਮੈਂਬਰਾਂ ਨਾਲ ਉਨ੍ਹਾਂ ਦੀ ਜਾਣ ਪਛਾਣ ਕਰਵਾਈ। ਮੇਅਰ ਨੇ ਪੁੱਛਿਆ ਕਿ ਕੀ ਆਪਾਂ ਨੂੰ ਅੱਗੇ ਵਧਣਾ ਚਾਹੀਦਾ ਹੈ।

ਪਾਪਾ ਜੀ ਨੇ ਬਾਬਾ ਜੀ ਨੂੰ ਪੌੜੀਆਂ ਚੜ੍ਹ ਕੇ ਅੱਗੇ ਆਉਣ ਲਈ ਕਿਹਾ ਅਤੇ ਮੇਅਰ ਉਨ੍ਹਾਂ ਦੇ ਪਿੱਛੇ ਪਿੱਛੇ ਸਨ। ਬਾਬਾ ਜੀ ਮੇਅਰ ਨਾਲ ਪੌੜੀਆਂ ’ਤੇ ਚੜ੍ਹ ਗਏ, ਉਨ੍ਹਾਂ ਪਿੱਛੇ ਪਾਪਾ ਜੀ ਅਤੇ ਖਾਲਸਾ, ਇੱਕ ਪਾਸੇ ਸੋਹਣ ਸਿੰਘ ਗੱਫਾ ਅਤੇ ਸੱਜੇ ਪਾਸੇ ਪਿੱਛੇ ਸੁੱਚਾ ਸਿੰਘ ਸੀ। ਮੈਂ ਉੱਪਰ ਪੌੜੀਆਂ ਦੇ ਸਿਖਰ ’ਤੇ ਦਰਵਾਜ਼ੇ ਕੋਲ ਰਿਬਨ ਕੱਟਣ ਲਈ ਕੈਂਚੀ ਲੈ ਕੇ ਖੜ੍ਹਾ ਇੰਤਜ਼ਾਰ ਕਰ ਰਿਹਾ ਸੀ, ਬੀਜੀ ਦਰਵਾਜ਼ਿਆਂ ਦੀ ਫਰੇਮ ’ਤੇ ਤੇਲ ਚੋਣ ਲਈ ਤੇਲ ਦੀ ਬੋਤਲ ਲੈ ਕੇ ਅੰਦਰ ਖੜ੍ਹੇ ਸਨ।

ਜਿਵੇਂ ਹੀ ਮੇਅਰ ਨੇ ਰਿਬਨ ਕੱਟਿਆ, ਬਾਬਾ ਜੀ ਨੇ ਜੈਕਾਰਾ ਛੱਡਿਆ, ‘ਜੋ ਬੋਲੇ ਸੋ ਨਿਹਾਲ।’

ਸਮੁੱਚੀ ਸੰਗਤ ਨੇ ‘ਸਤਿ ਸ੍ਰੀ ਅਕਾਲ’ ਬੋਲ ਕੇ ਉਨ੍ਹਾਂ ਦਾ ਜਵਾਬ ਦਿੱਤਾ। ਜੈਕਾਰਾ ਕਈ ਵਾਰ ਗੂੰਜਿਆ ਅਤੇ ਹਰ ਵਾਰ ਇਸਦੀ ਆਵਾਜ਼ ਉੱਚੀ ਹੁੰਦੀ ਗਈ।

ਹਰਦੇਵ ਸਿੰਘ ਅਤੇ ਉਨ੍ਹਾਂ ਦੇ ਮੁੰਡਿਆਂ ਦੀ ਟੀਮ ਮਹਿਮਾਨਾਂ ਤੋਂ ਜੁੱਤੀਆਂ ਲੈਣ ਅਤੇ ਉਨ੍ਹਾਂ ਨੂੰ ਟੋਕਨ ਦੇਣ ਲਈ ਤਿਆਰ ਸੀ। ਜਿਨ੍ਹਾਂ ਕੋਲ ਸਿਰ ਢਕਣ ਲਈ ਕੱਪੜਾ ਨਹੀਂ ਸੀ ਅਤੇ ਜਿਨ੍ਹਾਂ ਨੂੰ ਇਸਨੂੰ ਬੰਨ੍ਹਣਾ ਨਹੀਂ ਆਉਂਦਾ ਸੀ, ਉਹ ਉਨ੍ਹਾਂ ਦੀ ਮਦਦ ਕਰ ਰਹੇ ਸਨ। ਜਦੋਂ ਇਹ ਹੋ ਗਿਆ ਤਾਂ ਮੈਂ ਮੇਜ਼ਾਂ ਕੋਲ ਚਾਹ ਅਤੇ ਸੈਂਡਵਿਚ ਵਰਤਾਉਣ ਲਈ ਗਿਆ।

ਲੋਕ ਜ਼ਿਆਦਾ ਕਰੀਬ ਆਉਣਾ ਚਾਹੁੰਦੇ ਸਨ, ਪਰ ਅਸੀਂ ਉਨ੍ਹਾਂ ਦੇ ਬੇਕਾਬੂ ਨਾ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਸਾਨੂੰ ਬਹੁਤ ਘੱਟ ਸਫਲਤਾ ਮਿਲੀ। ਜਦੋਂ ਸਾਰੇ ਮਹਿਮਾਨਾਂ ਨੇ ਚਾਹ ਪੀ ਲਈ, ਅਸੀਂ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਅਗਲਾ ਪ੍ਰੋਗਰਾਮ ਅੰਦਰ ਹੈ। ਅਸੀਂ ਉਨ੍ਹਾਂ ਨੂੰ ਗੁਰਦੁਆਰੇ ਦੇ ਅੰਦਰ ਲੈ ਕੇ ਗਏ।

ਇੱਕ ਵਾਰ ਜਦੋਂ ਮਹਿਮਾਨਾਂ ਨੂੰ ਅੰਦਰ ਬੈਠਾ ਦਿੱਤਾ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਸੀ। ਇਹ ਪਹਿਲੀ ਵਾਰ ਸੀ ਜਦੋਂ ਉਨ੍ਹਾਂ ਨੇ ਭਾਰਤ ਦੇਖਿਆ ਸੀ, ਉਂਜ ਤਾਂ ਉਨ੍ਹਾਂ ਨੇ ਭਾਰਤ ਤੋਂ ਵਾਪਸ ਆਏ ਸੈਨਿਕਾਂ ਤੋਂ ਹੀ ਸੁਣਿਆ ਸੀ ਕਿ ਭਾਰਤ ਵਿਭਿੰਨ ਰੰਗਾਂ ਦਾ ਦੇਸ਼ ਹੈ, ਪਰ ਅੱਜ ਇਹ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਸੀ। ਇਹ ਇੱਕ ਵੱਖਰੀ ਕਿਸਮ ਦੀ ਚਰਚ ਸੀ, ਇਹ ਪਹਿਲੀ ਵਾਰ ਸੀ ਜਦੋਂ ਉਹ ਬਿਨਾਂ ਜੁੱਤੀਆਂ ਦੇ ਸਿਰ ਢਕ ਕੇ ਫਰਸ਼ ’ਤੇ ਬੈਠੇ ਸਨ। ਉਨ੍ਹਾਂ ਨੇ ਇਹ ਵੀ ਅਨੁਭਵ ਕੀਤਾ ਹੋਵੇਗਾ ਕਿ ਪਰਮਾਤਮਾ ਇੱਕ ਉੱਚੀ ਥਾਂ ’ਤੇ ਬਿਰਾਜਮਾਨ ਹੈ ਅਤੇ ਉਨ੍ਹਾਂ ਨੂੰ ਸੈਂਡਲ ਉਤਾਰਨ ਅਤੇ ਸਿਰ ਢਕਣ ਲਈ ਕਿਹਾ ਗਿਆ, ਕਿਉਂਕਿ ਉੱਥੇ ਪਰਮਾਤਮਾ ਦੀ ਮੌਜੂਦਗੀ ਹੈ। ਉਨ੍ਹਾਂ ਲਈ ਇਹ ਪਹਿਲਾ ਅਨੁਭਵ ਸੀ। ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਦੇਖੀ ਜਾ ਸਕਦੀ ਸੀ। ਕੁਝ ਸਾਲ ਪਹਿਲਾਂ ਕੋਵੈਂਟਰੀ ਕੈਥੇਡਰਲ ਨੂੰ ਆਧੁਨਿਕ ਵਸਤੂਕਲਾ ਨਾਲ ਤਿਆਰ ਕਰਕੇ ਖੋਲ੍ਹਿਆ ਗਿਆ ਅਤੇ ਹੁਣ ਇਹ ਗੁਰਦੁਆਰਾ। ਕੋਵੈਂਟਰੀ ਦੀ ਜ਼ਮੀਨ ’ਤੇ ਨਵਾਂ ਗੁਰਦੁਆਰਾ ਉਸਾਰਿਆ ਗਿਆ ਸੀ। ਯੂਰਪ ਦਾ ਪਹਿਲਾ ਗੁਰਦੁਆਰਾ ਜਿਹੜਾ ਖੁਦ ਤਿਆਰ ਕੀਤਾ ਗਿਆ ਸੀ। ਅਸਲ ਵਿੱਚ ਇਹ ਕੋਵੈਂਟਰੀ ਲਈ ਮਾਣ ਵਾਲਾ ਪਲ ਸੀ।

ਪੀਟਰ ਬੇਰੀ ਨੇ ਟਿੱਪਣੀ ਕੀਤੀ, ‘ਬਲਬੀਰ ਪਰਮਾਤਮਾ ਦੀ ਮਹਿਮਾ ਵਿੱਚ ਇਹ ਅਦਭੁੱਤ ਪਲ ਹੈ।’

ਲੋਕ ਗੁਰਦੁਆਰੇ ਅੰਦਰ ਪ੍ਰਵੇਸ਼ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਸਿੱਜਦਾ ਕਰਨ ਲਈ ਕਤਾਰਾਂ ਵਿੱਚ ਖੜ੍ਹੇ ਸਨ। ਪਾਪਾ ਜੀ ਹਰ ਇੱਕ ਨੂੰ ਕਹਿ ਰਹੇ ਸਨ ਕਿ ਉਹ ਅੱਗੇ ਵਧਣ ਤਾਂ ਕਿ ਹਰ ਇੱਕ ਨੂੰ ਬੈਠਣ ਲਈ ਥਾਂ ਮਿਲ ਸਕੇ, ਪਰ ਇਸਦਾ ਕੋਈ ਅਸਰ ਨਹੀਂ ਸੀ ਕਿਉਂਕਿ ਉਨ੍ਹਾਂ ਦੇ ਅੱਗੇ ਬਹੁਤ ਸਾਰੇ ਲੋਕ ਸਨ। ਇਸ ਲਈ ਉਹ ਲੌਬੀ ਅਤੇ ਬਾਹਰ ਇਕੱਠੇ ਹੋਣੇ ਸ਼ੁਰੂ ਹੋ ਗਏ। ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੱਗੀ ਕਤਾਰ ਖਤਮ ਨਹੀਂ ਹੋ ਰਹੀ ਸੀ। ਆਖਿਰ ਪਾਪਾ ਜੀ ਨੇ ਖਾਲਸਾ ਨੂੰ ਅਨਾਊਂਸਮੈਂਟ ਕਰਨ ਲਈ ਕਿਹਾ ਕਿ ਹਰ ਕੋਈ ਜਿੱਥੇ ਹੈ ਬੈਠ ਜਾਵੇ ਅਤੇ ਮਹਿਮਾਨਾਂ ਦਾ ਸਵਾਗਤ ਕਰਨ ਦੀ ਰਸਮੀ ਕਾਰਵਾਈ ਤੋਂ ਬਾਅਦ ਮੱਥਾ ਟੇਕਣ ਲਈ ਇੰਤਜ਼ਾਰ ਕਰਨ। ਜਦੋਂ ਮਹਿਮਾਨ ਬੋਲ ਹਟਣ ਤਾਂ ਫਿਰ ਤੋਂ ਕਤਾਰਾਂ ਵਿੱਚ ਲੱਗਣਾ ਜਾਰੀ ਰਹੇਗਾ। ਲੋਕਾਂ ਨੂੰ ਜਿੱਥੇ ਥਾਂ ਮਿਲੀ, ਉਹ ਉੱਥੇ ਹੀ ਬੈਠ ਗਏ। ਖਾਲਸਾ ਨੇ ਬਾਵਾ ਸਿੰਘ ਦੀ ਜਾਣ ਪਛਾਣ ਕਰਵਾ ਕੇ ਉਸਨੂੰ ਸੱਦੇ ਗਏ ਮਹਿਮਾਨਾਂ ਲਈ ਸਵਾਗਤੀ ਬੋਲ ਬੋਲਣ ਲਈ ਕਿਹਾ। ਉਹ ਵਿਰਾਮ ਦਿੰਦੇ ਹੋਏ ਬੋਲੇ ਅਤੇ ਆਪਣੇ ਕੁਝ ਖਾਸ ਬਿੰਦੂਆਂ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਿੱਖ ਧਰਮ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੱਤੀ। ਇਹ ਪੂਰੀ ਤਰ੍ਹਾਂ ਨਾਲ ਮਨੁੱਖੀ ਜਾਤ ਦੀ ਸੇਵਾ ਨੂੰ ਸਮਰਪਿਤ ਹੈ। ਉਨ੍ਹਾਂ ਨੇ ਭਾਈਚਾਰੇ ਦਾ ਮਹੱਤਵ ਅਤੇ ਇਨਸਾਨੀ ਭਾਈਚਾਰੇ ਦੇ ਮਹੱਤਵ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਦਾ ਨਿਰਮਾਣ ਭਾਈਚਾਰੇ ਵੱਲੋਂ ਦਿੱਤੇ ਦਾਨ ਨਾਲ ਉਸਾਰਿਆ ਗਿਆ ਹੈ, ਲੋਕਾਂ ਨੇ ਆਪਣੀ ਮਿਹਨਤ ਨਾਲ ਕੀਤੀ ਕਮਾਈ ਵਿੱਚੋਂ ਹਫ਼ਤਾਵਰੀ ਖਰਚਿਆਂ ਵਿੱਚੋਂ ਥੋੜ੍ਹੇ ਥੋੜ੍ਹੇ ਪੈਸੇ ਬਚਾ ਕੇ ਦਾਨ ਦਿੱਤਾ ਹੈ, ਇਹ ਦਾਨ ਸਾਰਿਆਂ ਨੇ ਦਿੱਤਾ ਹੈ, ਕੋਈ ਵੀ ਅਜਿਹਾ ਨਹੀਂ ਹੈ ਜਿਸਨੇ ਨਾ ਦਿੱਤਾ ਹੋਵੇ। ਉਨ੍ਹਾਂ ਨੇ ਸਿਟੀ ਕੌਂਸਲ ਨੂੰ ਗੁਰਦੁਆਰੇ ਦੇ ਨਾਲ ਲੱਗਦੀ ਸ਼ਹਿਰ ਦੀ ਜ਼ਮੀਨ ਵੇਚਣ ਸਬੰਧੀ ਕਿਹਾ ਕਿਉਂਕਿ ਸਿੱਖਾਂ ਨੇ ਅਜੇ ਇੱਥੇ ਗ੍ਰੰਥੀ ਦੀ ਰਿਹਾਇਸ਼ ਬਣਾਉਣੀ ਹੈ।

ਫਿਰ ਉਹ ਇਸਦੀ ਲਾਗਤ ’ਤੇ ਪੁੱਜਿਆ। ਮੈਂ ਪਾਪਾ ਜੀ ਨੂੰ ਆਪਣੇ ਨਹੁੰਆਂ ਨੂੰ ਰਗੜਦੇ ਦੇਖਿਆ, ਉਹ ਜਾਣਦੇ ਸਨ ਕਿ ਬਾਬਾ ਜੀ ਅਤੇ ਬਾਵਾ ਸਿੰਘ ਵਿਚਕਾਰ ਰਾਸ਼ੀ ਦੇ ਪਿੱਛੇ ‘ਓਨਲੀ’ ਸ਼ਬਦ ਨੂੰ ਲੈ ਕੇ ਤਲਖ਼ੀ ਹੁੰਦੀ ਸੀ। ਪਾਪਾ ਜੀ ਨੂੰ ਵਿਸ਼ਵਾਸ ਸੀ ਕਿ ਬਾਵਾ ਸਿੰਘ ਨੇ ਉਨ੍ਹਾਂ ਨਾਲ ਅਜਿਹਾ ਨਾ ਕਰਨ ਦਾ ਵਾਅਦਾ ਕੀਤਾ ਹੈ, ਇਸ ਲਈ ਉਨ੍ਹਾਂ ਨੇ ਗੁਰਦੁਆਰੇ ਦੀ ਇਮਾਰਤ ਦੇ ਨਿਰਮਾਣ ਦੀ ਲਾਗਤ ਬਾਰਾਂ ਹਜ਼ਾਰ ਪੌਂਡ ਦੱਸੀ, ਫਿਰ ਉਹ ਰੁਕ ਗਏ ਅਤੇ ਬਾਬਾ ਜੀ ਵੱਲ ਦੇਖਿਆ, ਜਿਹੜੇ ਉਨ੍ਹਾਂ ਵੱਲ ਇਸ ਤਰ੍ਹਾਂ ਦੇਖ ਰਹੇ ਸਨ ਕਿ ‘ਓਨਲੀ’ ਕਹਿਣ ਦੀ ਹਿੰਮਤ ਨਹੀਂ ਕਰਨੀ। ਬਾਵਾ ਸਿੰਘ ਮੁਸਕਰਾਇਆ ਅਤੇ ‘ਓਨਲੀ’ ਕਹਿਣ ਤੋਂ ਬਿਨਾਂ ਹੀ ਅੱਗੇ ਵਧ ਗਿਆ। ਮੈਨੂੰ ਲੱਗਿਆ ਕਿ ਇੱਕ ਹੀ ਦਿਨ ਵਿੱਚ ਪਾਪਾ ਜੀ ਲਈ ਇਹ ਦੂਜਾ ਜਸ਼ਨ ਸੀ।

(ਚਲਦਾ)



# ਕਿਰਨਦੀਪ ਕੌਰ ਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਿਆ ਗਿਆ



ਅਮ੍ਰਿਤਸਰ : ਮੈਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਿਆ ਗਿਆ ਹੈ, ਕਿਉਂਕਿ ਕਾਨੂੰਨ ਦੇ ਅਨੁਸਾਰ ਮੈਨੂੰ 180 ਦਿਨ ਪਹਿਲਾਂ ਦਾਖਲਾ ਲੈਣ ਦੀ ਲੋੜ ਹੈ। ਅਪ੍ਰੈਲ ਦੇ ਦੌਰਾਨ ਕੁਝ ਮੀਡੀਆ ਅਤੇ ਵਿਅਕਤੀਆਂ ਨੇ ਸੋਚਿਆ ਕਿ ਮੈਂ ਇੰਗਲੈਂਡ ਵਾਪਸ 'ਭੱਜ' ਰਹੀ ਸੀ, ਕਿਸੇ ਦੇ ਵੀ ਘਰ ਵਾਪਸ ਜਾਣ ਨੂੰ 'ਭੱਜਣਾ' ਨਹੀਂ ਕਿਹਾ ਜਾ ਸਕਦਾ। ਇੱਕ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਮੇਰੇ 'ਤੇ ਵੱਖ-ਵੱਖ ਨਿਯਮ ਲਾਗੂ ਹੁੰਦੇ ਹਨ। ਉਦੋਂ ਤੋਂ, ਮੈਂ ਇਹ ਪੁਸ਼ਟੀ ਕਰਨ ਲਈ ਕਿ ਮੈਨੂੰ ਇੰਗਲੈਂਡ ਜਾਣ 'ਚ ਕੋਈ ਸਮੱਸਿਆ ਨਹੀਂ ਹੋਵੇਗੀ, ਠੀਕ ਇੱਕ ਮਹੀਨਾ ਪਹਿਲਾਂ 14 ਜੁਲਾਈ ਲਈ ਇੱਕ ਫਲਾਈਟ ਬੁੱਕ ਕੀਤੀ ਸੀ। ਰਵਾਨਗੀ ਦੀ ਸਵੇਰ ਤੱਕ ਮੈਨੂੰ ਦੱਸਿਆ ਜਾ ਰਿਹਾ ਸੀ ਕਿ ਮੈਂ ਜਾਣ 'ਚ ਕਿਸੇ ਤਰਾਂ ਦੀ ਕੋਈ ਅੜਿਚਨ ਨਹੀਂ ਸੀ, ਫਿਰ ਬੋਰਡਿੰਗ ਦੇ ਸਮੇਂ ਤੋਂ ਕੁਝ ਘੰਟੇ ਪਹਿਲਾਂ ਮੈਨੂੰ ਨਾ ਜਾਣ ਲਈ ਕਿਹਾ ਗਿਆ। ਉਨਾਂ ਨੇ ਮੈਨੂੰ 18 ਤਰੀਕ ਤੱਕ ਕੁਝ ਦਿਨ ਉਡੀਕ ਕਰਨ ਦੀ ਬੇਨਤੀ ਕੀਤੀ। ਇਸ ਲਈ, ਮੈਂ ਦੁਬਾਰਾ ਉਸੇ ਤਰ੍ਹਾਂ ਦਾ ਅਨੁਭਵ ਕਰਨ ਲਈ 19 ਤਾਰੀਖ ਲਈ ਦੁਬਾਰਾ ਫਲਾਈਟ ਬੁੱਕ ਕੀਤੀ।

ਕਿਸੇ ਅਧਿਕਾਰੀ ਨੇ ਮੇਰੇ ਨਾਲ ਸਿੱਧੇ ਜਾਂ ਸਪਸ਼ਟ ਤੌਰ 'ਤੇ ਗੱਲ ਨਹੀਂ ਕੀਤੀ। ਉਹ ਅਜਿਹੇ ਸੰਦੇਸ਼ਾਂ ਨੂੰ ਪਾਸ ਕਰਨ ਲਈ ਮੇਰੇ ਸੰਪਰਕਾਂ ਨਾਲ ਸੰਪਰਕ ਕਰ ਰਹੇ ਹਨ। ਉਹ ਨਹੀਂ ਚਾਹੁੰਦੇ ਕਿ ਮੈਂ ਅਵਤਾਰ ਸਿੰਘ ਖੰਡਾ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਵਾਂ (ਮੈਨੂੰ ਇਹ ਵੀ ਨਹੀਂ ਪਤਾ ਕਿ ਅੰਤਿਮ ਸੰਸਕਾਰ ਕਦੋਂ ਅਤੇ ਕਿੱਥੇ ਹੋ ਰਿਹਾ ਹੈ) ਉਹ ਇਸ ਬਾਰੇ ਬੇਚੈਨ ਮਹਿਸੂਸ ਕਰ ਰਹੇ ਹਨ, ਇਹ ਮੰਨ ਕੇ ਕਿ ਮੈਂ ਉੱਥੇ ਭਾਸ਼ਣ ਦੇਵਾਂਗੀ। ਉਹ ਡਰਦੇ ਹਨ ਕਿ ਮੈਂ 'ਇੱਕ ਅੰਦੋਲਨ ਸ਼ੁਰੂ ਕਰ ਦੇਵਾਂਗੀ' ਇਹ ਸਰਕਾਰ ਅਤੇ ਵਿਸ਼ੇਸ਼ ਏਜੰਸੀਆਂ ਹਨ ਜੋ ਮੈਨੂੰ ਦੇਸ਼ ਛੱਡਣ ਤੋਂ ਰੋਕ ਰਹੀਆਂ ਹਨ।

ਮੈਂ ਸਿਰਫ਼ ਆਪਣੇ ਪਰਿਵਾਰ ਨੂੰ ਮਿਲਣ ਲਈ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੇ ਤਹਿਤ ਯਾਤਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਮੇਰੀ ਯਾਤਰਾ ਇੱਕ ਜਾਂ ਦੋ ਹਫ਼ਤਿਆਂ ਲਈ ਸੀ, ਮੇਰਾ ਉੱਥੇ ਜ਼ਿਆਦਾ ਦੇਰ ਤੱਕ ਰੁਕਣ ਦਾ ਕੋਈ ਇਰਾਦਾ ਨਹੀਂ ਹੈ, ਮੇਰੀ ਤਰਜੀਹ ਮੇਰੇ ਪਤੀ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਥੇ ਐੱਲ.ਓ.ਸੀ. ਸੰਬੰਧੀ ਸਮੱਸਿਆ ਹੈ, ਪਰ ਮੈਨੂੰ ਅਜਿਹਾ ਕੋਈ ਦਸਤਾਵੇਜ਼ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ਹੈ ਜਿਸ ਨਾਲ ਪਤਾ ਲੱਗੇ ਕਿ ਕੋਈ ਐੱਲ.ਓ.ਸੀ. ਹੈ। ਜੇਕਰ ਹਾਂ ਤਾਂ ਉਹ ਕਿਸ ਆਧਾਰ 'ਤੇ ਅਤੇ ਕਿਉਂ ਮੈਨੂੰ ਦਿਖਾਉਣ ਤੋਂ ਇਨਕਾਰ ਕਰ ਰਹੇ ਹਨ? ਜੇਕਰ ਅਜਿਹਾ ਨਹੀਂ ਹੈ, ਤਾਂ ਉਹ ਮੈਨੂੰ ਦੇਸ਼ ਛੱਡਣ ਤੋਂ ਨਹੀਂ ਰੋਕ ਸਕਦੇ।

# ਬ੍ਰਿਟਿਸ਼ ਨਾਗਰਿਕ ਕਿਰਨਦੀਪ ਕੌਰ ਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਣਾ ਮੰਦਭਾਗਾ : ਪ੍ਰੋ. ਸਰਚਾਂਦ ਸਿੰਘ ਖਿਆਲਾ

## *ਪੰਜਾਬ ਸਰਕਾਰ ਕਿਸੇ ਵੀ ਨਿਰਦੋਸ਼ ਨੂੰ ਉਸ ਦੇ ਹੱਕਾਂ ਤੋਂ ਵਾਂਝੇ ਕਰਨ ਤੋਂ ਗੁਰੇਜ਼ ਕਰੇ*

ਅੰਮ੍ਰਿਤਸਰ : ਨਿਰਦੋਸ਼ ਬ੍ਰਿਟਿਸ਼ ਨਾਗਰਿਕ ਕਿਰਨਦੀਪ ਕੌਰ ਨੂੰ ਆਪਣੇ ਪਰਿਵਾਰ ਨੂੰ ਮਿਲਣ ਲਈ ਇੰਗਲੈਂਡ ਜਾਣ ਤੋਂ ਵਾਰ ਵਾਰ ਹਵਾਈ ਅਡੇ 'ਤੇ ਰੋਕਿਆ ਜਾਣਾ ਇਕ ਇਸਤਰੀ ਦਾ ਅਪਮਾਨ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕੌਮੀ ਘਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਅਤੇ ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਸ ਵਿਅਕਤੀ ਬਾਰੇ ਕਥਿਤ ਲੁੱਕ ਆਊਟ ਜਾਰੀ ਕਰਨਾ ਜਿਸ 'ਤੇ ਕਿਸੇ ਕਿਸਮ ਦਾ ਕੋਈ ਕੇਸ ਨਾ ਹੋਵੇ ਅਤੇ ਕਿਸੇ ਵੀ ਗੈਰ ਕਾਨੂੰਨੀ ਵਰਤਾਰੇ ਵਿਚ ਸ਼ਾਮਿਲ ਨਾ ਰਹੀ ਹੋਵੇ, ਹੈਰਾਨੀਜਨਕ ਹੈ। ਉਨਾਂ ਕਿਹਾ ਕਿ ਕਾਨੂੰਨੀ ਨਿਯਮਾਂ ਅਨੁਸਾਰ ਆਪਣੇ ਮਾਪਿਆਂ ਕੋਲ ਜਾ ਰਹੀ ਇਕ ਬੇਕਸੂਰ ਇਸਤਰੀ ਬਾਰੇ ਇਹ ਕਿਹਾ ਜਾਣਾ ਕਿ ਉਹ ਭੱਜਣ ਦੀ ਫ਼ਰਾਕ ਵਿਚ ਸੀ' ਕਿਸੇ ਵੀ ਸੰਦਰਭ ਵਿਚ ਠੀਕ ਨਹੀਂ ਅਤੇ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਵਾਰਸ ਪੰਜਾਬ ਦੇ ਦਾ ਆਗੂ ਅੰਮ੍ਰਿਤਪਾਲ ਸਿੰਘ ਜੇਲ੍ਹ ਵਿਚ ਬੰਦ ਹੈ ਅਤੇ ਕਾਨੂੰਨ ਦਾ ਸਾਹਮਣਾ ਕਰ ਰਿਹਾ ਹੈ ਅਤੇ ਕਾਨੂੰਨ ਆਪਣਾ ਰਸਤਾ ਅਖ਼ਤਿਆਰ ਕਰ ਰਿਹਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਕਿਸੇ ਵੀ ਗਤੀਵਿਧੀ ਜਾਂ ਵਿਚਾਰਧਾਰਾ ਨਾਲ ਸਹਿਮਤੀ ਰਹੀਂ ਵੀ ਰਖਦਾ ਪਰ ਉਸ ਦੀ ਪਤਨੀ ਕੋਈ ਅਪਰਾਧੀ ਨਹੀਂ ਹੈ, ਪਰ ਕੇਵਲ ਇਸ ਲਈ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਪਤਨੀ ਹੈ, ਉਸ ਨੂੰ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਇੰਗਲੈਂਡ ਜਾਣ ਸਮੇਂ ਅੱਜ ਦਿੱਲੀ ਏਅਰਪੋਰਟ 'ਤੇ ਰੋਕਿਆ ਜਾਣਾ ਗ਼ਲਤ ਹੈ। ਉਸ ਨੂੰ ਇਹ ਤੀਜੀ ਵਾਰ ਰੋਕਿਆ ਗਿਆ ਹੈ, ਇਸ ਤੋਂ ਪਹਿਲਾਂ ਅੰਮ੍ਰਿਤਸਰ ਏਅਰਪੋਰਟ 'ਤੇ ਵੀ ਰੋਕਿਆ ਗਿਆ ਸੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕਿਰਨਦੀਪ ਕੌਰ ਵੱਲੋਂ ਕਾਨੂੰਨੀ ਅਵੱਗਿਆ ਕਰਨ ਦਾ ਕੋਈ ਵੀ ਕੇਸ ਜਾਂ ਵਰਤਾਰਾ ਸਾਹਮਣੇ ਨਹੀਂ ਆਇਆ ਅਤੇ ਨਾ ਹੀ ਉਸ 'ਤੇ ਕੋਈ ਕੇਸ ਦਰਜ ਹੈ। ਲਿਹਾਜ਼ਾ ਉਸ ਨੂੰ ਕਾਨੂੰਨੀ ਤਰੀਕੇ ਨਾਲ ਕਿਤੇ ਵੀ ਆਉਣ ਜਾਣ ਤੋਂ ਰੋਕਿਆ ਨਹੀਂ ਜਾਣਾ ਚਾਹੀਦਾ। ਉਹ ਇਕ ਬ੍ਰਿਟਿਸ਼ ਨਾਗਰਿਕ ਹੈ ਅਤੇ ਆਪਣੀ ਨਾਗਰਿਕਤਾ ਕਾਇਮ ਰੱਖਣ ਲਈ ਉਸ ਦਾ 180 ਦਿਨਾਂ ਤੋਂ ਪਹਿਲਾਂ ਇੰਗਲੈਂਡ 'ਚ ਦਾਖਲ ਹੋਣਾ ਕਾਨੂੰਨੀ ਜ਼ਰੂਰਤ ਹੈ। ਕਿਰਨਦੀਪ ਕੌਰ , ਜਿਸ 'ਤੇ ਆਪਣੇ ਪਤੀ ਅੰਮ੍ਰਿਤਪਾਲ ਸਿੰਘ ਪ੍ਰਤੀ ਕਾਨੂੰਨੀ ਚਾਰਾਜੋਈ ਕਰਨ ਦੀ ਵੱਡੀ ਜ਼ਿੰਮੇਵਾਰੀ ਹੈ, ਇੰਗਲੈਂਡ ਚੋਰੀ ਛੁਪੇ ਨਹੀਂ ਜਾ ਰਹੀ, ਇਸ ਲਈ ਉਸ ਪ੍ਰਤੀ ਭੱਜਣ ਦੀ 'ਫ਼ਰਾਕ' 'ਚ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਜੇਕਰ ਉਸ ਪ੍ਰਤੀ ਕੋਈ ਲੁੱਕ ਆਊਟ ਜਾਰੀ ਹੈ ਤਾਂ ਉਸ ਨੂੰ ਲੋੜੀਂਦੇ ਦਸਤਾਵੇਜ਼ ਮੁਹੱਈਆ ਕਰਾਏ ਜਾਣ ਪਰ ਪੰਜਾਬ ਸਰਕਾਰ ਇਕ ਨਿਰਦੋਸ਼ ਨੂੰ ਆਪਣੇ ਅਧਿਕਾਰਾਂ ਤੋਂ ਵਾਂਝਿਆ ਨਾ ਕਰੇ।



# ਹਲਕਾ ਟਾਂਡਾ ਵਿਖੇ ਹੋਈ ਬੀ ਐਸ ਪੀ ਵਰਕਰਾਂ ਦੀ ਵਿਸ਼ੇਸ਼ ਮੀਟਿੰਗ

ਟਾਂਡਾ, (ਰਵਿੰਦਰ ਸਿੰਘ ਟਾਂਡਾ) : ਹਲਕਾ ਟਾਂਡਾ ਉੜਮੁੜ ਵਿਖੇ ਇੱਕ ਬਹੁਜਨ ਸਮਾਜ ਪਾਰਟੀ ਦੀ ਵਿਸ਼ੇਸ਼ ਮੀਟਿੰਗ ਰੱਖੀ ਗਈ ਜਿਸ ਵਿੱਚ ਸ੍ਰੀ ਗੁਰਲਾਲ ਸੈਲਾ ਜਰਨਲ ਸੈਕਟਰੀ ਪੰਜਾਬ, ਰਜਿੰਦਰ ਸਿੰਘ ਠੇਕੇਦਾਰ ਜਰਨਲ ਸੈਕਟਰੀ ਪੰਜਾਬ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਉਨ੍ਹਾਂ ਨਾਲ ਮਨਿੰਦਰ ਸਿੰਘ ਸ਼ੇਰਪੁਰੀ ਸਕੱਤਰ ਪੰਜਾਬ, ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਗੁਰਲਾਲ ਸੈਲਾ ਜਰਨਲ ਸਕੱਤਰ ਪੰਜਾਬ ਨੇ ਹਲਕਾ ਵਿਧਾਨ ਸਭਾ ਟਾਂਡਾ ਉੜਮੁੜ ਦੀ 28 ਤਰੀਕ ਨੂੰ ਹੁਸ਼ਿਆਰਪੁਰ ਵਿਖੇ ਲੋਕ ਸਭਾ ਵੱਲੋਂ ਡੀ ਸੀ ਹੈੱਡਕੁਆਟਰ ਵਿਖੇ ਧਰਨਾ ਸਬੰਧੀ ਡਿਊਟੀ ਲਗਾਈ। ਜਿਸ ਵਿੱਚ ਬਹੁਜਨ ਸਮਾਜ ਪਾਰਟੀ ਦਾ ਮੁੱਖ ਮਕਸਦ ਪੁਲਿਸ ਵੱਲੋ ਬਸਪਾ ਵਰਕਰਾਂ ਤੇ ਕੀਤੇ ਅੱਤਿਆਚਾਰ ਸੰਬੰਧੀ, ਸਰਕਾਰ ਵੱਲੋਂ ਗਰੀਬਾਂ ਦੇ ਨੀਲੇ ਕਾਰਡ ਕੱਟਣ ਸਬੰਧੀ ਅਤੇ ਜਲੰਧਰ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੋੜਨ ਸਬੰਧੀ ਬਸਪਾ ਜਰਨਲ ਸਕੱਤਰ ਬਲਵਿੰਦਰ ਕੁਮਾਰ ਤੇ ਪੁਲਿਸ ਵੱਲੋਂ ਤਸ਼ੱਦਦ ਕਰਨ ਸਬੰਧੀ ਅਤੇ ਸਰਕਾਰ ਵੱਲੋਂ ਰਿਜਰਵੇਸ਼ਨ ਚੋਣਾਂ ਨੂੰ ਨਾ ਫੜਣ ਸਬੰਧੀ ਹੁਸ਼ਿਆਰਪੁਰ ਵਿਖੇ ਵੱਧ ਤੋਂ ਵੱਧ ਟਾਂਡਾ ਹਲਕਾ ਉੜਮੁੜ ਤੋਂ ਵਰਕਰ ਲੈ ਕੇ ਪਹੁੰਚਣ ਦੀ ਜ਼ਿੰਮੇਵਾਰੀ ਦਿੱਤੀ। ਇਸ ਮੌਕੇ ਹਲਕਾ ਟਾਂਡਾ ਉੜਮੁੜ ਇੰਚਾਰਜ ਜਸਵਿੰਦਰ ਦੁੱਗਲ, ਹਲਕਾ ਇੰਚਾਰਜ ਮਨਜੀਤ ਸਿੰਘ ਸਹੋਤਾ, ਹਲਕਾ ਪ੍ਰਧਾਨ ਡਾ: ਜਸਪਾਲ ਸਿੰਘ, ਯੂਥ ਪ੍ਰਧਾਨ ਦੁਸ਼ਾਂਤ ਸੈਣੀ, ਜਰਨਲ ਸਕੱਤਰ ਜਗਤਾਰ ਸਿੰਘ ਦਾਰਾ, ਕੈਸ਼ੀਅਰ ਰਤਨ ਚੰਦ, ਸਕੱਤਰ ਚਮਨ ਲਾਲ ਤਖ਼ੀ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।



# ਸ਼ਹੀਦ ਨੂੰ ਸ਼ਰਧਾਂਜਲੀ ਦੇਣ ਨਾ ਪੁੱਜਿਆ ਕੋਈ ਸਿਆਸੀ ਆਗੂ

## *ਪੁਣਛ 'ਚ ਸ਼ਹੀਦ ਹੋਏ ਜਵਾਨ ਦਾ ਜੱਦੀ ਪਿੰਡ ਗੋਹਲਵੜ੍ਹ ਵਿੱਚ ਸਸਕਾਰ*



ਤਰਨ ਤਾਰਨ : ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿੱਚ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਲਾਂਸ ਨਾਇਕ ਸ਼ਹੀਦ ਵਰਿੰਦਰ ਸਿੰਘ ਦਾ ਅੱਜ ਉਸਦੇ ਜੱਦੀ ਪਿੰਡ ਗੋਹਲਵੜ੍ਹ ਵਿੱਚ ਸਸਕਾਰ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਕਿਸੇ ਅਧਿਕਾਰੀ, ਪੰਜਾਬ ਸਰਕਾਰ ਵੱਲੋਂ ਵਿਧਾਇਕ ਜਾਂ ਫਿਰ ਮੰਤਰੀ ਦੇ ਨਾ ਪਹੁੰਚਣ ਦੀ ਲੋਕਾਂ ਨੇ ਨਿਖੇਧੀ ਕੀਤੀ ਹੈ। ਸ਼ਹੀਦ ਲਾਂਸ ਨਾਇਕ ਵਰਿੰਦਰ ਸਿੰਘ ਦੀ ਦੇਹ ਫੌਜ ਦੇ ਜਵਾਨ ਲੈ ਕੇ ਆਏ ਤੇ ਪੂਰੇ ਸਨਮਾਨਾਂ ਨਾਲ ਉਸਦਾ ਸਸਕਾਰ ਕੀਤਾ ਗਿਆ। ਵਰਿੰਦਰ ਸਿੰਘ 18 ਜੂਨ ਨੂੰ ਹੀ ਛੁੱਟੀ ਕੱਟ ਕੇ ਡਿਊਟੀ 'ਤੇ ਪਰਤਿਆ ਸੀ। ਸ਼ਹੀਦ ਦੇ ਪਿਤਾ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦੇ ਦੋਵੇਂ ਲੜਕੇ ਫੌਜ ਵਿੱਚ ਸਨ, ਵੱਡਾ ਲੜਕਾ ਫੌਜ ਵਿਚੋਂ ਸੇਵਾਮੁਕਤ ਹੋ ਚੁੱਕਿਆ ਹੈ ਅਤੇ ਵਰਿੰਦਰ ਸਿੰਘ ਫੌਜ ਵਿੱਚ ਨੌਕਰੀ ਕਰ ਰਿਹਾ ਸੀ। ਸ਼ਹੀਦ ਵਰਿੰਦਰ ਸਿੰਘ ਦੇ ਸਸਕਾਰ ਮੌਕੇ ਪਿਤਾ ਸਤਨਾਮ ਸਿੰਘ, ਸ਼ਹੀਦ ਦੀ ਪਤਨੀ ਸੰਦੀਪ ਕੌਰ ਅਤੇ 8 ਸਾਲ ਦੇ ਲੜਕੇ ਅਨਮੋਲਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਪਿੰਡ ਵਾਸੀਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸ਼ਹੀਦ ਦੇ ਭਰਾ ਨਿਰਵੈਲ ਸਿੰਘ, ਚਾਚੇ ਪਰਮਜੀਤ ਸਿੰਘ ਅਤੇ ਪਿੰਡ ਦੇ ਪਤਵੰਤਿਆਂ ਨੇ ਕਿਸੇ ਸਰਕਾਰੀ ਅਧਿਕਾਰੀ ਜਾਂ ਫਿਰ ਵਿਧਾਇਕ ਆਦਿ ਦੇ ਨਾ ਪਹੁੰਚਣ 'ਤੇ ਰੋਸ ਪ੍ਰਗਟ ਕੀਤਾ। ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਸ਼ਹੀਦ ਦੇ ਪਰਿਵਾਰ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਸ਼ਹੀਦਾਂ ਦਾ ਸਨਮਾਨ ਕਰਨਾ ਯਕੀਨੀ ਬਣਾਇਆ ਜਾਵੇ।

# ਗੁਰਦੁਆਰਾ ਸੋਧ ਬਿੱਲ ਸਿੱਖ ਮਾਮਲਿਆਂ 'ਚ ਦਖਲਅੰਦਾਜ਼ੀ: ਜਾਖੜ



ਹੁਸ਼ਿਆਰਪੁਰ : ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪਹਿਲ ਪੰਜਾਬ ਨਹੀਂ ਦਿੱਲੀ ਹੈ। ਪੰਜਾਬ ਵਾਸੀਆਂ ਨੂੰ ਜਿਸ ਵੇਲੇ ਮਦਦ ਦੀ ਲੋੜ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਚ ਨਹੀਂ ਹੁੰਦੇ। ਉਹ ਦਿੱਲੀ ਬੈਠੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਉਹ ਹੁਣ ਵੀ ਬੰਗਲੂਰੂ ਗਏ ਹੋਏ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਜਾਖੜ ਨੇ ਕਿਹਾ ਕਿ ਪੰਜਾਬ ਦੇ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਪਰ ਸਰਕਾਰ ਉਨ੍ਹਾਂ ਦੀ ਪ੍ਰੇਸ਼ਾਨੀ ਦੂਰ ਕਰਨ ਲਈ ਕਿਤੇ ਨਜ਼ਰ ਨਹੀਂ ਆਉਂਦੀ। ਜਦੋਂ ਆਮ ਲੋਕ ਅਤੇ ਸਮਾਜ ਸੇਵੀ ਜਥੇਬੰਦੀਆਂ ਹੜ੍ਹ ਪੀੜਤਾਂ ਦੀ ਮਦਦ ਕਰ ਰਹੀਆਂ ਹਨ ਪਰ ਮੁੱਖ ਮੰਤਰੀ ਭਗਵੰਤ ਮਾਨ ਬੰਗਲੂਰੂ ਵਿਚ ਰਾਤਰੀ ਭੋਜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਇਨ੍ਹਾਂ ਦੀ ਮਾਰ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ ਪਰ ਮੁੱਖ ਮੰਤਰੀ ਨੇ ਨਾ ਤਾਂ ਮੌਸਮ ਵਿਭਾਗ ਦੀਆਂ ਚਿਤਾਵਨੀਆਂ ਨੂੰ ਗੰਭੀਰਤਾ ਨਾਲ ਲਿਆ ਅਤੇ ਨਾ ਹੀ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਰਣਨੀਤੀ ਬਣਾਈ ਜਿਸ ਕਾਰਨ ਵੱਡੀ ਸਮੱਸਿਆ ਆਈ।

ਸ੍ਰੀ ਜਾਖੜ ਨੇ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਆਪਸ ਵਿਚ ਸਮਝੌਤਾ ਹੋ ਗਿਆ ਹੈ ਜਿਸ ਕਰਕੇ ਕਾਂਗਰਸ ਨੇ ਸਾਂਝੇ ਸਿਵਲ ਕੋਡ ਦੇ ਮੁੱਦੇ 'ਤੇ 'ਆਪ' ਨੂੰ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਾਂਗਰਸੀ ਆਗੂਆਂ ਨੂੰ ਵਿਜੀਲੈਂਸ ਦੇ ਕੇਸਾਂ ਤੋਂ ਬਚਾਉਣ ਲਈ ਕੀਤਾ ਗਿਆ ਹੈ।

ਇਕ ਸਾਰ ਸਿਵਲ ਕੋਡ ਦੇ ਮਾਮਲੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਬਿਨਾਂ ਪੜ੍ਹਿਆਂ ਹੀ ਪ੍ਰਸਤਾਵਿਤ ਬਿੱਲ ਨੂੰ ਰੱਦ ਕਰ ਰਹੀਆਂ ਹਨ। ਉਨ੍ਹਾਂ ਆਪਣੀ ਨਿੱਜੀ ਰਾਏ ਦਿੰਦਿਆਂ ਕਿਹਾ ਕਿ ਬਿੱਲ ਚਾਹੇ ਸਾਂਝੇ ਸਿਵਲ ਕੋਡ ਦਾ ਹੋਵੇ ਜਾਂ ਗੁਰਦੁਆਰਾ ਸੋਧ ਦਾ, ਲੋਕਾਂ ਦੇ ਧਾਰਮਿਕ ਮਸਲਿਆਂ 'ਚ ਕੋਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਉਹ ਗੁਰਬਾਣੀ ਦੇ ਟੈਲੀਕਾਸਟ 'ਤੇ ਕਿਸੇ ਇਕ ਚੈਨਲ ਦੇ ਏਕਾਧਿਕਾਰ ਖਿਲਾਫ਼ ਹਨ ਪਰ ਮਾਨ ਸਰਕਾਰ ਨੇ ਜੋ ਬਿੱਲ ਲਿਆਂਦਾ ਹੈ, ਉਹ ਚੋਰ ਦਰਵਾਜ਼ੇ ਰਾਹੀਂ ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਦਖਲਅੰਦਾਜ਼ੀ ਕਰਨ ਲਈ ਲਿਆਂਦਾ ਹੈ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਭਾਰਤ ਤੇ ਫਰਾਂਸ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਮੁੰਦਰੀ ਸਹਿਯੋਗ ਵਧਾਉਣ ਲਈ ਰਾਜ਼ੀ




ਪੈਰਿਸ : ਭਾਰਤ ਤੇ ਫਰਾਂਸ ਵਿਚਾਲੇ ਰਣਨੀਤਿਕ ਤੌਰ ਤੋਂ ਅਹਿਮ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸੰਤੁਲਿਤ ਤੇ ਸਥਿਰ ਵਿਵਸਥਾ ਬਣਾਉਣ ਦੇ ਯਤਨ ਤਹਿਤ ਸਮੁੰਦਰੀ ਸਹਿਯੋਗ ਤੇ ਦੋਵਾਂ ਮੁਲਕਾਂ ਵਿੱਚ ਜਲ ਸੈਨਾ ਦਾ ਅਭਿਆਸ ਵਧਾਉਣ ’ਤੇ ਸਹਿਮਤੀ ਬਣੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਵਿਚਾਲੇ ਇੱਥੇ ਦੁਵੱਲੀ ਵਾਰਤਾ ਤੋਂ ਬਾਅਦ ਸ਼ੁੱਕਰਵਾਰ ਨੂੰ ਭਾਰਤ-ਫਰਾਂਸ ਹਿੰਦ ਪ੍ਰਸ਼ਾਂਤ ਖਰੜਾ ਜਾਰੀ ਕੀਤਾ ਗਿਆ। ਇਸ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਾਗਰ (ਖੇਤਰ ਵਿੱਚ ਸਾਰਿਆਂ ਲਈ ਸੁਰੱਖਿਆ ਤੇ ਵਿਕਾਸ) ਸਬੰਧੀ ਦ੍ਰਿਸ਼ਟੀਕੋਣ ਅਤੇ ਫਰਾਂਸ ਦੀ ਹਿੰਦ-ਪ੍ਰਸ਼ਾਂਤ ਰਾਜਨੀਤੀ ਵਿੱਚ ਉਲੇਖ ਸੁਰੱਖਿਆ ਅਤੇ ਸਹਿਯੋਗ ਸਬੰਧੀ ਰਾਸ਼ਟਰਪਤੀ ਮੈਕਰੌਂ ਦਾ ਦ੍ਰਿਸ਼ਟੀਕੋਣ ਬਹੁਤ ਮੇਲ ਖਾਂਦੇ ਹਨ।

ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਧਦੇ ਹਮਲਾਵਰ ਰੁਖ ਦਰਮਿਆਨ ਦੋਵਾਂ ਆਗੂਆਂ ਨੇ ਕਿਹਾ, ‘ਸਾਡਾ ਮੰਨਣਾ ਹੈ ਕਿ ਭਾਰਤ-ਫਰਾਂਸ ਸਾਂਝੇਦਾਰੀ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਦੁਵੱਲੇ ਸਬੰਧਾਂ ਦਾ ਅਹਿਮ ਥੰਮ੍ਹ ਬਣੇਗੀ। ਜ਼ਿਕਰਯੋਗ ਹੈ ਕਿ ਫਰਾਂਸ ਦੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਰੀਯੂਨੀਅਨ ਟਾਪੂ, ਨਿਊ ਕੈਲੇਡੋਨੀਆ ਤੇ ਫਰੈਂਚ ਪੋਲੀਨੇਸ਼ੀਆ ਵਰਗੇ ਖੇਤਰ ਮੌਜੂਦ ਹਨ ਜਿੱਥੇ ਲਗਪਗ 15 ਲੱਖ ਦੀ ਵਸੋਂ ਵੱਸਦੀ ਹੈ। ਇਸ ਤੋਂ ਪਹਿਲਾਂ ਮੈਕਰੌਂ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਤੇ ਫਰਾਂਸ ਦੇ ਮੋਢਿਆਂ ’ਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਹੈ। ਮੋਦੀ ਨੇ ਕਿਹਾ, ‘ਅਸੀਂ ਭਾਰਤ ਦੀ ਹਿੰਦ-ਪ੍ਰਸ਼ਾਂਤ ਮਹਾਸਾਗਰ ਪਹਿਲ ਵਿੱਚ ਸਮੁੰਦਰੀ ਸੋਮਿਆਂ ਦੇ ਥੰਮ੍ਹ ਦੀ ਅਗਵਾਈ ਕਰਨ ਦੇ ਫਰਾਂਸ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ।’ ਉਨ੍ਹਾਂ ਕਿਹਾ, ‘ਅਸੀਂ ਆਪਣੇ ਆਦਾਨ ਪ੍ਰਦਾਨ ਨੂੰ ਵਧਾਉਣਾ ਜਾਰੀ ਰੱਖਾਂਗੇ, ਹਾਲਾਤ ਮੁਤਾਬਿਕ ਤੇ ਖੇਤਰੀ ਜਾਗਰੂਕਤਾ ਫੈਲਾਉਣ ਦੇ ਮਾਮਲੇ ਵਿੱਚ ਸਹਿਯੋਗ ਕਰਾਂਗੇ ਅਤੇ ਖੇਤਰ ਵਿੱਚ ਸਮੁੰਦਰੀ ਸਹਿਯੋਗ ਵਧਾਵਾਂਗੇ, ਜਿਵੇਂ ਅਸੀਂ ਖੇਤਰ ਵਿੱਚ ਭਾਈਵਾਲ ਮੁਲਕਾਂ ਨਾਲ ਮਿਲ ਕੇ ਦੱਖਣੀ ਪੱਛਮੀ ਹਿੰਦ ਮਹਾਸਾਗਰ ਵਿੱਚ ਕੰਮ ਕਰ ਰਹੇ ਹਾਂ।’

# ਭਾਰਤ-ਯੂਏਈ ਆਪੋ-ਆਪਣੀਆਂ ਕਰੰਸੀਆਂ ’ਚ ਵਪਾਰ ਲਈ ਸਹਿਮਤ

## ਫਰਾਂਸ ਤੇ ਯੂਏਈ ਦੇ ਦੌਰੇ ਤੋਂ ਪਰਤੇ ਪ੍ਰਧਾਨ ਮੰਤਰੀ ਮੋਦੀ



ਅਬੂ ਧਾਬੀ : ਭਾਰਤ ਅਤੇ ਯੂਏਈ ਆਪੋ-ਆਪਣੇ ਮੁਲਕਾਂ ਦੀਆਂ ਕਰੰਸੀਆਂ ’ਚ ਵਪਾਰ ਕਰਨ ਅਤੇ ਭਾਰਤੀ ਯੂਨੀਫਾਈਡ ਪੇਮੈਂਟਸ ਇੰਟਰਫੇਸ ਨੂੰ ਖਾੜੀ ਮੁਲਕ ਦੇ ਇੰਸਟੈਂਟ ਪੇਮੈਂਟ ਪਲੈਟਫਾਮ ਨਾਲ ਜੋੜਨ ਲਈ ਸਹਿਮਤ ਹੋ ਗਏ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਰਾਂਸ ਦੌਰੇ ਮਗਰੋਂ ਅਬੂ ਧਾਬੀ ਪੁੱਜਣ ’ਤੇ ਯੂਏਈ ਦੇ ਰਾਸ਼ਟਰਪਤੀ ਸ਼ੇਖ਼ ਮੁਹੰਮਦ ਬਿਨ ਜ਼ਾਯਦ ਅਲ ਨਾਹਯਾਨ ਨਾਲ ਵਿਆਪਕ ਚਰਚਾ ਕੀਤੀ। ਯੂਏਈ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਆਪਣੇ ਬਿਆਨ ’ਚ ਮੋਦੀ ਨੇ ਕਿਹਾ ਕਿ ਆਪੋ-ਆਪਣੀਆਂ ਕਰੰਸੀਆਂ ’ਚ ਵਪਾਰ ਸਬੰਧੀ ਸਮਝੌਤੇ ਨਾਲ ਦੋਵਾਂ ਮੁਲਕਾਂ ਵਿਚਕਾਰ ਮਜ਼ਬੂਤ ਆਰਥਿਕ ਸਹਿਯੋਗ ਅਤੇ ਦੁਵੱਲੇ ਵਿਸ਼ਵਾਸ ਦਾ ਪਤਾ ਲੱਗਦਾ ਹੈ। ਬਾਅਦ ’ਚ ਵਿਸ਼ੇਸ਼ ਦਾਅਵਤ ’ਚ ਮੋਦੀ ਨੂੰ ਸ਼ਾਕਾਹਾਰੀ ਭੋਜਨ ਪਰੋਸਿਆ ਗਿਆ ਜਿਸ ਮਗਰੋਂ ਪ੍ਰਧਾਨ ਮੰਤਰੀ ਵਤਨ ਲਈ ਰਵਾਨਾ ਹੋ ਗਏ। ਪ੍ਰਧਾਨ ਮੰਤਰੀ ਮੋਦੀ ਫਰਾਂਸ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਸਫਲ ਦੌਰਿਆਂ ਮਗਰੋਂ ਨਵੀਂ ਦਿੱਲੀ ਪਰਤ ਆਏ ਹਨ।

# ਮੋਦੀ ਵੱਲੋਂ ਸਬੰਧਾਂ ਦੀ ਮਜ਼ਬੂਤੀ ਲਈ ਫਰਾਂਸ ਦਾ ਦੌਰਾ



ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਨਾਲ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਦੋ ਰੋਜ਼ਾ ਫੇਰੀ ਤਹਿਤ ਫਰਾਂਸ ਪਹੁੰਚ ਗਏ। ਸ੍ਰੀ ਮੋਦੀ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨਾਲ ਵੱਖ ਵੱਖ ਮੁੱਦਿਆਂ ’ਤੇ ਚਰਚਾ ਕਰਨ ਤੋਂ ਇਲਾਵਾ ਭਲਕੇ ਫਰਾਂਸ ਦੇ ਕੌਮੀ ਦਿਹਾੜੇ ਮੌਕੇ ਬੈਸਿਲ ਡੇਅ ਪਰੇਡ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਦੋ ਰੋਜ਼ਾ ਫੇਰੀ ਲਈ ਫਰਾਂਸ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰੈੱਡ ਕਾਰਪੈੱਟ ਨਾਲ ਸਵਾਗਤ ਕੀਤਾ ਗਿਆ। ਫਰੈਂਚ ਪ੍ਰਧਾਨ ਮੰਤਰੀ ਐਲਿਜ਼ਬੈਥ ਬੋਰਨ ਨੇ ਹਵਾਈ ਅੱਡੇ ’ਤੇ ਪ੍ਰਧਾਨ ਮੰਤਰੀ ਮੋਦੀ ਨੂੰ ‘ਜੀ ਆਇਆਂ’ ਕਿਹਾ। ਸ੍ਰੀ ਮੋਦੀ ਨੂੰ ਹਵਾਈ ਅੱਡੇ ’ਤੇ ਹੀ ‘ਗਾਰਡ ਆਫ਼ ਆਨਰ’ ਦਿੱਤਾ ਗਿਆ ਤੇ ਇਸ ਦੌਰਾਨ ਦੋਵਾਂ ਮੁਲਕਾਂ ਦੇ ਰਾਸ਼ਟਰੀ ਗਾਣ ਵੀ ਵਜਾਏ ਗਏ। ਉਂਜ ਭਾਰਤ ਤੋਂ ਫਰਾਂਸ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਮੋਦੀ ਨੇ ਭਰੋਸਾ ਜ਼ਾਹਿਰ ਕੀਤਾ ਕਿ ਉਨ੍ਹਾਂ ਦੀ ਇਹ ਫੇਰੀ ਦੋਵਾਂ ਮੁਲਕਾਂ ਦੀ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਨਵੀਂ ਸ਼ਕਤੀ ਪ੍ਰਦਾਨ ਕਰੇਗੀ। ਸ੍ਰੀ ਮੋਦੀ ਨੇ ਇਕ ਬਿਆਨ ਵਿੱਚ ਕਿਹਾ ਸੀ, “ਮੈਂ ਰਾਸ਼ਟਰਪਤੀ ਮੈਕਰੋਂ ਨੂੰ ਮਿਲਣ ਅਤੇ ਇਸ ਹੰਢੀ ਵਰਤੀ ਪਿਛਲੇ 25 ਸਾਲਾਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਅੱਗੇ ਲਿਜਾਣ ਤੇ ਵੱਖ ਵੱਖ ਮੁੱਦਿਆਂ ’ਤੇ ਵਿਚਾਰ ਚਰਚਾ ਲਈ ਉਤਸ਼ਾਹਿਤ ਹਾਂ। ਅਸੀਂ ਖੇਤਰੀ ਤੇ ਆਲਮੀ ਮੁੱਦਿਆਂ ’ਤੇ ਵੀ ਕੰਮ ਕਰਾਂਗੇ।” ਦੱਸ ਦੇਈਏ ਕਿ ਸ੍ਰੀ ਮੋਦੀ 14 ਜੁਲਾਈ ਨੂੰ ਫਰਾਂਸ ਦੇ ਕੌਮੀ ਦਿਹਾੜੇ ਮੌਕੇ ਰਾਸ਼ਟਰਪਤੀ ਮੈਕਰੋਂ ਨਾਲ ਪੈਰਿਸ ਵਿੱਚ ਬੈਸਿਲ ਡੇਅ ਜਸ਼ਨਾਂ ਵਿੱਚ ਵਿਸ਼ੇਸ਼ ਵਜੋਂ ਸ਼ਾਮਲ ਹੋਣਗੇ। ਸ੍ਰੀ ਮੋਦੀ ਆਪਣੀ ਫੇਰੀ ਦੌਰਾਨ ਫਰਾਂਸ ਰਹਿੰਦੇ ਭਾਰਤੀ ਭਾਈਚਾਰੇ, ਸੀਈਓਜ਼ ਤੇ ਉੱਘੀਆਂ ਹਸਤੀਆਂ ਨੂੰ ਵੀ ਮਿਲਣਗੇ। ਫੇਰੀ ਦੇ ਪਹਿਲੇ ਦਿਨ ਮੋਦੀ ਨੇ ਆਪਣੇ ਫਰਾਂਸੀਸੀ ਹਮਰੁਤਬਾ ਐਲਿਜ਼ਬੈੱਥ ਬੋਰਨ ਤੇ ਸੈਨੇਟ ਮੁਖੀ ਜੇਰਾਰਡ ਲਾਰਚਰ ਨਾਲ ਬੈਠਕਾਂ ਕੀਤੀਆਂ। ਉਨ੍ਹਾਂ ਯੂਰੋਪੀਅਨ ਮੁਲਕ ਨਾਲ ਰਣਨੀਤਕ ਭਾਈਵਾਲੀ ਨੂੰ ਨਵੀਆਂ ਬੁਲੰਦੀਆਂ ’ਤੇ ਲਿਜਾਣ ਬਾਰੇ ਵਿਚਾਰ ਵਟਾਂਦਰਾ ਕੀਤਾ। ਮੋਦੀ ਮਗਰੋਂ ਪੈਰਿਸ ਦੇ ਹੋਟਲ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਮਿਲੇ। ਹੋਟਲ ਦੇ ਬਾਹਰ ਜੁੜੇ ਭਾਰਤੀ ਭਾਈਚਾਰੇ ਨੇ ਮੋਦੀ ਨਾਲ ਮੁਲਾਕਾਤ ਦੌਰਾਨ ‘ਭਾਰਤ ਮਾਤਾ ਦੀ ਜੈ’ ਦੇ ਨਾਅਰੇ ਵੀ ਲਾਏ। ਮੋਦੀ ਮਗਰੋਂ ਫਰਾਂਸੀਸੀ ਲੀਡਰਸ਼ਿਪ, ਸੀਈਓ’ਜ਼ ਤੇ ਉੱਘੀਆਂ ਹਸਤੀਆਂ ਨੂੰ ਵੀ ਮਿਲੇ।

# ਮੋਦੀ ਦਾ ਫਰਾਂਸ ਦੇ ਸਰਬਉੱਚ ਨਾਗਰਿਕ ਤੇ ਫ਼ੌਜੀ ਪੁਰਸਕਾਰ ਨਾਲ ਸਨਮਾਨ

## ਫਰਾਂਸੀਸੀ ਪੁਰਸਕਾਰ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ ਮੋਦੀ



ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਸਰਬਉੱਚ ਨਾਗਰਿਕ ਅਤੇ ਫ਼ੌਜੀ ਸਨਮਾਨ ‘ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ’ ਨਾਲ ਸਨਮਾਨਿਤ ਹੋਣ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਗਏ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੇ ਸ੍ਰੀ ਮੋਦੀ ਨੂੰ ਇਸ ਸਨਮਾਨ ਨਾਲ ਨਿਵਾਜਿਆ। ਪ੍ਰਧਾਨ ਮੰਤਰੀ ਮੋਦੀ ਨੂੰ ਵੀਰਵਾਰ ਨੂੰ ‘ਐਲਿਸੀ ਪੈਲੇਸ’ (ਫਰਾਂਸ ਦਾ ਰਾਸ਼ਟਰਪਤੀ ਨਿਵਾਸ) ’ਚ ਇਸ ਸਨਮਾਨ ਨਾਲ ਨਿਵਾਜਿਆ ਗਿਆ। ਇਸ ਤੋਂ ਪਹਿਲਾਂ ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ, ਬ੍ਰਿਟੇਨ ਦੇ ਮਹਾਰਾਜਾ ਚਾਰਲਸ (ਤਤਕਾਲੀ ਪ੍ਰਿੰਸ ਆਫ਼ ਵੇਲਜ਼), ਜਰਮਨੀ ਦੀ ਸਾਬਕਾ ਚਾਂਸਲਰ ਐਂਜਲਾ ਮਰਕਲ ਅਤੇ ਸੰਯੁਕਤ ਰਾਸ਼ਟਰ ਦੇ ਸਾਬਕਾ ਸਕੱਤਰ ਜਨਰਲ ਬੁਤਰਸ ਬੁਤਰਸ ਘਾਲੀ ਨੂੰ ਫਰਾਂਸ ਦੇ ਸਰਬਉੱਚ ਸਨਮਾਨ ਨਾਲ ਨਿਵਾਜਿਆ ਜਾ ਚੁੱਕਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕੀਤਾ,“ਮੈਂ ਬੇਹੱਦ ਨਿਮਰਤਾ ਨਾਲ ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ ਨੂੰ ਸਵੀਕਾਰ ਕਰਦਾ ਹਾਂ। ਇਹ ਭਾਰਤ ਦੇ 140 ਕਰੋੜ ਲੋਕਾਂ ਦਾ ਸਨਮਾਨ ਹੈ। ਮੈਂ ਇਸ ਲਈ ਰਾਸ਼ਟਰਪਤੀ ਇਮੈਨੂਅਲ ਮੈਕਰੌਂ, ਫਰਾਂਸ ਸਰਕਾਰ ਅਤੇ ਉਥੋਂ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ। ਇਹ ਭਾਰਤ ਪ੍ਰਤੀ ਉਨ੍ਹਾਂ ਦੇ ਡੂੰਘੇ ਸਨੇਹ ਅਤੇ ਸਾਡੇ ਦੇਸ਼ ਨਾਲ ਦੋਸਤੀ ਨੂੰ ਅੱਗੇ ਵਧਾਉਣ ਦੇ ਅਹਿਦ ਨੂੰ ਦਰਸਾਉਂਦਾ ਹੈ।” ਪ੍ਰਧਾਨ ਮੰਤਰੀ ਮੋਦੀ ਨੂੰ ਪਹਿਲਾਂ ਵੀ ਕਈ ਮੁਲਕਾਂ ਨੇ ਆਪਣੇ ਸਰਬਉੱਚ ਪੁਰਸਕਾਰਾਂ ਨਾਲ ਨਿਵਾਜਿਆ ਹੈ। ਇਸ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਅਤੇ ਪ੍ਰਥਮ ਮਹਿਲਾ ਬ੍ਰਿਜਿਟ ਮੈਕਰੌਂ ਨੇ ਐਲਿਸੀ ਪੈਲੇਸ ’ਚ ਪ੍ਰਧਾਨ ਮੰਤਰੀ ਮੋਦੀ ਲਈ ਨਿੱਜੀ ਰਾਤਰੀ ਭੋਜ ਦਾ ਪ੍ਰਬੰਧ ਕੀਤਾ ਸੀ। ਸ੍ਰੀ ਮੋਦੀ ਨੇ ਇਕ ਕਲਾ ਕੇਂਦਰ ’ਚ ਪਰਵਾਸੀ ਭਾਰਤੀਆਂ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਭੁਗਤਾਨ ਪ੍ਰਣਾਲੀ ਯੂਪੀਆਈ ਦੀ ਵਰਤੋਂ ਨੂੰ ਲੈ ਕੇ ਭਾਰਤ ਅਤੇ ਫਰਾਂਸ ਵਿਚਕਾਰ ਸਹਿਮਤੀ ਬਣੀ ਹੈ ਜਿਸ ਦੇ ਨਤੀਜੇ ਵਜੋਂ ਹੁਣ ਇਸ ਦੀ ਵਰਤੋਂ ਕੀਤੀ ਜਾ ਸਕੇਗੀ ਅਤੇ ਭਾਰਤੀ ਕਾਢਾਂ ਲਈ ਇਕ ਵੱਡਾ ਬਾਜ਼ਾਰ ਖੁੱਲ੍ਹੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹੁਣ ਫਰਾਂਸ ’ਚ ਪੋਸਟ ਗਰੈਜੂਏਸ਼ਨ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਅਦ ਪੰਜ ਸਾਲ ਦਾ ਵਰਕ ਵੀਜ਼ਾ ਵੀ ਦਿੱਤਾ ਜਾਵੇਗਾ। ਸ੍ਰੀ ਮੋਦੀ ਨੇ ਭਾਰਤ ਦੇ ਤੇਜ਼ ਰਫ਼ਤਾਰ ਨਾਲ ਹੋ ਰਹੇ ਵਿਕਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆ ’ਚ ਭਾਰਤ ਦੀ ਤਾਕਤ ਅਤੇ ਉਸ ਦੀ ਭੂਮਿਕਾ ’ਚ ਵੀ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ। ਉਨ੍ਹਾਂ ਮਾਰਸੇਲੇ ’ਚ ਨਵਾਂ ਭਾਰਤੀ ਕੌਂਸੁਲੇਟ ਖੋਲ੍ਹਣ ਦਾ ਵੀ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਪਹਿਲਾਂ ਵੀ ਕਈ ਵਾਰ ਫਰਾਂਸ ਆਏ ਹਨ ਪਰ ਇਸ ਵਾਰ ਦਾ ਦੌਰਾ ਕੁਝ ਖਾਸ ਹੈ ਕਿਉਂਕਿ ਦੋਵੇਂ ਮੁਲਕਾਂ ਦੀ ਰਣਨੀਤਕ ਭਾਈਵਾਲੀ ਦੀ ਇਹ 25ਵੀਂ ਵਰ੍ਹੇਗੰਢ ਹੈ। ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਮੁਲਕ ’ਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਰਤ ਤੇਜ਼ੀ ਨਾਲ ਵਿਕਾਸ ਦੀਆਂ ਪੁਲਾਂਘਾਂ ਪੁੱਟ ਰਿਹਾ ਹੈ।

## ਰੱਖਿਆ ਸਹਿਯੋਗ ਭਾਰਤ-ਫਰਾਂਸ ਰਿਸ਼ਤੇ ਦਾ ਮਜ਼ਬੂਤ ਥੰਮ੍ਹ: ਮੋਦੀ

ਪੈਰਿਸ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਕਿ ਰੱਖਿਆ ਸਹਿਯੋਗ ਭਾਰਤ ਤੇ ਫਰਾਂਸ ਦੇ ਰਿਸ਼ਤਿਆਂ ਦਾ ਮਜ਼ਬੂਤ ਥੰਮ੍ਹ ਹੈ। ਉਨ੍ਹਾਂ ਕਿਹਾ ਕਿ ਅਗਲੇ 25 ਸਾਲਾਂ ਵਿੱਚ ਭਾਰਤ-ਫਰਾਂਸ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਵਿੱਖੀ ਖਰੜਾ ਦਲੇਰ ਅਤੇ ਉਤਸ਼ਾਹੀ ਟੀਚਿਆਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨਾਲ ਇੱਕ ਸਾਂਝੇ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਅਤਿਵਾਦ ਖ਼ਿਲਾਫ਼ ਲੜਾਈ ਵਿੱਚ ਭਾਰਤ ਤੇ ਫਰਾਂਸ ਇਕਜੁੱਟ ਹਨ ਅਤੇ ਦੋਵਾਂ ਮੁਲਕਾਂ ਦਾ ਮੰਨਣਾ ਹੈ ਕਿ ਸਰਹੱਦ ਪਾਰੋਂ ਅਤਿਵਾਦ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਹੈ। ਇਸ ਦੌਰਾਨ ਮੈਕਰੌਂ ਵੱਲੋਂ ਮੋਦੀ ਨੂੰ 1916 ਵਿੱਚ ਖਿੱਚੀ ਗਈ ਇੱਕ ਤਸਵੀਰ ਦੀ ਫਰੇਮ ਦਾ ਉਤਾਰਾ ਤੋਹਫ਼ੇ ਵਿੱਚ ਦਿੱਤਾ ਗਿਆ। ਇਸ ਵਿੱਚ ਇੱਕ ਪੈਰਿਸ ਵਾਸੀ ਇੱਕ ਸਿੱਖ ਅਧਿਕਾਰੀ ਨੂੰ ਫੁੱਲ ਭੇਟ ਕਰਦਾ ਦਿਖਾਈ ਦੇ ਰਿਹਾ ਹੈ। ਮੋਦੀ ਨੂੰ 11ਵੀਂ ਸਦੀ ਦੀ ‘ਸ਼ਾਰਲੇਮੇਨ ਚੈਸਮੈਂਨ’ ਦੀ ਨਕਲ ਅਤੇ ਮਾਰਸਲ ਪ੍ਰਾਊਸਟ ਦਾ ਨਾਵਲ ‘ਆ ਲਾ ਰਿਸਰਚ ਡਿਊ ਟੈਂਪਸ ਪਰਦੂ’ ਦੇ ਅੰਕ ਵੀ ਭੇਟ ਕੀਤੇ ਗਏ।

# ਬੈਸਟਿਲ ਦਿਵਸ ਪਰੇਡ ’ਚ ਸ਼ਾਮਲ ਹੋਏ ਮੋਦੀ

## ਭਾਰਤ ਦੀਆਂ ਤਿੰਨੋਂ ਸੈਨਾਵਾਂ ਦੀ ਟੁੱਕੜੀ ਰਹੀ ਖਿੱਚ ਦਾ ਕੇਂਦਰ

ਪੈਰਿਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਰਾਸ਼ਟਰੀ ਦਿਵਸ ਯਾਨੀ ਬੈਸਟਿਲ ਦਿਵਸ ਪਰੇਡ ’ਚ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਭਾਰਤ ਦੀਆਂ ਤਿੰਨੋਂ ਸੈਨਾਵਾਂ ਦੀ ਇਕ ਟੁੱਕੜੀ ਨੇ ਇਸ ਪਰੇਡ ’ਚ ਹਿੱਸਾ ਲੈ ਕੇ ਲੋਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਮੌਕੇ ਫਰਾਂਸੀਸੀ ਜੈੱਟਾਂ ਨਾਲ ਭਾਰਤੀ ਹਵਾਈ ਸੈਨਾ ਦੇ ਰਾਫਾਲ ਲੜਾਕੂ ਜੈੱਟਾਂ ਨੇ ਵੀ ਫਲਾਈਪਾਸਟ ’ਚ ਸ਼ਮੂਲੀਅਤ ਕੀਤੀ। ਮੋਦੀ ਨੇ ਟਵੀਟ ਕੀਤਾ, “ਭਾਰਤ ਆਪਣੀਆਂ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ ਆਪਣੇ ਗ੍ਰਹਿ ਨੂੰ ਸ਼ਾਂਤਮਈ, ਖੁਸ਼ਹਾਲ ਅਤੇ ਸਥਾਈ ਬਣਾਉਣ ਲਈ ਹਰ ਸੰਭਵ ਕੋਸ਼ਿਸ਼ਾਂ ਕਰਨ ਲਈ ਵਚਨਬੱਧ ਹੈ। ਭਾਰਤ ਦੇ 1.4 ਅਰਬ ਲੋਕ ਮਜ਼ਬੂਤ ਅਤੇ ਭਰੋਸੇਯੋਗ ਭਾਈਵਾਲ ਵਜੋਂ ਫਰਾਂਸ ਦੇ ਹਮੇਸ਼ਾ ਸ਼ੁਕਰਗੁਜ਼ਾਰ ਰਹਿਣਗੇ। ਇਹ ਸਬੰਧ ਹੋਰ ਵੀ ਮਜ਼ਬੂਤ ਹੋਣ ਅਜਿਹੀ ਕਾਮਨਾ ਕਰਦੇ ਹਾਂ।” ਮੈਕਰੌਂ ਨੇ ਟਵੀਟ ਕਰਕੇ ਕਿਹਾ ਕਿ ਵਿਸ਼ਵ ਇਤਿਹਾਸ ’ਚ ਇਕ ਦਿੱਗਜ, ਭਵਿੱਖ ’ਚ ਫ਼ੈਸਲਾਕੁਨ ਭੂਮਿਕਾ ਨਿਭਾਉਣ ਵਾਲੇ ਇਕ ਰਣਨੀਤਕ ਭਾਈਵਾਲ, ਇਕ ਦੋਸਤ ਦਾ ਅਸੀਂ 14 ਜੁਲਾਈ ਦੀ ਪਰੇਡ ’ਚ ਆਪਣੇ ਵਿਸ਼ੇਸ਼ ਮਹਿਮਾਨ ਵਜੋਂ ਭਾਰਤ ਦਾ ਸਵਾਗਤ ਕਰਨ ’ਤੇ ਮਾਣ ਮਹਿਸੂਸ ਕਰਦੇ ਹਾਂ। ‘ਸਾਰੇ ਜਹਾਂ ਸੇ ਅੱਛਾ’ ਦੀ ਧੁਨ ’ਤੇ ਮਾਰਚ ਕਰਦਿਆਂ ਭਾਰਤ ਦੀਆਂ ਤਿੰਨੋਂ ਸੈਨਾਵਾਂ ਦੇ 269 ਮੈਂਬਰੀ ਦਲ ਨੇ ਪਰੇਡ ’ਚ ਹਿੱਸਾ ਲਿਆ।

ਪ੍ਰਧਾਨ ਮੰਤਰੀ ਮੋਦੀ ਨੇ ਮੰਚ ਅੱਗਿਉਂ ਗੁਜ਼ਰਦਿਆਂ ਸਮੇਂ ਭਾਰਤੀ ਟੁੱਕੜੀ ਨੂੰ ਸਲਾਮੀ ਦਿੱਤੀ ਜਿਥੇ ਉਹ ਮੈਕਰੌਂ ਅਤੇ ਹੋਰ ਹਸਤੀਆਂ ਨਾਲ ਵਿਰਾਜਮਾਨ ਸਨ। ਸਾਰੀ ਪਰੇਡ ਦੌਰਾਨ



ਫਰਾਂਸੀਸੀ ਰਾਸ਼ਟਰਪਤੀ, ਮੋਦੀ ਨੂੰ ਰਵਾਇਤੀ ਪਰੇਡ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਂਦੇ ਰਹੇ। ਫਰਾਂਸੀਸੀ ਕੌਮੀ ਦਿਵਸ ਜਾਂ ਬੈਸਟਿਲ ਦਿਵਸ ਦਾ ਫਰਾਂਸ ਦੇ ਇਤਿਹਾਸ ’ਚ ਇਕ ਵਿਸ਼ੇਸ਼ ਸਥਾਨ ਹੈ ਕਿਉਂਕਿ ਇਹ 1789 ’ਚ ਹੋਏ ਫਰਾਂਸੀਸੀ ਇਨਕਲਾਬ ਦੌਰਾਨ ਬੈਸਟਿਲ ਜੇਲ੍ਹ ’ਤੇ ਹੋਏ ਹਮਲੇ ਦੀ ਯਾਦ ਦਿਵਾਉਂਦਾ ਹੈ।









# Healthy Body Healthy Mind

# 15th Annual Games

## July 22-23, 2023 | Saturday & Sunday

James Logan High School, 1800 H St, Union City CA 94587




SIKH SPORT ASSOCIATION OF U.S.A.



• Soccer • Track & Field • Basketball • Flag Football
• Wrestling Field Hockey • Volleyball • Kabaddi

**Register Today at www.sikhsports.com**

ਸਾਡੇ ਲੋਕ

ਕੈਲੀਫੋਰਨੀਆ ਦਾ ਇੱਕੋ-ਇੱਕ ਟੂਰਨਾਮੈਂਟ ਜਿਥੇ 1,500 ਤੋਂ ਜ਼ਿਆਦਾ ਅਥਲੀਟ ਹਿੱਸਾ ਲੈਂਦੇ ਹਨ।

"ਕਿਰਪਾ ਕਰਕੇ ਅੱਜ ਆਪਣੇ ਆਪ ਨੂੰ ਜਾਂ ਆਪਣੀ ਟੀਮ ਨੂੰ ਰਜਿਸਟਰ ਕਰੋ"

Please send you donations to : 4430 Deerfield Way, Danville CA 94506

Sikh Sports Association of USA is a registered 501 (c) (3) Non-Profit Organization. General information : 1-866-499-0032

# ਹੜ੍ਹ ਪ੍ਰਭਾਵਤ ਇਲਾਕਿਆਂ ’ਚ ਖ਼ਾਲਸਾ ਏਡ ਅਤੇ ਯੂਨਾਈਟਿਡ ਸਿੱਖਸ ਦੀਆਂ ਅਣਥੱਕ ਸੇਵਾਵਾਂ ਜਾਰੀ







ਚੰਡੀਗੜ੍ਹ : ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ ਲੋੜਵੰਦਾਂ ਦੀ ਮਦਦ ਕਰਨਾ, ਇਸ ਦੇ ਲਈ ਅਮੀਰ ਜਾਂ ਗਰੀਬ ਹੋਣਾ ਮਾਇਨੇ ਨਹੀਂ ਰੱਖਦਾ। ਇਨਸਾਨੀਅਤ ਸਾਨੂੰ ਲੋੜਵੰਦਾਂ ਦੀ ਮਦਦ ਕਰਨਾ ਸਿਖਾਉਂਦੀ ਹੈ। ਦੁਨੀਆਂ ਭਰ ਵਿਚ ਕਈ ਅਜਿਹੀਆਂ ਸਿੱਖ ਸੰਸਥਾਵਾਂ ਹਨ ਜੋ ਬਿਨਾਂ ਕਿਸੇ ਲਾਭ ਤੋਂ ਲੋਕ ਭਲਾਈ ਦੇ ਕੰਮ ਕਰ ਰਹੀਆਂ ਹਨ। ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਦੋਂ ਵੀ ਕੋਈ ਆਫ਼ਤ ਆਉਂਦੀ ਹੈ ਤਾਂ ਸੱਭ ਦੇ ਦਿਮਾਗ਼ ਵਿਚ ਪਹਿਲਾ ਨਾਂਅ ‘ਖ਼ਾਲਸਾ ਏਡ’ ਅਤੇ ‘ਯੂਨਾਈਟਿਡ ਸਿੱਖਸ’ ਦਾ ਆਉਂਦਾ ਹੈ।

ਪੰਜਾਬ ਵਿਚ ਬੀਤੇ ਦਿਨੀਂ ਲਗਾਤਾਰ ਹੋਈ ਭਾਰੀ ਬਾਰਸ਼ ਦੇ ਚਲਦਿਆਂ ਆਏ ਹੜ੍ਹ ਕਾਰਨ ਬਹੁਤ ਲੋਕ ਘਰੋਂ ਬੇਘਰ ਹੋ ਗਏ ਹਨ। ਉਨ੍ਹਾਂ ਦਾ ਸਾਰਾ ਕੁੱਝ ਪਾਣੀ ਵਿਚ ਰੁੜ੍ਹ ਗਿਆ ਹੈ। ਜਿਥੇ ਸਰਕਾਰ ਵਲੋਂ ਰਾਹਤ ਕਾਰਜ ਜਾਰੀ ਹੈ, ਉਥੇ ਹੀ ਖ਼ਾਲਸਾ ਏਡ ਅਤੇ ਯੂਨਾਈਟਿਡ ਸਿੱਖਸ ਦੇ ਸੇਵਾਦਾਰ ਬਿਨਾਂ ਕਿਸੇ ਭੇਦ ਭਾਵ ਦੇ ਅਣਥੱਕ ਸੇਵਾਵਾਂ ਨਿਭਾਉਂਦਿਆਂ ਬੁਨਿਆਦੀ ਸਹੂਲਤਾਂ ਜੁਟਾਉਣ ਵਿਚ ਲੱਗੇ ਹੋਏ ਹਨ। ਸੋਸ਼ਲ ਮੀਡੀਆ ’ਤੇ ਕਈ ਦਿਲ ਨੂੰ ਛੂਹ ਲੈਣ ਵਾਲੀਆਂ ਤਸਵੀਰਾਂ ਵੀ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਵਲੋਂ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਹਰਿਆਣਾ ਅਤੇ ਹੋਰ ਸੂਬਿਆਂ ਵਿਚ ਵੀ ਲੋੜਵੰਦਾਂ ਦੀ ਮਦਦ ਜਾਰੀ ਹੈ।

**ਹੜ੍ਹ ਪੀੜਤਾਂ ਦੀ ਮਦਦ ਲਈ ਯੂਨਾਈਟਿਡ ਸਿੱਖਸ ਦੀਆਂ ਐਮਰਜੈਂਸੀ ਰਿਸਪਾਂਸ ਟੀਮਾਂ ਲਾਮਬੰਦ : ਕਿਹਾ, ਕੁਦਰਤੀ ਆਫ਼ਤ ਨਾਲ ਜੂਝ ਰਹੇ ਪੰਜਾਬ ਨੂੰ ਬਚਾਉਣਾ ਸਾਡਾ ਫ਼ਰਜ਼ :** ਕੌਮਾਂਤਰੀ ਪਧਰ ਦੀ ਗ਼ੈਰ-ਲਾਭਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾ ਯੂਨਾਈਟਿਡ ਸਿੱਖਸ ਨੇ ਮੋਹਾਲੀ, ਰੋਪੜ, ਸੰਗਰੂਰ, ਲੁਧਿਆਣਾ ਸਣੇ ਪੰਜਾਬ ਦੇ ਹੋਰ ਖੇਤਰਾਂ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਅਪਣੀਆਂ ਐਮਰਜੈਂਸੀ ਰਿਸਪਾਂਸ ਟੀਮਾਂ ਨੂੰ ਲਾਮਬੰਦ ਕੀਤਾ ਹੈ। ਹੜ੍ਹ ਪੀੜਤਾਂ ਨੂੰ ਲੰਗਰ, ਸੁੱਕਾ ਰਾਸ਼ਨ, ਪਾਣੀ, ਦਵਾਈਆਂ ਆਦਿ ਮੁਹੱਈਆ ਕਰਵਾਇਆ ਜਾ ਰਿਹਾ ਹੈ। ਕਈ-ਕਈ ਫੁੱਟ ਤੱਕ ਖੜ੍ਹੇ ਪਾਣੀ ਵਿਚ ਡੁੱਬਦੇ ਪਸ਼ੂ, ਤੈਰਦੇ ਵਾਹਨ ਅਤੇ ਫਸੇ ਹੋਏ ਪ੍ਰਵਾਰਾਂ ਦੀਆਂ ਤਸਵੀਰਾਂ ਔਖੀ ਘੜੀ ਨੂੰ ਬਿਆਨ ਕਰ ਰਹੀਆਂ ਹਨ। ਸੰਸਥਾ ਦੇ ਸੇਵਾਦਾਰ ਪੀੜਤਾਂ ਨੂੰ ਪਾਣੀ ਵਿਚੋਂ ਕੱਢਣ, ਰਿਹਾਇਸ਼ ਅਤੇ ਲੰਗਰ-ਪਾਣੀ ਦਾ ਪ੍ਰਬੰਧ ਕਰਨ ਵਿਚ ਜੁਟ ਗਏ ਹਨ। ਡਾਕਟਰੀ ਸਹੂਲਤਾਂ ਲਈ ਐਂਬੂਲੈਂਸ ਸੇਵਾਵਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ।

ਯੂਨਾਈਟਿਡ ਸਿੱਖਸ ਦੇ ਕੌਮਾਂਤਰੀ ਮਨੁੱਖਤਾਵਾਦੀ ਰਾਹਤ ਕਾਰਜਾਂ ਦੇ ਨਿਰਦੇਸ਼ਕ ਗੁਰਵਿੰਦਰ ਸਿੰਘ ਨੇ ਕਿਹਾ, “ਸਾਡੀਆਂ ਟੀਮਾਂ ਸੂਬੇ ਵਿਚ ਸੈਟੇਲਾਈਟ ਸੈਂਟਰਾਂ ਦੀ ਸਥਾਪਨਾ ਲਈ ਢੁਕਵੇਂ ਸਥਾਨਾਂ ਦੀ ਪਛਾਣ ਕਰਨ ਲਈ ਪ੍ਰਭਾਵਿਤ ਖੇਤਰਾਂ ਦੀ ਸਮੀਖਿਆ ਕਰ ਰਹੀਆਂ ਹਨ। ਇਹ ਕੇਂਦਰ ਹੜ੍ਹ ਪ੍ਰਭਾਵਿਤ ਵਿਅਕਤੀਆਂ ਅਤੇ ਪ੍ਰਵਾਰਾਂ ਨੂੰ ਜ਼ਰੂਰੀ ਰਾਹਤ ਸਮੱਗਰੀ, ਡਾਕਟਰੀ ਸਹਾਇਤਾ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸੰਚਾਲਨ ਕੇਂਦਰ ਵਜੋਂ ਕੰਮ ਕਰਨਗੇ।”

ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਨੇ ਕਿਹਾ, ‘ਜ਼ਰੂਰੀ ਸਾਮਾਨ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ, ਅਸੀਂ ਜ਼ਰੂਰੀ ਚੀਜ਼ਾਂ ਅਤੇ ਸਾਧਨਾਂ ਨਾਲ ਲੈਸ ਵੈਨਾਂ ਅਤੇ ਐਂਬੂਲੈਂਸਾਂ ਨੂੰ ਵੀ ਲਾਮਬੰਦ ਕਰ ਰਹੇ ਹਾਂ।’ ਯੂਨਾਈਟਿਡ ਸਿੱਖਸ ਦਾ ਕਹਿਣਾ ਹੈ ਕਿ ਕੁਦਰਤੀ ਆਫ਼ਤ ਨਾਲ ਜੂਝ ਰਹੇ ਪੰਜਾਬ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ।

ਲੋੜਵੰਦਾਂ ਤਕ ਸੁੱਕਾ ਰਾਸ਼ਨ, ਪਾਣੀ, ਦੁੱਧ, ਦਵਾਈਆਂ ਅਤੇ ਤਰਪਾਲਾਂ ਪਹੁੰਚਾ ਰਹੇ ਖ਼ਾਲਸਾ ਏਡ ਦੇ ਵਲੰਟੀਅਰ ਲਗਾਤਾਰ ਹੋਈ ਬਾਰਸ਼ ਦੇ ਚਲਦਿਆਂ ‘ਖ਼ਾਲਸਾ ਏਡ ਇੰਡੀਆ’ ਵਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਐਮਰਜੈਂਸੀ ਰਾਹਤ ਕਾਰਜ ਸ਼ੁਰੂ ਕੀਤੇ ਗਏ। ਤੇਜ਼ ਮੀਂਹ ਨੇ ਰੋਪੜ, ਮੋਰਿੰਡਾ, ਚਮਕੌਰ ਸਾਹਿਬ, ਰਾਜਪੁਰਾ, ਪਟਿਆਲਾ, ਆਨੰਦਪੁਰ ਸਾਹਿਬ, ਸਰਹਿੰਦ, ਫ਼ਤਹਿਗੜ੍ਹ ਸਾਹਿਬ ਸਮੇਤ ਪੰਜਾਬ ਦੇ ਕਈ ਸ਼ਹਿਰਾਂ ਵਿਚ ਤਬਾਹੀ ਮਚਾਈ।

ਸੋਸ਼ਲ ਮੀਡੀਆ ’ਤੇ ਸਾਹਮਣੇ ਆਈਆਂ ਵੀਡੀਉਜ਼ ਵਿਚ ਦੇਖਣ ਨੂੰ ਮਿਲਿਆ ਕਿ ‘ਸਤਿਨਾਮ ਵਾਹਿਗੁਰੂ’ ਦਾ ਜਾਪ ਕਰਦੇ ਵਲੰਟੀਅਰ ਕਿਸ਼ਤਿਆਂ ਰਾਹੀਂ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾ ਰਹੇ ਹਨ। ਖ਼ਾਲਸਾ ਏਡ ਦਾ ਕਹਿਣਾ ਹੈ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਫਸੇ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਉਣਾ ਸੰਸਥਾ ਦੀ ਤਰਜੀਹ ਹੈ। ਇਸ ਤੋਂ ਬਾਅਦ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਜਿਹੜੇ ਲੋਕ ਸੁਰੱਖਿਅਤ ਹਨ, ਉਨ੍ਹਾਂ ਤਕ ਲੰਗਰ (ਗਰਮ ਭੋਜਨ) ਅਤੇ ਪੀਣ ਵਾਲੇ ਸਾਫ਼ ਪਾਣੀ ਵਰਗੀਆਂ ਜ਼ਰੂਰੀ ਵਸਤਾਂ ਦੀ ਪਹੁੰਚ ਹੋਵੇ। ਵਲੰਟੀਅਰ 24 ਘੰਟੇ ਹੜ੍ਹ ਪ੍ਰਭਾਵਤ ਖੇਤਰਾਂ ਵਿਚ ਡਟੇ ਹੋਏ ਹਨ। ਘਰਾਂ ਵਿਚ ਫਸੇ ਲੋਕਾਂ ਨੂੰ ਸੁੱਕਾ ਰਾਸ਼ਨ, ਪੀਣ ਲਈ ਪਾਣੀ, ਦੁੱਧ, ਦਵਾਈਆਂ ਅਤੇ ਅਸਥਾਈ ਬਸਤੀਆਂ ਵਿਚ ਤਰਪਾਲਾਂ ਆਦਿ ਪਹੁੰਚਾਈਆਂ ਜਾ ਰਹੀਆਂ ਹਨ। ਰਾਹਤਾਂ ਕਾਰਜਾਂ ਵਿਚ ਜੁੜੀਆਂ ਟੀਮਾਂ ਨਾਲ ਮਿਲ ਕੇ ਆਮ ਲੋਕ ਵੀ ਅਪਣਾ ਫ਼ਰਜ਼ ਨਿਭਾਅ ਰਹੇ ਹਨ। ਸੁਰੱਖਿਅਤ ਥਾਵਾਂ ’ਤੇ ਪਹੁੰਚੇ ਲੋਕ ਵੀ ਖ਼ਾਲਸਾ ਏਡ ਦੀ ਸ਼ਲਾਘਾ ਕਰਦੇ ਨਜ਼ਰ ਆ ਰਹੇ ਹਨ। ਖ਼ਾਲਡਾ ਏਡ ਨੇ ਪੀੜਤਾਂ ਲਈ 91156-09019 ਅਤੇ 0175-5001300 ਨੰਬਰ ਜਾਰੀ ਕੀਤੇ ਹਨ। ਰਾਹਤ ਕਾਰਜਾਂ ਵਿਚ ਜੁਟੀ ਖ਼ਾਲਸਾ ਏਡ ਦੇ ਪਟਿਆਲਾ ਦਫ਼ਤਰ ਵਿਚ ਵੀ ਪਾਣੀ ਭਰ ਗਿਆ, ਇਸ ਦੇ ਬਾਵਜੂਦ ਸੇਵਾ ਜਾਰੀ ਹੈ।

**ਹਰਿਆਣਾ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਵੀ ਸੇਵਾ ਜਾਰੀ :** ਪੰਜਾਬ ਤੋਂ ਇਲਾਵਾ ਖ਼ਾਲਸਾ ਏਡ ਦੇ ਵਲੰਟੀਅਰ ਹਰਿਆਣਾ ਵਿਚ ਵੀ ਜ਼ਮੀਨੀ ਪੱਧਰ ’ਤੇ ਡਟੇ ਹੋਏ ਹਨ। ਸ਼ਾਹਬਾਦ, ਮਾਰਕੰਡਾ, ਅੰਬਾਲਾ ਅਤੇ ਕਰਨਾਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਲਿਜਾਣ ਦੇ ਨਾਲ-ਨਾਲ ਜ਼ਰੂਰਤ ਦਾ ਸਾਮਾਨ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਖ਼ਾਲਸਾ ਏਡ ਦੀਆਂ ਟੀਮਾਂ ਵਿਚ ਸਥਾਨਕ ਲੋਕ ਵੀ ਰਾਹਤ ਕਾਰਜਾਂ ਦਾ ਹਿੱਸਾ ਬਣ ਰਹੇ ਹਨ।

**ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ ਪ੍ਰਸ਼ਾਸਨ : ਰਵੀ ਸਿੰਘ, ਕਿਹਾ, ਕੇਂਦਰ ਸਰਕਾਰ ਨੇ ਪੰਜਾਬ ਨੂੰ ਮੁੜ ਪਿੱਠ ਦਿਖਾਈ :** ਖ਼ਾਲਸਾ ਏਡ ਦੇ ਮੁਖੀ ਰਵੀ ਸਿੰਘ ਨੇ ਵੀਡੀਉ ਸੰਦੇਸ਼ ਜਾਰੀ ਕਰਦਿਆਂ ਦਸਿਆ ਕਿ ਕੁਦਰਤੀ ਆਫ਼ਤ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਭਾਰੀ ਨੁਕਸਾਨ ਹੋਇਆ ਹੈ। ਪੀੜਤਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਖ਼ਾਲਸਾ ਏਡ ਦੇ ਵਲੰਟੀਅਰ 24 ਘੰਟੇ ਸੇਵਾਵਾਂ ਨਿਭਾਅ ਰਹੇ ਹਨ। ਮੋਟਰ ਕਿਸ਼ਤੀਆਂ ਦੀ ਮਦਦ ਨਾਲ ਬੱਚਿਆਂ, ਬਜ਼ੁਰਗਾਂ, ਔਰਤਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਜਾ ਰਿਹਾ ਹੈ। ਖ਼ਾਲਸਾ ਏਡ ਇੰਡੀਆ ਦੇ ਸੇਵਾਦਾਰਾਂ ਅਤੇ ਡਾਇਰੈਕਟਰ ਅਮਰਪ੍ਰੀਤ ਸਿੰਘ ਦਾ ਧਨਵਾਦ ਕਰਦਿਆਂ ਖ਼ਾਲਸਾ ਏਡ ਮੁਖੀ ਨੇ ਕਿਹਾ ਕਿ ਪਿਛਲੀ ਵਾਰ ਆਏ ਹੜ੍ਹ ਦੌਰਾਨ ਵੀ ਇਨ੍ਹਾਂ ਨੇ ਡਟ ਕੇ ਪੰਜਾਬੀਆਂ ਦਾ ਸਾਥ ਦਿਤਾ ਸੀ। ਉਨ੍ਹਾਂ ਕਿਹਾ ਕਿ ਸਾਡਾ ਦਿਲ ਪੰਜਾਬ ਦੇ ਨਾਲ ਹੈ।

ਰਵੀ ਸਿੰਘ ਦਾ ਕਹਿਣਾ ਹੈ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਪ੍ਰਸ਼ਾਸਨ ਇਸ ਆਫ਼ਤ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਉਸ ਨੂੰ ਅਪਣੀ ਇਸ ਗ਼ਲਤੀ ਤੋਂ ਸਿੱਖਣ ਦੀ ਲੋੜ ਹੈ ਤਾਂ ਜੋ ਭਵਿੱਖ ਵਿਚ ਸੂਬੇ ਦਾ ਹੋਰ ਨੁਕਸਾਨ ਨਾ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਕੋਲ ਤਜਰਬਾ ਨਹੀਂ ਹੈ ਤਾਂ ਉਨ੍ਹਾਂ ਨੂੰ ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਤਕ ਪਹੁੰਚ ਕਰਨੀ ਚਾਹੀਦੀ ਹੈ। ਅਜਿਹੀ ਸਥਿਤੀ ਵਿਚ ਤਜਰਬੇਕਾਰਾਂ ਤੋਂ ਸਿੱਖਣਾ ਚਾਹੀਦਾ ਹੈ। ਬੇਸ਼ੱਕ ਖ਼ਾਲਸਾ ਏਡ ਕੋਲ ਜ਼ਿਆਦਾ ਟੀਮਾਂ ਨਹੀਂ ਹਨ, ਪਰ ਉਸ ਕੋਲ ਤਜਰਬਾ ਜ਼ਰੂਰ ਹੈ। ਕੇਂਦਰ ਨੇ ਮੁੜ ਪੰਜਾਬ ਨੂੰ ਪਿੱਠ ਦਿਖਾਈ ਹੈ।

ਰਵੀ ਸਿੰਘ ਨੇ ਕਿਹਾ ਕਿ ਕੇਂਦਰ ਵਲੋਂ ਪੰਜਾਬ ਨੂੰ ਬਿਲਕੁਲ ਸਮਰਥਨ ਨਹੀਂ ਦਿਤਾ ਗਿਆ। ਪੰਜਾਬ ਪਾਣੀ ਵਿਚ ਡੁੱਬ ਰਿਹਾ ਹੈ ਪਰ ਕੇਂਦਰ ਸਰਕਾਰ ਨੂੰ ਕੋਈ ਫਿਕਰ ਨਹੀਂ, ਪੰਜਾਬ ਬਾਰੇ ਕੋਈ ਨਹੀਂ ਸੋਚ ਰਿਹਾ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਵਿੱਤੀ ਸਹਾਇਤਾ ਦੇ ਨਾਲ-ਨਾਲ ਪਿੰਡਾਂ ਵਿਚ ਅਪਣੇ ਨੁਮਾਇੰਦੇ ਭੇਜੇ ਜਾਣੇ ਚਾਹੀਦੇ ਹਨ ਤਾਂ ਜੋ ਫ਼ੰਡਾਂ ਦੀ ਦੁਰਵਰਤੋਂ ਨਾ ਹੋਵੇ। ਖ਼ਾਲਸਾ ਏਡ ਵਲੋਂ ਵੀ ਪਿੰਡਾਂ ਵਿਚ ਭੇਜਣ ਲਈ ਟੀਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

# ਪੰਜਾਬ ’ਚ 14 ਜ਼ਿਲਿਆਂ ਦੇ 1179 ਪਿੰਡ ਹੜ੍ਹ ਦੀ ਲਪੇਟ ’ਚ

## 22 ਹਜ਼ਾਰ ਤੋਂ ਵੱਧ ਲੋਕਾਂ ਨੂੰ ਛੱਡਣਾ ਪਿਆ ਘਰ





ਚੰਡੀਗੜ੍ਹ : ਪੰਜਾਬ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਹੁਣ ਤੱਕ 22 ਹਜ਼ਾਰ ਲੋਕਾਂ ਨੂੰ ਆਪਣਾ ਘਰ ਛੱਡਣਾ ਪਿਆ ਹੈ। ਸਰਕਾਰ ਅਤੇ ਪ੍ਰਸ਼ਾਸਨ ਨੇ ਇਨ੍ਹਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਹੈ। ਸਰਕਾਰ ਮੁਤਾਬਕ ਹੁਣ ਤੱਕ 14 ਜ਼ਿਲ੍ਹਿਆਂ ਦੇ 1179 ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ। ਇਸ ਸਮੇਂ ਜਿਹੜੇ 14 ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ, ਉਨ੍ਹਾਂ ਵਿੱਚ ਪਟਿਆਲਾ, ਜਲੰਧਰ, ਕਪੂਰਥਲਾ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਮੋਗਾ, ਲੁਧਿਆਣਾ, ਮੋਹਾਲੀ ਅਤੇ ਸੰਗਰੂਰ ਸ਼ਾਮਲ ਹਨ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਮੰਤਰੀਆਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਹੈ।

ਜਿੱਥੇ ਆਪਦਾ ਪ੍ਰਬੰਧਨ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਨੇ ਮੁਹਾਲੀ ਜ਼ਿਲ੍ਹੇ ਦੇ ਕਰੀਬ ਇੱਕ ਦਰਜਨ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਉੱਥੇ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਡੇਰਾਬੱਸੀ ਖੇਤਰ ਵਿੱਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਸੂਬਾ ਸਰਕਾਰ ਦੇ ਬੁਲਾਰੇ ਅਨੁਸਾਰ 22764 ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਭੇਜਿਆ ਗਿਆ ਹੈ। ਕੁਝ ਇਲਾਕਿਆਂ ’ਚ ਹੜ੍ਹ ਦੀ ਸਥਿਤੀ ’ਚ ਸੁਧਾਰ ਹੋਣ ਤੋਂ ਬਾਅਦ ਰਾਹਤ ਕੈਂਪਾਂ ਦੀ ਗਿਣਤੀ 183 ਤੋਂ ਘਟਾ ਕੇ 161 ਕਰ ਦਿੱਤੀ ਗਈ ਹੈ। ਇਕ ਬੁਲਾਰੇ ਨੇ ਦੱਸਿਆ ਕਿ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਸਿਹਤ ਵਿਭਾਗ ਵੱਲੋਂ ਰੈਪਿਡ ਰਿਸਪਾਂਸ ਟੀਮਾਂ ਦੀ ਗਿਣਤੀ 315 ਤੋਂ ਵਧਾ ਕੇ 409 ਕਰ ਦਿੱਤੀ ਗਈ ਹੈ, ਜਦਕਿ ਮੈਡੀਕਲ ਕੈਂਪਾਂ ਦੀ ਗਿਣਤੀ ਵੀ 186 ਤੋਂ ਵਧਾ ਕੇ 252 ਕਰ ਦਿੱਤੀ ਗਈ ਹੈ। ਪਸ਼ੂ ਪਾਲਣ ਵਿਭਾਗ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੁੱਲ 1730 ਪਸ਼ੂਆਂ ਦਾ ਇਲਾਜ ਕੀਤਾ ਗਿਆ ਹੈ ਅਤੇ 7255 ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਆਪਣੇ ਐਚ.ਐਸ. ਟੀਕਾਕਰਨ ਮੁਹਿੰਮ ਮੁਕੰਮਲ ਹੋ ਚੁੱਕੀ ਹੈ। ਰਾਹਤ ਕਾਰਜਾਂ ਵਿੱਚ ਲੱਗੀਆਂ ਟੀਮਾਂ ਲੋੜਵੰਦ ਪਸ਼ੂਆਂ ਦਾ ਇਲਾਜ, ਚਾਰਾ ਆਦਿ ਮੁਹੱਈਆ ਕਰਵਾਉਣ ਲਈ ਦਿਨ ਰਾਤ ਕੰਮ ਕਰ ਰਹੀਆਂ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫੂਡ ਪੈਕੇਟ ਲਗਾਤਾਰ ਵੰਡੇ ਜਾ ਰਹੇ ਹਨ। ਹੁਣ ਤੱਕ ਸਿਰਫ਼ ਪਟਿਆਲਾ (37000) ਅਤੇ ਰੂਪਨਗਰ (18930) ਵਿੱਚ 57 ਹਜ਼ਾਰ ਤੋਂ ਵੱਧ ਫੂਡ ਪੈਕੇਟ ਵੰਡੇ ਜਾ ਚੁੱਕੇ ਹਨ।

# ਹੜ੍ਹਾਂ ਦਾ ਪਾਣੀ ਉਤਰਿਆ ਪਰ ਮੁਸੀਬਤਾਂ ਬਰਕਰਾਰ

## ਪੀਣ ਵਾਲੇ ਪਾਣੀ ਦੀ ਕਿੱਲਤ ਜਾਰੀ; ਹਜ਼ਾਰਾਂ ਏਕੜ ਫ਼ਸਲ ਡੁੱਬੀ



ਪਟਿਆਲਾ : ਪਟਿਆਲਾ ਜ਼ਿਲ੍ਹੇ ਵਿਚੋਂ ਲੰਘਦੇ ਘੱਗਰ ਅਤੇ ਹੋਰ ਨਦੀਆਂ ਨਾਲਿਆਂ ਵਿੱਚ ਵਧੇ ਪਾਣੀ ਦੇ ਪੱਧਰ ਭਾਵੇਂ ਉਤਰ ਗਿਆ ਹੈ ਪਰ ਲੋਕਾਂ ਦੀਆਂ ਮੁਸੀਬਤਾਂ ਬਰਕਰਾਰ ਹਨ। ਪਟਿਆਲਾ ਸ਼ਹਿਰ ਦੇ ਅਰਬਨ ਅਸਟੇਟ, ਚਿਨਾਰ ਬਾਗ ਤੇ ਰਿਸ਼ੀ ਕਲੋਨੀ ਸਮੇਤ ਹੋਰਨਾ ਖੇਤਰਾਂ ਵਿਚਲੇ ਘਰਾਂ ਵਿੱਚੋਂ ਪਾਣੀ ਉਤਰਨ ਮਗਰੋਂ ਲੋਕਾਂ ਨੇ ਸਾਫ਼-ਸਫਾਈ ਦੀ ਮੁਹਿੰਮ ਵਿੱਢੀ ਹੋਈ ਹੈ। ਨਗਰ ਨਿਗਮ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਵੀ ਆਪੋ ਆਪਣੇ ਅਧਿਕਾਰ ਖੇਤਰ ਵਾਲੇ ਕਾਰਜਾਂ 'ਚ ਮਸਰੂਫ ਹਨ। ਕਿਉਂਕਿ ਸਿਹਤ ਵਿਭਾਗ ਨੇ ਅਜੇ ਕੁਝ ਦਿਨ ਸਪਲਾਈ ਲਾਈਨ ਵਾਲਾ ਪਾਣੀ ਨਾ ਪੀਣ ਲਈ ਆਖਿਆ ਹੈ। ਜਿਸ ਕਰ ਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਨਾਲ ਅਜੇ ਵੀ ਜੂਝਣਾ ਪੈ ਰਿਹਾ ਹੈ।

ਛੇ ਦਿਨਾਂ ਤੱਕ ਪਾਣੀ 'ਚ ਡੁੱਬੀ ਰਹੀ ਝੋਨੇ ਦੀ ਫ਼ਸਲ ਭਾਵੇਂ ਕਿ ਪਾਣੀ ਵਿੱਚੋਂ ਬਾਹਰ ਨਜ਼ਰ ਆਉਣ ਲੱਗੀ ਹੈ ਪਰ ਜ਼ਿਲ੍ਹੇ ਅੰਦਰ ਅਜੇ ਵੀ ਹਜ਼ਾਰਾਂ ਏਕੜ ਫ਼ਸਲ ਡੁੱਬੀ ਹੋਈ ਹੈ। ਇਸ ਤੋਂ ਇਲਾਵਾ ਅੱਜ ਵੀ ਜ਼ਿਲ੍ਹੇ ਦੇ ਕਈ ਪਿੰਡ ਹੜ੍ਹਾਂ ਦੇ ਪਾਣੀ ਨਾਲ ਘਿਰੇ ਰਹੇ। ਜਦਕਿ ਕਈ ਪਿੰਡਾਂ ਦਾ ਅਜੇ ਵੀ ਸੰਪਰਕ ਟੁੱਟਿਆ ਹੋਇਆ ਹੈ। ਇਸ ਕਾਰਨ ਫੌਜ, ਪੁਲੀਸ ਅਤੇ ਪ੍ਰਸ਼ਾਸਨ ਵੱਲੋਂ ਵਿੱਢੀ ਗਈ ਰਾਹਤ ਕਾਰਜਾਂ ਦੀ ਮੁਹਿੰਮ ਅਜੇ ਵੀ ਜਾਰੀ ਹੈ। ਫੌਜ ਵੱਲੋਂ ਅਜੇ ਵੀ ਕਿਸ਼ਤੀਆਂ ਰਾਹੀਂ ਹੜ੍ਹਾਂ 'ਚ ਫਸੇ ਲੋਕਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਸਮੇਤ ਅਜਿਹੇ ਲੋਕਾ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਕਾਰਜ ਅੱਜ ਵੀ ਜਾਰੀ ਰਿਹਾ। ਸਿਆਸੀ ਪਾਰਟੀਆਂ ਦੇ ਆਗੂ ਅਤੇ ਲੋਕ ਵੀ ਇਸ ਮੁਹਿੰਮ 'ਚ ਡਟੇ ਹੋਏ ਹਨ। ਇਸੇ ਦੌਰਾਨ ਘੱਗਰ ਸਮੇਤ ਭਾਵੇਂ ਹੋਰ ਨਦੀਆਂ ਨਾਲਿ ਲ਼ਿਆਂ ਵਿਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨਾ ਤੋਂ ਕਾਫ਼ੀ ਨੀਂਵਾਂ ਆ ਗਿਆ ਹੈ। ਪਰ ਜ਼ਿਲ੍ਹੇ ਵਿਚੋਂ ਲੰਘਦੀ ਟਾਂਗਰੀ ਨਦੀ ਅਜੇ ਵੀ ਖਤਰੇ ਦੇ ਨਿਸ਼ਾਨ (12 ਫੁੱਟ) ਤੋਂ ਤਿੰਨ ਫੁੱਟ ਉਪਰ ਹੈ। ਮਾਰਕੰਡਾ,ਜਿਸ ਵਿੱਚ ਖਤਰੇ ਦਾ ਨਿਸ਼ਾਨ 20 ਫੁੱਟ ਹੈ, ਵਿੱਚ ਅੱਜ ਦੇਰ ਸ਼ਾਮ ਤੱਕ ਉਪਰ 22 ਫੁੱਟ ਪਾਣੀ ਵਹਿ ਰਿਹਾ ਸੀ। ਉਧਰ ਘੱਗਰ ਵਿੱਚ ਸਰਾਲਾ ਹੈੱਡ 'ਤੇ ਵੀਹ ਫੁੱਟ ਤੱਕ ਪਾਣੀ ਚੱਲਦਾ ਰਿਹਾ ਹੈ, ਹੁਣ 14 ਫੁੱਟ 'ਤੇ ਹੈ। ਉਂਝ ਇਥੇ ਖਤਰੇ ਦਾ ਨਿਸ਼ਾਨ 16 ਫੱਟ 'ਤੇ ਹੈ। ਕਈ ਖੇਤਰਾਂ ਲਈ ਮਾਰ ਦਾ ਕਾਰਨ ਬਣੀ ਰਹੀ ਪਟਿਆਲਾ ਨਦੀ ਵਿੱਚ ਵੀ ਅੱਜ ਪਾਣੀ ਛੇ ਕੁ ਫੁੱਟ ਹੈ। ਉਂਝ 12 ਫੁੱਟ ਦੇ ਖਤਰੇ ਦੇ ਨਿਸ਼ਾਨ ਵਾਲੀ ਇਸ ਨਦੀ 'ਚ 17 ਫੁੱਟ ਤੱਕ ਪਾਣੀ ਵਹਿੰਦਾ ਰਿਹਾ ਹੈ।

# ਘੱਗਰ ਦੇ ਹੜ੍ਹ 'ਚ ਦਰਜਨਾਂ ਢਾਣੀਆਂ ਘਿਰੀਆਂ

## ਪਿੰਡਾਂ 'ਚ ਪਾਣੀ ਵੜਨ ਦਾ ਖ਼ਤਰਾ ਬਣਿਆ; ਸਿਰਸਾ-ਬਰਨਾਲਾ ਰੋਡ 'ਤੇ ਆਵਾਜਾਈ ਬੰਦ ਕੀਤੀ



ਸਿਰਸਾ : ਘੱਗਰ 'ਚ ਪਾਣੀ ਘਟਣ ਦਾ ਨਾਂ ਨਹੀਂ ਲੈ ਰਿਹਾ। ਘੱਗਰ 'ਚ ਥਾਂ-ਥਾਂ 'ਤੇ ਪਏ ਪਾੜਾਂ ਕਾਰਨ ਦਰਜਨਾਂ ਢਾਣੀਆਂ ਪਾਣੀ 'ਚ ਘਿਰ ਗਈਆਂ ਹਨ। ਦਰਜਨਾਂ ਪਿੰਡਾਂ 'ਚ ਪਾਣੀ ਵੜਨ ਦਾ ਖਦਸ਼ਾ ਬਣਿਆ ਹੋਇਆ ਹੈ। ਜ਼ਿਲ੍ਹਾ ਪ੍ਰਸ਼ਾਸਨ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਵੱਲੋਂ ਪਾਣੀ 'ਚ ਘਿਰੇ ਲੋਕਾਂ ਨੂੰ ਬਾਹਰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਹੜ੍ਹ ਪੀੜਤਾਂ ਲਈ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਗੁਰਦੁਆਰਾ ਦੇ ਪ੍ਰਬੰਧਕਾਂ ਵੱਲੋਂ ਲੰਗਰ ਦੀ ਸੇਵਾ ਨਿਭਾਈ ਜਾ ਰਹੀ ਹੈ। ਪੰਜਾਬ ਦੇ ਪਿੰਡ ਝੰਡਾ ਨੇੜਿਓਂ ਘੱਗਰ 'ਚ ਪਾੜ ਪੈਣ ਕਾਰਨ ਸਿਰਸਾ ਜ਼ਿਲ੍ਹੇ ਦੇ ਕਈ ਹੋਰ ਪਿੰਡਾਂ 'ਚ ਹੜ੍ਹ ਦਾ ਖ਼ਤਰਾ ਵਧ ਗਿਆ ਹੈ। ਘੱਗਰ ਦਾ ਪਾਣੀ ਸਿਰਸਾ-ਬਰਨਾਲਾ ਰੋਡ ਨਾਲ ਲੱਗਣ ਕਾਰਨ ਪ੍ਰਸ਼ਾਸਨ ਨੇ ਰੋਡ 'ਤੇ ਆਵਾਜਾਈ ਬੰਦ ਕਰਵਾ ਦਿੱਤੀ ਹੈ।

ਜਾਣਕਾਰੀ ਅਨੁਸਾਰ ਘੱਗਰ ਦੇ ਅੰਦਰਲੇ ਬੰਨ੍ਹ ਅੱਧੀ ਦਰਜਨ ਤੋਂ ਜ਼ਿਆਦਾ ਥਾਵਾਂ ਤੋਂ ਟੁੱਟਣ ਕਰ ਕੇ ਦਰਜਨਾਂ ਢਾਣੀਆਂ ਪਾਣੀ 'ਚ ਘਿਰ ਗਈਆਂ ਹਨ। ਹੜ੍ਹ ਕਾਰਨ ਹੁਣ ਤੱਕ ਕਰੀਬ ਚਾਰ ਹਜ਼ਾਰ ਕਿੱਲੇ ਖੜ੍ਹੀ ਫ਼ਸਲ ਪਾਣੀ 'ਚ ਡੱਬ ਗਈ ਹੈ। ਜ਼ਿਲ੍ਹੇ ਦੇ 49 ਪਿੰਡਾਂ 'ਚ ਹੜ੍ਹ ਦਾ ਖਦਸ਼ਾ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਵੇਦਨਸ਼ੀਲ ਐਲਾਨਿਆ ਗਿਆ ਹੈ।

ਉਧਰ ਪਾਣੀ 'ਚ ਘਿਰੇ ਲੋਕਾਂ ਨੂੰ ਬਚਾਉਣ ਲਈ ਸਮਾਜ ਸੇਵੀ ਸੰਸਥਾਵਾਂ, ਜਿਨ੍ਹਾਂ ਵਿੱਚ ਡੇਰਾ ਬਾਬਾ ਭੂਮਣ ਸ਼ਾਹ ਤੇ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਤੇ ਵਾਲੰਟੀਅਰ ਅੱਗੇ ਆਏ ਹਨ। ਪਾਣੀ 'ਚ ਘਿਰੇ ਕਈ ਘਰਾਂ ਦਾ ਸਾਮਾਨ ਵਲੰਟੀਅਰਾਂ ਨੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਐਨਡੀਆਰਐਫ ਦੀਆਂ ਦੋ ਕੰਪਨੀਆਂ ਵੀ ਕੰਮ ਕਰ ਰਹੀਆਂ ਹਨ।

ਡਿਪਟੀ ਕਮਿਸ਼ਨਰ ਪਾਰਥ ਗੁਪਤਾ ਨੇ ਦੱਸਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਰੇ ਅਧਿਕਾਰੀ ਤੇ ਕਰਮਚਾਰੀ ਹੜ੍ਹ ਰੋਕੂ ਪ੍ਰਬੰਧਾਂ ਵਿੱਚ ਲੱਗੇ ਹੋਏ ਹਨ। ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਹੀ ਉਨ੍ਹਾਂ ਦਾ ਪਹਿਲਾ ਕੰਮ ਹੈ। ਘੱਗਰ 'ਚ ਪਾਣੀ ਦਾ ਪੱਧਰ ਹਾਲੇ ਘਟਿਆ ਨਹੀਂ ਹੈ। ਉਨ੍ਹਾਂ ਨੇ ਦੱਸਿਆ ਕਿ ਹਾਲੇ ਤੱਕ ਘੱਗਰ ਦੇ ਅੰਦਰਲੇ ਬੰਨ੍ਹ ਹੀ ਟੁੱਟੇ ਹਨ, ਜਿਸ ਨਾਲ ਫ਼ਸਲਾਂ ਦਾ ਤਾਂ ਨੁਕਸਾਨ ਹੋਇਆ ਹੈ ਪਰ ਹਾਲੇ ਕਿਸੇ ਵੀ ਪਿੰਡ 'ਚ ਪਾਣੀ ਦਾਖ਼ਲ ਨਹੀਂ ਹੋਇਆ ਹੈ। ਉਨ੍ਹਾਂ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਲੋਕਾਂ ਦੀ ਸੇਵਾ ਕਰਨ ਦੀ ਅਪੀਲ ਕੀਤੀ ਹੈ।

# ਰੋੜਕੀ ਬੰਨ੍ਹ 'ਚ ਪਾੜ ਮਗਰੋਂ ਪਿੰਡ ਖਾਲੀ ਹੋਇਆ

## ਫੌਜ ਨੇ ਲੋਕਾਂ ਨਾਲ ਸੰਭਾਲਿਆ ਮੋਰਚਾ; 550 ਏਕੜ ਫ਼ਸਲ ਨੁਕਸਾਨੀ



ਸਰਦੂਲਗੜ੍ਹ : ਨੇੜਲੇ ਪਿੰਡ ਰੋੜਕੀ ਵਿੱਚ ਤੜਕੇ 2 ਵਜੇ ਘੱਗਰ ਦਾ ਬੰਨ੍ਹ ਟੁੱਟ ਗਿਆ, ਜਿਸ ਕਾਰਨ ਲਗਪਗ 550 ਏਕੜ ਰਕਬੇ ਵਿੱਚ ਪਾਣੀ ਭਰਨ ਨਾਲ ਫਸਲ ਤਬਾਹ ਹੋ ਗਈ। ਘੱਗਰ ਦਾ ਪਾਣੀ ਪੂਰੇ ਪਿੰਡ ਵਿੱਚ ਭਰ ਗਿਆ ਹੈ। ਲੋਕਾਂ ਨੇ ਜਾਨ-ਮਾਲ ਦੀ ਰਾਖੀ ਲਈ ਸੁਰੱਖਿਅਤ ਥਾਵਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ ਹੈ। ਉਧਰ, ਬੰਨ੍ਹ ਟੁੱਟਣ ਦਾ ਪਤਾ ਚੱਲਣ ਮਗਰੋਂ 322 ਏਅਰ ਡਿਫੈਂਸ ਰੈਜੀਮੈਂਟ ਯੂਨਿਟ ਬਠਿੰਡਾ ਨੇ ਮੇਜਰ ਅਸ਼ਵਨੀ ਖਜੂਰੀਆ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਨਾਲ ਮਿਲ ਕੇ ਬੰਨ੍ਹ 'ਤੇ ਮੋਰਚਾ ਸੰਭਾਲ ਲਿਆ ਅਤੇ ਪਿੰਡ ਰੋੜਕੀ, ਸਰਦੂਲਗੜ੍ਹ ਅਤੇ ਨਾਲ ਲੱਗਦੇ ਖੇਤਰ ਵਿੱਚ ਰਾਹਤ ਕਾਰਜ ਚਲਾਏ। ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਕਿ ਆਸ-ਪਾਸ ਦੇ ਪਿੰਡਾਂ ਤੋਂ ਲੋਕ ਮਦਦ ਲਈ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਸਿਰਸਾ-ਮਾਨਸਾ ਰੋਡ 'ਤੇ ਪਿੰਡ ਝੰਡਾ ਖੁਰਦ ਅਤੇ ਝੰਡਾ ਕਲਾਂ ਵਿੱਚ ਵੀ ਪਾਣੀ ਭਰ ਗਿਆ ਹੈ। ਹਾਲਾਂਕਿ ਖਨੌਰੀ, ਮੂਨਕ ਤੇ ਫਿਰੋਜ਼ਪੁਰ ਦੇ ਕੁਝ ਪਿੰਡਾਂ ਵਿੱਚੋਂ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ ਪਰ ਮੁਹਾਲੀ, ਪਟਿਆਲਾ, ਸੰਗਰੂਰ ਦੇ ਜਿਨ੍ਹਾਂ ਇਲਾਕਿਆਂ ਵਿੱਚੋਂ ਪਾਣੀ ਘਟ ਗਿਆ ਹੈ, ਹੁਣ ਉੱਥੇ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਹੈ। ਹੁਣ ਤੱਕ ਸੂਬੇ 'ਚ ਹੜ੍ਹਾਂ ਕਰ ਕੇ 35 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ 15 ਹੋਰ ਜ਼ਖ਼ਮੀ ਹੋਏ ਹਨ, ਜਦਕਿ ਤਿੰਨ ਵਿਅਕਤੀ ਅਜੇ ਵੀ ਲਾਪਤਾ ਹਨ। ਦੂਜੇ ਪਾਸੇ ਪੰਜਾਬ ਅਤੇ ਹਰਿਆਣਾ ਦੇ ਕਈ ਪਿੰਡਾਂ ਲਈ ਖਤਰਾ ਪੈਦਾ ਕਰਨ ਵਾਲੇ ਚਾਂਦਪੁਰਾ ਬੰਨ੍ਹ ਦੇ ਟੁੱਟਣ ਅਤੇ ਭਾਖੜਾ ਸਾਈਫਨ ਦੀ ਸਥਿਤੀ ਜਿਉਂ ਦੀ ਤਿਉਂ ਹੈ। ਇਹ ਪਾਣੀ ਪਿੰਡ ਗੋਰਖਨਾਥ ਕੁਲਰੀਆਂ ਤੋਂ ਅੱਗੇ ਪਿੰਡ ਬੀਰੇਵਾਲਾ ਤੇ ਰਿਉਂਦਾ ਵੱਲ ਵਧ ਰਿਹਾ ਹੈ। ਚਾਂਦਪੁਰਾ ਬੰਨ੍ਹ ਦਾ ਪਾੜ ਵੀ 100 ਫੁੱਟ ਨੂੰ ਪਾਰ ਕਰ ਚੁੱਕਾ ਹੈ ਜਿਸ ਦਾ ਡੀਸੀ ਰਿਸ਼ੀਪਾਲ ਸਿੰਘ ਤੇ ਐੱਸਡੀਐੱਮ ਪ੍ਰਮੋਦ ਸਿੰਗਲਾ ਨੇ ਜਾਇਜ਼ਾ ਲਿਆ। ਹਰਿਆਣਾ ਦੇ ਜ਼ਿਲ੍ਹਾ ਫਤਿਹਾਬਾਦ ਪ੍ਰਸ਼ਾਸਨ ਨਾਲ ਰਾਬਤਾ ਰੱਖਿਆ ਜਾ ਰਿਹਾ ਹੈ। ਐੱਨਡੀਆਰਐੱਫ ਟੀਮਾਂ ਵੱਲੋਂ ਲੋਕਾਂ ਨੂੰ ਕਿਸ਼ਤੀਆਂ ਰਾਹੀ ਸੁਰੱਖਿਅਤ ਕੱਢਿਆ ਜਾ ਰਿਹਾ ਹੈ।

# ਸਤਲੁਜ ਨੇ ਖੇਤੀ ਜੋਗੇ ਵੀ ਨਾ ਛੱਡੇ ਸਰਹੱਦੀ ਕਿਸਾਨ

## ਅਲੀ ਕੇ ਦੇ ਕਿਸਾਨ ਕੋਲ ਇਕ ਮਰਲਾ ਥਾਂ ਵੀ ਨਾ ਬਚੀ; ਲੋਕਾਂ ਦੇ ਘਰਾਂ ਵਿੱਚ ਆਉਣ ਲੱਗੀਆਂ ਤਰੇੜਾਂ



ਫ਼ਿਰੋਜ਼ਪੁਰ : ਫ਼ਿਰੋਜ਼ਪੁਰ ਦੇ ਸਰਹੱਦੀ ਪਿੰਡਾਂ 'ਚ ਹੜ੍ਹ ਦਾ ਪਾਣੀ ਪਹਿਲਾਂ ਨਾਲੋਂ ਕਾਫ਼ੀ ਘਟਿਆ ਹੈ ਪਰ ਲੋਕਾਂ ਦੀਆਂ ਮੁਸ਼ਕਲਾਂ ਅਜੇ ਵੀ ਬਰਕਰਾਰ ਹਨ। ਹੁਸੈਨੀਵਾਲਾ ਨੇੜੇ ਕਰੀਬ ਵੀਹ ਏਕੜ ਜ਼ਮੀਨ ਹੜ੍ਹ ਦਾ ਪਾਣੀ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਅਲੀ ਕੇ ਪਿੰਡ ਦੇ ਇੱਕ ਗਰੀਬ ਕਿਸਾਨ ਦੀ ਕੁੱਲ ਚਾਰ ਏਕੜ ਜ਼ਮੀਨ ਦਰਿਆ ਵਿੱਚ ਰੁੜ੍ਹ ਗਈ ਹੈ। ਉਸ ਦੇ ਕੋਲ ਹੁਣ ਇੱਕ ਮਰਲਾ ਵੀ ਜ਼ਮੀਨ ਬਾਕੀ ਨਹੀਂ ਬਚੀ। ਪਿੰਡ ਚਾਂਦੀ ਵਾਲਾ ਦੇ ਵਸਨੀਕ ਅਨੂਪ ਸਿੰਘ ਤੇ ਲੱਡੂ ਸਿੰਘ ਦੀ ਸਾਢੇ ਤਿੰਨ ਏਕੜ ਜ਼ਮੀਨ 'ਚੋਂ ਡੇਢ ਏਕੜ ਸਤਲੁਜ ਵਿਚ ਰੁੜ੍ਹ ਗਈ ਹੈ। ਕਈ ਥਾਵਾਂ ਤੋਂ ਸਤਲੁਜ ਦੇ ਕਿਨਾਰੇ ਖੁਰਨ ਕਾਰਨ ਪਾਣੀ ਨੇ ਆਪਣਾ ਰੁਖ਼ ਬਦਲ ਲਿਆ ਹੈ। ਇਹੀ ਸਥਿਤੀ ਬਸਤੀ ਰਾਮ ਲਾਲ, ਨਿਹਾਲਾ ਲਵੇਰਾ, ਮੁੱਠਿਆਂ ਵਾਲਾ ਤੇ ਨਾਲ ਲਗਦੇ ਪਿੰਡਾਂ ਵਿੱਚ ਹੈ।

ਮਿਲੀ ਜਾਣਕਾਰੀ ਅਨੁਸਾਰ ਹੁਸੈਨੀਵਾਲਾ ਤੋਂ ਅੱਗੇ ਗੱਟੀ ਰਾਜੋ ਕੀ ਤੇ ਨਾਲ ਲੱਗਦੇ ਇੱਕ ਦਰਜਨ ਤੋਂ ਵੱਧ ਪਿੰਡਾਂ ਦੇ ਕਈ ਘਰਾਂ ਵਿੱਚ ਹੜ੍ਹਾਂ ਦਾ ਪਾਣੀ ਅਜੇ ਤੱਕ ਖੜ੍ਹਾ ਹੈ। ਕਈ ਘਰਾਂ ਵਿਚ ਤਰੇੜਾਂ ਆ ਗਈਆਂ ਹਨ ਤੇ ਬਦਬੂ ਆਉਣੀ ਸ਼ੁਰੂ ਹੋ ਗਈ ਹੈ। ਘਰਾਂ ਅੰਦਰ ਪਿਆ ਸਾਮਾਨ ਖ਼ਰਾਬ ਹੋ ਗਿਆ ਹੈ। ਲੋਕਾਂ ਨੂੰ ਆਉਣ ਵਾਲੇ ਦਿਨਾਂ ਦੀ ਸਥਿਤੀ ਵੀ ਸਪੱਸ਼ਟ ਨਹੀਂ ਹੋ ਰਹੀ। ਅੱਜ ਦਿਨ ਵੇਲੇ ਇਸ ਇਲਾਕੇ 'ਚ ਫ਼ਿਰ ਤੋਂ ਮੀਂਹ ਪੈਣ ਨਾਲ ਲੋਕ ਮਾਯੂਸ ਹੋ ਗਏ।

ਦੂਜੇ ਪਾਸੇ ਜਿਨ੍ਹਾਂ ਖੇਤਾਂ ਵਿੱਚੋਂ ਹੜ੍ਹਾਂ ਦਾ ਪਾਣੀ ਨਿਕਲ ਚੁੱਕਾ ਹੈ, ਉਥੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਦੁਬਾਰਾ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਪਰ ਨੀਵੇਂ ਇਲਾਕਿਆਂ ਵਿੱਚ ਅਜੇ ਵੀ ਪਾਣੀ ਰਿਹਾ ਹੈ। ਹੜ੍ਹ ਦੇ ਪਾਣੀ ਨਾਲ ਖੇਤਾਂ ਵਿੱਚ ਲੱਗੀਆਂ ਮੋਟਰਾਂ ਖ਼ਰਾਬ ਹੋ ਗਈਆਂ ਹਨ। ਹੁਸੈਨੀਵਾਲਾ ਪਿੰਡ ਦੇ ਸਾਬਕਾ ਸਰਪੰਚ ਗੁਰਭਜਨ ਸਿੰਘ ਅਤੇ ਇੱਕ ਹੋਰ ਨੌਜਵਾਨ ਕਿਸਾਨ ਜਸਬੀਰ ਸਿੰਘ ਨੇ ਦੱਸਿਆ ਕਿ ਹੜ੍ਹ ਦਾ ਪਾਣੀ ਨਿਕਲਣ ਮਗਰੋਂ ਕੁਝ ਜ਼ਮੀਨਾਂ ਅਜਿਹੀਆਂ ਵੀ ਹਨ ਜਿੱਥੇ ਪਹਿਲਾਂ ਤੋਂ ਖੜ੍ਹਾ ਝੋਨਾ ਅਜੇ ਤੱਕ ਸੁਰੱਖਿਅਤ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਸਬਜ਼ੀਆਂ ਬੀਜਣ ਵਾਲੇ ਕਿਸਾਨਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ। ਸੈਂਕੜੇ ਏਕੜ ਰਕਬੇ ਵਿਚ ਖੜ੍ਹੀ ਅਰਬੀ ਦੀ ਫ਼ਸਲ ਤਬਾਹ ਹੋ ਗਈ ਹੈ। ਪੀੜਤ ਕਿਸਾਨ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਸਰਹੱਦ ਨਾਲ ਲੱਗਦੇ ਇਨ੍ਹਾਂ ਪਿੰਡਾਂ ਵਿਚ ਨਿਮਨ ਕਿਸਾਨੀ ਦੀ ਗਿਣਤੀ ਵੱਧ ਹੈ। ਜਿਹੜੇ ਕਿਸਾਨਾਂ ਨੇ ਮਹਿੰਗੇ ਭਾਅ 'ਤੇ ਜ਼ਮੀਨਾਂ ਠੇਕੇ 'ਤੇ ਲਈਆਂ ਸਨ, ਉਹ ਹੁਣ ਚਿੰਤਾ ਵਿੱਚ ਹਨ। ਚਾਰਾ ਨਾ ਮਿਲਣ ਕਰਕੇ ਪਸ਼ੂ ਬਿਮਾਰ ਹੋ ਰਹੇ ਹਨ। ਬਸਤੀ ਰਾਮ ਲਾਲ ਇਲਾਕੇ ਵਿਚ ਕਈ ਪਸ਼ੂਆਂ ਦੀ ਮੌਤ ਵੀ ਹੋਈ ਹੈ, ਜਿਸ ਨਾਲ ਇਲਾਕੇ ਵਿਚ ਬਦਬੂ ਫ਼ੈਲ ਗਈ ਹੈ।

ਇੱਥੋਂ ਦੇ ਕਿਸਾਨ ਇਕਬਾਲ ਸਿੰਘ ਮੱਲ੍ਹਾ ਨੇ ਦੱਸਿਆ ਕਿ ਲੋਕ ਪਸ਼ੂਆਂ ਵਾਸਤੇ ਚਾਰੇ ਦੀ ਮੰਗ ਕਰ ਰਹੇ ਹਨ, ਪਰ ਪ੍ਰਸ਼ਾਸਨ ਵੱਲੋਂ ਚਾਰਾ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਕਈ ਪਸ਼ੂ ਬਿਮਾਰ ਹੋ ਗਏ ਹਨ ਜਿਨ੍ਹਾਂ ਨੂੰ ਇਲਾਜ ਦੀ ਜ਼ਰੂਰਤ ਹੈ। ਹੁਸੈਨੀਵਾਲਾ ਦੇ ਨਾਲ ਲੱਗਦੇ ਇਲਾਕਿਆਂ ਵਿਚ ਵੀ ਪਸ਼ੂਆਂ ਲਈ ਚਾਰੇ ਮੰਗ ਸਭ ਤੋਂ ਵੱਧ ਹੈ। ਟੇਂਡੀਵਾਲਾ ਦੇ ਰਹਿਣ ਵਾਲੇ ਕਿਸਾਨ ਪ੍ਰਕਾਸ਼ ਨੇ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਦੇ ਆਗੂ ਪਸ਼ੂਆਂ ਦਾ ਚਾਰਾ ਵੰਡਣ ਵਿਚ ਕਾਣੀ ਵੰਡ ਕਰ ਰਹੇ ਹਨ।

# ਯਮੁਨਾ ’ਚ ਪਾਣੀ ਦਾ ਪੱਧਰ ਮੁੜ ਵਧਿਆ



ਨਵੀਂ ਦਿੱਲੀ : ਹਰਿਆਣਾ ਦੇ ਹਥਨੀਕੁੰਡ ਬੈਰਾਜ ਤੋਂ ਪਾਣੀ ਛੱਡਣ ਕਾਰਨ ਯਮੁਨਾ ਨਦੀ ਵਿੱਚ ਪਾਣੀ ਦਾ ਪੱਧਰ ਮੁੜ ਵਧਣਾ ਸ਼ੁਰੂ ਹੋ ਗਿਆ ?ਹੈ।? ਪਾਣੀ ਦਾ ਪੱਧਰ ਅੱਜ ਸ਼ਾਮ ਛੇ ਵਜੇ 205.94 ਮੀਟਰ ਮਾਪਿਆ ਗਿਆ, ਜੋ ਕੱਲ੍ਹ 205.33 ਮੀਟਰ ਨੇੜੇ ਸੀ। ਨਦੀ ਵਿੱਚ ਪਾਣੀ ਹਾਲੇ ਵੀ ਖਤਰੇ ਦੇ ਨਿਸ਼ਾਨ ਤੋਂ ਉਪਰ ਵਗ ਰਿਹਾ ਹੈ। ਦਿੱਲੀ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਆਤਿਸ਼ੀ ਨੇ ਕਿਹਾ ਕਿ ਲੋਕਾਂ ਨੂੰ ਰਾਹਤ ਕੈਂਪਾਂ ਵਿੱਚ ਰਹਿਣ ਦੀ ਅਪੀਲ ਕੀਤੀ ਹੈ ਕਿਉਂਕਿ ਯਮੁਨਾ ਨਦੀ ਦੇ ਪਾਣੀ ਦਾ ਪੱਧਰ ਇੱਕ ਵਾਰ ਫਿਰ ਤੋਂ ਵਧਿਆ ਹੈ। ਉਨ੍ਹਾਂ ਕਿਹਾ ਕਿ ਲੰਘੇ ਕੱਲ੍ਹ ਹਰਿਆਣਾ ਦੇ ਕੁਝ ਖੇਤਰਾਂ ਵਿੱਚ ਤੇਜ਼ ਮੀਂਹ ਕਾਰਨ ਯਮੁਨਾ ਦੇ ਪਾਣੀ ਦੇ ਪੱਧਰ ਵਿੱਚ ਮਾਮੂਲੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਜਲ ਕਮਿਸ਼ਨ ਨੇ ਰਾਤੋ-ਰਾਤ 206.1 ਮੀਟਰ ਤੱਕ ਪਾਣੀ ਵਧਣ ਦੀ ਸੰਭਾਵਨਾ ਕੀਤੀ ਹੈ, ਪਰ ਭਰੋਸਾ ਦਿਵਾਇਆ ਕਿ ਦਿੱਲੀ ਦੇ ਲੋਕਾਂ ਨੂੰ ਕੋਈ ਖ਼ਤਰਾ ਨਹੀਂ ਹੈ। ਆਤਿਸ਼ੀ ਨੇ ਟਵੀਟ ਰਾਹੀਂ ਲੋਕਾਂ ਨੂੰ ਆਪਣੇ ਘਰਾਂ ਵਿੱਚ ਵਾਪਸ ਜਾਣ ਤੋਂ ਪਹਿਲਾਂ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਆਉਣ ਤੱਕ ਇੰਤਜ਼ਾਰ ਕਰਨ ਦੀ ਸਲਾਹ ਦਿੱਤੀ ਹੈ। ਇਸ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੁਝ ਸਮੇਂ ਵਿੱਚ ਪਾਣੀ ਦਾ ਪੱਧਰ ਘਟਣ ਦੀ ਸੰਭਾਵਨਾ ਹੈ ਤੇ ਲੋਕ ਛੇਤੀ ਹੀ ਰਾਹਤ ਕੈਂਪਾਂ ਤੋਂ ਆਪਮੇ ਘਰਾਂ ਵਿੱਚ ਜਾ ਸਕਣਗੇ। ਜ਼ਿਕਰਯੋਗ ਹੈ ਕਿ ਉੱਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਿੱਚੋਂ ਮੀਂਹ ਦਾ ਪਾਣੀ ਹਥਨੀਕੁੰਡ ਬੈਰਾਜ ਵਿੱਚ ਤੈਅ ਹੱਦ ਤੋਂ ਜ਼ਿਆਦਾ ਇੱਕਠਾ ਹੋਣ ਕਰਕੇ ਹਰੇਕ ਘੰਟੇ ਮਗਰੋਂ ਹਾਲਤ ਦੇਖਦੇ ਹੋਏ ਛੱਡਿਆ ਜਾ ਰਿਹਾ ਹੈ। ਯਮੁਨਾ ਬੀਤੇ ਦਿਨੀਂ ਖ਼ਤਰੇ ਦੇ ਨਿਸ਼ਾਨ ਤੋਂ 3 ਮੀਟਰ ਤੱਕ ਉੱਚੀ ਵਗ ਰਹੀ ਸੀ। ਜਾਣਕਾਰੀ ਅਨੁਸਾਰ ਦਿੱਲੀ ਦੇ ਜਿਨ੍ਹਾਂ ਇਲਾਕਿਆਂ ਵਿੱਚੋਂ ਪਾਣੀ ਉੱਤਰ ਗਿਆ ਹੈ ਉੱਥੇ ਯਮੁਨਾ ਦੇ ਪਾਣੀ ਨਾਲ ਆਇਆ ਗਾਰਾ ਮੁਸੀਬਤ ਬਣ ਗਿਆ। ਥਾਂ-ਥਾਂ ਗਾਰੇ ਦੇ ਜੰਮਣ ਕਾਰਨ ਤਿਲਕਣ ਹੋ ਗਈ ਹੈ। ਦਿੱਲੀ ਟਰੈਫਿਕ ਪੁਲੀਸ ਨੇ ਦੱਸਿਆ ਕਿ ਚਿੱਕੜ ਤੇ ਤਿਲਕਣ ਹੋਣ ਕਰਕੇ ਰਾਜਘਾਟ ਤੋਂ ਸ਼ਾਂਤੀਵਣ ਦੇ ਕਈ ਹਿੱਸਿਆਂ ਤੱਕ ਐਮਜੀਐੱਮ ਰੋਡ ਆਵਾਜਾਈ ਲਈ ਬੰਦ ਰੱਖਿਆ ਗਿਆ ਹੈ। ਦਿੱਲੀ ਨਗਰ ਨਿਗਮ ਦੀ ਮੇਅਰ ਸ਼ੈਲੀ ਉਬਰਾਏ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹੁਣ ਜਿੱਥੇ ਪਾਣੀ ਉਤਰ ਗਿਆ ਹੈ ਉੱਥੇ ਗਾਰਾ ਵੱਡੀ ਸਮੱਸਿਆ ਬਣ ਗਿਆ ਹੈ ਜਿਸ ਕਰਕੇ ਹੁਣ ਸੈਨੀਟੇਸ਼ਨ ਮਹਿਕਮੇ ਨੂੰ ਗਾਰਾ ਹਟਾਉਣ ਤੋਂ ਇਲਾਵਾ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਫ਼ਾਈ ਅਤੇ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ।

ਨਦੀ ਵਿੱਚ ਪਾਣੀ ਦੇ ਹਾਲਤ ਸੁਧਰਨ ਮਗਰੋਂ ਪੂਰਬੀ ਤੇ ਉੱਤਰੀ ਦਿੱਲੀ ਨੂੰ ਰੇਲ/ਸੜਕ ਮਾਰਗ ਰਾਹੀਂ ਜੋੜਨ ਵਾਲੇ 100 ਸਾਲ ਤੋਂ ਵੱਧ ਪੁਰਾਣੇ ਲੋਹੇ ਦੇ ਪੁੱਲ ਉਪਰ ਆਵਾਜਾਈ ਸ਼ੁਰੂ ਕਰ ਦਿੱਤੀ ਗਈ ਪਰ ਗੱਡੀਆਂ ਦੇ ਚੱਲਣ ਦੀ ਰਫ਼ਤਾਰ 20 ਕਿਲੋਮੀਟਰ ਪ੍ਰਤੀ ਘੰਟਾ ਤੈਅ ਕੀਤੀ ਗਈ ਹੈ। ਦਰਿਆ ਵਿੱਚ ਹੜ੍ਹ ਆਉਣ ਮਗਰੋਂ ਇਹ ਪੁੱਲ ਬੰਦ ਕਰ ਦਿੱਤਾ ਗਿਆ ਸੀ। ਦਿੱਲੀ ਦੇ ਰਾਜਘਾਟ, ਆਈਟੀਓ, ਕਾਲਿੰਦੀ ਕੁੰਜ ਇਲਾਕੇ ਵਿੱਚ ਅਜੇ ਵੀ ਪਾਣੀ ਭਰਿਆ ਹੋਣ ਕਰਕੇ ਇਸ ਖੇਤਰ ਦੀਆਂ ਕੁੱਝ ਸੜਕਾਂ ਦੀ ਆਵਾਜਾਈ ਖੋਲ੍ਹ ਦਿੱਤੀ ਗਈ ਪਰ ਕੁੱਝ ਸੜਕਾਂ ਉਪਰ ਪਾਣੀ ਜ਼ਿਆਦਾ ਭਰਿਆ ਹੋਣ ਕਰਕੇ ਉੱਥੇ ਆਵਾਜਾਈ ਬੰਦ ਹੈ। ਇਸੇ ਤਰ੍ਹਾਂ ਵਜ਼ੀਰਾਬਾਦ ਫਲਾਈਓਵਰ ਦੇ ਵਿਚਕਾਰ ਮਜਨੂੰ ਕਾ ਟਿੱਲਾ ਤੋਂ ਕਸ਼ਮੀਰੀ ਗੇਟ ਤੱਕ ਦੇ ਦੋਵੇਂ ਕੈਰੇਜਵੇਅ ਦਰਮਿਆਨੇ ਤੇ ਹਲਕੇ ਵਾਹਨਾਂ ਦੀ ਆਵਾਜਾਈ ਲਈ ਖੋਲ੍ਹ ਦਿੱਤੇ ਹਨ। ਸਲੀਮਗੜ੍ਹ ਬਾਈਪਾਸ ਰਾਹੀਂ ਆਈਐਸਬੀਟੀ ਕਸ਼ਮੀਰੀ ਗੇਟ ਤੋਂ ਆਈਪੀ ਫਲਾਈਓਵਰ ਤੱਕ ਦਰਮਿਆਨੇ ਅਤੇ ਹਲਕੇ ਵਾਹਨਾਂ ਲਈ, ਸਰਾਏ ਕਾਲੇ ਖਾਨ ਤੋਂ ਆਈ.ਪੀ. ਫਲਾਈਓਵਰ ਤੋਂ ਗੀਤਾ ਕਾਲੋਨੀ ਅੰਡਰਪਾਸ ਤੋਂ ਬੱਸ ਅੱਡੇ ਵੱਲ ਜਾਣ ਵਾਲੇ ਰਿੰਗ ਰੋਡ ਕੈਰੇਜਵੇਅ ਨੂੰ ਹਨੂੰਮਾਨ ਸੇਤੂ, ਮੁਕਰਬਾ ਤੋਂ ਵਜ਼ੀਰਾਬਾਦ ਤੱਕ ਆਉਟਰ ਰਿੰਗ ਰੋਡ ਦੇ ਦੋਵੇਂ ਕੈਰੇਜਵੇਅ ਹਲਕੇ ਵਾਹਨਾਂ ਅਤੇ ਬੱਸਾਂ ਲਈ ਖੋਲ੍ਹ ਦਿੱਤੇ ਗਏ ਹਨ। ਰਿੰਗ ਰੋਡ, ਰਾਜਘਾਟ - ਸ਼ਾਂਤੀ ਵੈਨ-ਯਮੁਨਾ ਬਾਜ਼ਾਰ ਤੱਕ ਅਜੇ ਵੀ ਬੰਦ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਹੜ੍ਹ ਪੀੜਤਾਂ ਪਰਿਵਾਰਾਂ ਨੂੰ ਦਸ-ਦਸ ਹਜ਼ਾਰ ਰੁਪਏ ਦੀ ਮਦਦ ਕਰਨ ਦੇ ਐਲਾਨ ਮਗਰੋਂ ਦਿੱਲੀ ਸਰਕਾਰ ਵੱਲੋਂ ਇਸ ਲਈ ਪ੍ਰਬੰਧ ਬਣਾਇਆ ਜਾ ਰਿਹਾ ਹੈ।



### ਘੱਗਰ ਦਾ ਪਾਣੀ ਸਰਦੂਲਗੜ੍ਹ ਸ਼ਹਿਰ ’ਚ ਦਾਖ਼ਲ

# ਐਫਸੀਆਈ ਦੇ ਗੁਦਾਮ ’ਚ ਕਣਕ ਤੇ ਝੋਨੇ ਦਾ ਪੌਣੇ ਦੋ ਲੱਖ ਗੱਟਾ ਡੁੱਬਿਆ



ਸਰਦੂਲਗੜ੍ਹ : ਸਰਦੂਲਗੜ੍ਹ ’ਚ ਘੱਗਰ ਬੇਕਾਬੂ ਹੁੰਦਾ ਨਜ਼ਰ ਆ ਰਿਹਾ ਹੈ। ਅੱਜ ਘੱਗਰ ਦਾ ਪਾਣੀ ਸ਼ਹਿਰ ’ਚ ਪਹੁੰਚ ਗਿਆ। ਫੂਸ ਮੰਡੀ ਤੇ ਸਾਧੂਵਾਲਾ ਨੂੰ ਆਪਣੀ ਲਪੇਟ ’ਚ ਲੈਣ ਤੋਂ ਬਾਅਦ ਪਾਣੀ ਨੇ ਆਪਣਾ ਰੁਖ ਸ਼ਹਿਰ ਵੱਲ ਕਰ ਲਿਆ ਹੈ। ਬੇਸ਼ੱਕ ਸ਼ਹਿਰ ਨੂੰ ਬਚਾਉਣ ਲਈ ਸਿਰਸਾ-ਸਰਦੂਲਗੜ੍ਹ ਕੌਮੀ ਮਾਰਗ ’ਤੇ ਬੰਨ੍ਹ ਮਾਰ ਦਿੱਤਾ ਗਿਆ ਹੈ ਪਰ ਫਿਰ ਵੀ ਤੇਜ਼ ਵਹਾਅ ਨਾਲ ਆ ਰਹੇ ਬੇਕਾਬੂ ਪਾਣੀ ਨੇ ਅਨਾਜ ਮੰਡੀ ਦੀ ਕੰਧ ਤੋੜਕੇ ਕੌਮੀ ਮਾਰਗ ਤੋਂ ਪਹਿਲਾਂ ਆਉਂਦੇ ਖੇਤਰ ’ਚ ਪਾਣੀ ਨੇ ਆਪਣਾ ਕਹਿਰ ਮਚਾਉਂਦੇ ਹੋਏ ਐਫਸੀਆਈ ਦੇ ਗੁਦਾਮ ਨੂੰ ਆਪਣੀ ਗ੍ਰਿਫ਼ਤ ਚ ਲੈ ਲਿਆ ਹੈ। ਗੁਦਾਮ ’ਚ ਖੜ੍ਹੇ ਵਾਹਨ ਵੀ ਪਾਣੀ ਚ ਡੁੱਬ ਗਏ।

ਐਫਸੀਆਈ ਦੇ ਮੈਨੇਜਰ ਪਵਨ ਸ਼ਰਮਾ ਨੇ ਦੱਸਿਆ ਕਿ ਗੁਦਾਮ ’ਚ ਰੱਖੇ ਪੌਣੇ ਦੋ ਲੱਖ ਦੇ ਕਰੀਬ ਕਣਕ ਅਤੇ ਝੋਨੇ ਦੇ ਗੱਟੇ ਵੀ ਪਾਣੀ ’ਚ ਡੁੱਬ ਗਏ ਹਨ। ਹੜ੍ਹ ਦੇ ਪਾਣੀ ’ਚ ਘਿਰੇ ਪਿੰਡ ਸਾਧੂਵਾਲਾ, ਫੂਸ ਮੰਡੀ ਅਤੇ ਰੋੜਕੀ ’ਚ ਲੋੜਵੰਦਾ ਲਈ ਜ਼ਰੂਰੀ ਸਾਮਾਨ ਪਹੁੰਚਾਉਣ ਲਈ ਲੋੜੀਂਦੇ ਯਤਨ ਕੀਤੇ ਜਾ ਰਹੇ ਹਨ। ਦੂਸਰੇ ਜ਼ਿਲ੍ਹਿਆਂ ’ਚੋ ਵੱਡੀ ਗਿਣਤੀ ’ਚ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਅਤੇ ਆਮ ਲੋਕਾਂ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਸ਼ਨ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

# ਹੜ੍ਹ ਪ੍ਰਭਾਵਿਤ ਖੇਤਰਾਂ ’ਚ ਰਾਹਤ ਕਾਰਜ ਜ਼ੋਰਾਂ ’ਤੇ



ਚੰਡੀਗੜ੍ਹ : ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਸ ਦੌਰਾਨ ਵੱਡੀ ਗਿਣਤੀ ’ਚ ਪੁਲੀਸ ਤੇ ਪ੍ਰਸ਼ਾਸਨਿਕ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਸਿਹਤ ਵਿਭਾਗ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 24 ਘੰਟੇ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਸੂਬੇ ’ਚ 316 ਰੈਪਿਡ ਰਿਸਪਾਂਸ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਤਾਇਨਾਤ ਹਨ ਅਤੇ 189 ਮੈਡੀਕਲ ਕੈਂਪ ਲਗਾ ਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

ਸੂਬਾ ਸਰਕਾਰ ਵੱਲੋਂ ਚਲਾਏ ਗਏ ਰਾਹਤ ਕਾਰਜ ਦੌਰਾਨ 26,191 ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ। ਸੂਬੇ ਵਿੱਚ ਕੁੱਲ 148 ਰਾਹਤ ਕੈਂਪ ਹਨ, ਜਿਨ੍ਹਾਂ ਵਿੱਚ 3731 ਲੋਕ ਠਹਿਰੇ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 15 ਜ਼ਿਲ੍ਹਿਆਂ ਦੇ 1414 ਪਿੰਡ ਹਾਲੇ ਵੀ ਹੜ੍ਹਾਂ ਤੋਂ ਪ੍ਰਭਾਵਿਤ ਹਨ। ਇਨ੍ਹਾਂ ਵਿੱਚ ਤਰਨ ਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਬਿ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਪਟਿਆਲਾ, ਮੋਗਾ, ਲੁਧਿਆਣਾ, ਮੁਹਾਲੀ, ਐੱਸ.ਬੀ.ਐੱਸ. ਨਗਰ, ਫਾਜ਼ਿਲਕਾ, ਜਲੰਧਰ, ਕਪੂਰਥਲਾ ਅਤੇ ਸੰਗਰੂਰ ਜ਼ਿਲ੍ਹੇ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਕਾਰਨ 32 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਜਣੇ ਲਾਪਤਾ ਹਨ। ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਡਰਾਈ ਫੂਡ ਦੇ ਪੈਕੇਟ ਵੰਡੇ ਜਾ ਰਹੇ ਹਨ। ਰੂਪਨਗਰ ’ਚ 21,025, ਪਟਿਆਲਾ ’ਚ 59,000, ਮੁਹਾਲੀ ’ਚ 3600, ਨਵਾਂਸ਼ਹਿਰ ’ਚ 5700 ਤੇ ਫਤਹਿਗੜ੍ਹ ਸਾਹਬਿ ’ਚ 2200 ਤੋਂ ਵੱਧ ਪੈਕੇਟ ਵੰਡੇ ਜਾ ਚੁੱਕੇ ਹਨ।







# ਹੜ੍ਹ ਨਿਰਾ ਕੁਦਰਤੀ ਵਰਤਾਰਾ ਨਹੀਂ

**ਵਿਜੈ ਬੰਬੇਲੀ**



ਧਰਮਾਂ-ਕਬੀਲਿਆਂ ਦੇ ਇਤਿਹਾਸ-ਮਿਥਿਹਾਸ ਵਿੱਚ ਤੱਥਾਂ-ਮਿੱਥਾਂ ਅਨੁਸਾਰ ਹੜ੍ਹਾਂ ਦਾ ਵਰਣਨ ਹੈ। ਪ੍ਰਾਚੀਨ ਸਾਹਿਤ ਤੇ ਕਈ ਅਲੇਖਾਂ ਵਿੱਚ ਇਸ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਰਿਗਵੇਦ ਵਿੱਚ 217 ਵਾਰ, ਬਾਈਬਲ ਵਿੱਚ 34 ਵਾਰ ਅਤੇ ਕੁਰਾਨ ਵਿੱਚ 4 ਵਾਰੀ। ਕੁਰਾਨ ਵਿੱਚ ਹੜ੍ਹ ਦਾ ਘੱਟ ਜ਼ਿਕਰ ਆਉਣ ਦਾ ਕਾਰਨ ਇਹ ਹੈ ਕਿ ਅਰਬ ਮੁਲਕ, ਜਿੱਥੇ ਕੁਰਾਨ ਦੀ ਰਚਨਾ ਹੋਈ, ਵਿੱਚ ਮੀਂਹ ਬਹੁਤ ਘੱਟ ਪੈਂਦੇ ਹਨ।

ਭਾਰਤ ਦੇ ਪਹਿਲੇ ਗ੍ਰੰਥ ਰਿਗਵੇਦ ਵਿੱਚ ਵੀ ਸਿਰਫ਼ ਕੁਦਰਤੀ ਸ਼ਕਤੀਆਂ ਅਤੇ ਨਿਆਮਤਾਂ ਦਾ ਹੀ ਜ਼ਿਕਰ ਹੈ, ਰੱਬ ਦਾ ਨਹੀਂ, ਜਿਸ ਵਿੱਚ ਜਲ (ਅਤੇ ਹੜ੍ਹ) ਵੀ ਪ੍ਰਮੁੱਖ ਹੈ। ਰਿਗਵੇਦ ਵਿੱਚ ਹੜ੍ਹਾਂ ਦਾ ਜ਼ਿਕਰ ਜ਼ਿਆਦਾ ਵਾਰੀ ਆਉਣ ਦਾ ਕਾਰਨ ਇਹ ਵੀ ਹੈ ਕਿ ਇਸ ਦੀ ਰਚਨਾ ਮਹਾਂ-ਪੰਜਾਬ ਦੀ ਧਰਤੀ 'ਤੇ ਹੋਈ, ਜਿਹੜਾ ਪਹਿਲਾਂ ਸਪਤ-ਸਿੰਧੂ ਅਰਥਾਤ ਸੱਤ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤਾ ਪਾਣੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ ਅਤੇ ਇੱਥੋਂ ਦੇ ਵਾਸੀ ਪੂਰਵ ਇਤਿਹਾਸ ਕਾਲ ਤੋਂ ਹੜ੍ਹਾਂ ਦੀਆਂ ਸੀਮਤ-ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਰਹੇ ਹਨ।

ਕਦੇ ਸੁੱਘੜ ਦਰਿਆਵਾਂ ਦਾ ਡੈਲਟਾ ਹੋਣ ਕਾਰਨ ਸਾਡੇ ਖਿੱਤੇ ਦੀ ਮਿੱਟੀ ਬੜੀ ਜਰਖੇਜ਼ ਸੀ, ਜਿਹੜੀ ਹਰ ਫ਼ਸਲ ਪੈਦਾ ਕਰਨ ਦੇ ਸਮਰੱਥ ਸੀ ਅਤੇ ਇੱਥੇ ਸਿੰਧ ਘਾਟੀ ਵਰਗੀਆਂ ਸਾਧਨ-ਸੰਪੰਨ ਸੱਭਿਆਤਾਵਾਂ ਦਾ ਵੀ ਉੱਥਾਨ ਹੋਇਆ। ਇਹੀ ਕਾਰਨ ਸੀ ਕਿ ਬੇਗਾਨੀਆਂ ਧਰਤੀਆਂ ਦੇ ਲੋਕ ਇਸ ਵੱਲ ਖਿੱਚੇ-ਤੁਰੇ ਆਏ, ਪਰ ਪਾਣੀ ਵਜੋਂ ਅਮੀਰੀ ਕਾਰਨ ਕੁਝ ਨੁਕਸਾਨ ਵੀ ਇਸ ਧਰਤੀ ਨੂੰ ਸਹਿਣੇ ਪਏ ਜਨਿ ?ਹਾਂ ਵਿੱਚੋਂ ਇੱਕ ਵੱਡਾ ਨੁਕਸਾਨ ਸੀ ਵਾਰ-ਵਾਰ ਹੜ੍ਹ ਰੂਪੀ ਕੁਦਰਤੀ ਤ੍ਰਾਸਦੀ। ਜਿਹੜੀ ਹੁਣ ਕੁਦਰਤੀ ਦੀ ਬਜਾਏ ਮਨੁੱਖ-ਸਿਰਜਤ ਕਿਤੇ ਵੱਧ ਹੈ, ਜਿਸ ਦਾ ਵੱਡਾ ਕਾਰਨ ਹੈ ਕੁਦਰਤ ਨਾਲ ਅਣ-ਮੇਚਵਾਂ ਅਤੇ ਗੈਰ-ਯੋਜਨਾਵੱਧ 'ਵਿਕਾਸ'।

ਪ੍ਰਾਚੀਨ ਸਮਿਆਂ ਦਾ ਪੰਜਾਬ ਦੇ ਹੜ੍ਹਾਂ ਬਾਰੇ ਕੋਈ ਸਿਲਸਿਲੇਵਾਰ ਰਿਕਾਰਡ ਪ੍ਰਾਪਤ ਨਹੀਂ। ਪਰ ਭਾਰਤ ਦੇ ਹੋਰ ਦਰਿਆਵਾਂ ਨਾਲ ਸਬੰਧਿਤ ਰਿਕਾਰਡ/ਦਸਤਾਵੇਜ਼ਾਂ ਦੇ ਅਧਿਐਨ ਤੋਂ ਇਹ ਜ਼ਰੂਰ ਪਤਾ ਲੱਗਦਾ ਹੈ ਕਿ ਹੜ੍ਹ ਇਤਿਹਾਸ ਦੀ ਉੱਕਾ ਹੀ ਕੋਈ ਅਨਿਯਮਤ ਘਟਨਾ ਨਹੀਂ ਹੁੰਦੇ ਸਗੋਂ ਇਹ ਕਿਸੇ ਨਾ ਕਿਸੇ ਘਟਨਾਕ੍ਰਮ (ਪੈਟਰਨ) ਅਤੇ ਖ਼ੁਦ ਸਿਰਜੇ ਹਾਲਾਤ ਅਨੁਸਾਰ ਵਾਪਰਦੇ ਹਨ। ਪੰਜ ਦਰਿਆਵਾਂ ਦਾ ਖਿੱਤਾ ਰਹਿ ਜਾਣ ਉਪਰੰਤ ਵੀ ਇਹ ਖੇਤਰ ਸ਼ੁੱਧ ਪਾਣੀ ਨਾਲ ਲਬਾ-ਲਬ ਸੀ। ਹੁਣ ਤਾਂ ਸਾਡੇ ਕੋਲ ਢਾਈ-ਦਰਿਆਂ ਹੀ ਹਨ, ਜਿਨ੍ਹਾਂ ਨੂੰ ਗੰਦੇ-ਜ਼ਹਿਰੀਲੇ ਨਾਲੇ ਬਣਾਉਣ ਵਿੱਚ ਵੀ ਅਸੀਂ-ਤੁਸੀਂ ਖਾਸ ਕਰ ਧੰਨ-ਕੁਬੇਰ ਅਤੇ ਹਾਕਮ-ਜਮਾਤਾਂ ਜ਼ਿੰਮੇਵਾਰ ਹਾਂ। ਜਲ ਮਾਹਿਰ ਵਿਸ਼ਵਾਸ ਐੱਸ. ਕਾਲੇ ਅਨੁਸਾਰ, "ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪੂਰਵਲੇ ਹੜ੍ਹਾਂ ਦੇ ਮੁਕਾਬਲੇ ਵੱਡੇ ਆਕਾਰ ਦੇ ਹੜ੍ਹ ਜ਼ਿਆਦਾ ਆਉਣੇ ਸ਼ੁਰੂ ਹੋ ਗਏ। ਭਾਵੇਂ ਗਿਣਤੀ ਵਜੋਂ ਹੜ੍ਹ ਘੱਟ ਆਏ, ਪਰ ਹੁਣ ਬਹੁ-ਪਰਤੀ ਅਤੇ ਵੱਡੇ ਨੁਕਸਾਨ ਹੁੰਦੇ ਹਨ। ਕਾਰਨ; ਉਹੀ ਕੁਦਰਤ ਵਿੱਚ ਬੇ-ਕਿਰਕ ਦਖਲਅੰਦਾਜ਼ੀ।"

ਹੜ੍ਹ; ਕੁਦਰਤੀ ਤ੍ਰਾਸਦੀ ਹੈ, ਜਿਹੜੀ ਮੂਸਲੇਧਾਰ ਵਰਖਾ, ਮਨੁੱਖੀ ਲਾਲਸਾਵਾਂ, ਧੰਨ-ਕੁਬੇਰਾਂ, ਗੈਰ-ਯੋਜਨਾਬੱਧ ਵਿਕਾਸ ਅਤੇ ਸਰਕਾਰ ਦੀਆਂ ਨਾਲਾਇਕੀਆਂ ਕਾਰਨ ਵਾਪਰਦੀ ਹੈ। ਕੁੱਲ ਆਲਮ ਦੀ ਦੋ-ਤਿਹਾਈ ਆਬਾਦੀ ਅਤੇ 13% ਖੇਤਰ ਕਿਸੇ ਨਾ ਕਿਸੇ ਰੂਪ ਵਿੱਚ ਹੜ੍ਹ ਪ੍ਰਭਾਵਿਤ ਹਨ। ਬਹੁਤੇ ਦੇਸ਼ ਉਹ ਹਨ, ਜਿੱਥੇ ਕੁਦਰਤੀ ਬੇ-ਵਸੀ ਹੈ, ਸੰਘਣੀ ਆਬਾਦੀ ਹੈ, ਰਾਜ-ਭਾਗ ਠੀਕ ਨਹੀਂ ਜਾਂ ਜਿਹੜੇ 'ਰੱਬੀ ਭਾਣੇ' ਵਿੱਚ ਮਸ਼ਰੂਫ ਹਨ। ਸਾਡੇ ਦੇਸ਼ ਦੇ ਕੁੱਲ 32.8 ਕਰੋੜ ਹੈਕਟੇਅਰ ਵਿੱਚੋਂ ਕਰੀਬ 4 ਕਰੋੜ ਹੈਕਟੇਅਰ ਰਕਬਾ ਯਾਨੀ ਧਰਾਤਲੀ ਖਿੱਤੇ ਦਾ ਅੱਠਵਾਂ ਹਿੱਸਾ, ਹੜ੍ਹਾਂ ਦੀ ਮਾਰ ਹੇਠ ਹੈ। ਕੋਈ ਸੂਬਾ ਜ਼ਿਆਦਾ ਅਤੇ ਕੋਈ ਕੁੱਝ ਘੱਟ। ਯਾਨੀ ਕਿ ਕੋਈ ਕਦੇ-ਕਦੇ ਤੇ ਕੋਈ ਹਰ ਵਰ੍ਹੇ ਇਨ੍ਹਾਂ ਦਾ ਸ਼ਿਕਾਰ ਹੁੰਦਾ ਹੈ।

ਪਾਣੀ ਵਜ਼ਨਦਾਰ ਵਸਤ ਹੈ। ਨਿਵਾਣ ਵੱਲ ਖ਼ੁਦ-ਬਾ-ਖ਼ੁਦ ਵਗਣ ਤੋਂ ਬਨਿਾਂ ਇਸ ਨੂੰ ਇੱਧਰ-ਉੱਧਰ ਕਰਨਾ ਸੌਖਾ ਨਹੀਂ। ਹਰ ਵਰ੍ਹੇ ਕਰੀਬ 32 ਅਰਬ ਏਕੜ ਫੁੱਟ ਪਾਣੀ ਧਰਤੀ 'ਤੇ ਵਗਦਾ ਹੋਇਆ ਸਾਗਰਾਂ ਵੱਲ ਜਾਂਦਾ ਹੈ (ਜਾਂ ਕਹਿ ਲਵੋ ਸਹਿਜ-ਤੋਰੇ ਜਾਂਦਾ ਸੀ), ਜਦੋਂ ਤੱਕ ਕੇ ਅਜਿਹੇ ਪਾਣੀ ਨੂੰ ਅਸੀਂ ਰੋਕ, ਖੜ੍ਹਾ ਜਾਂ ਮੋੜ ਕੇ ਵਰਤਣ ਨਹੀਂ ਸਾਂ ਲੱਗ ਪਏ। ਇੱਕ ਸਾਲ ਵਿੱਚ ਲਗਪਗ 400 ਅਰਬ ਏਕੜ ਤੀਬਰ ਜਲ-ਚੱਕਰਾਂ ਰਾਹੀਂ ਕੁੱਲ ਆਲਮ (ਧਰਤੀ, ਸਮੁੰਦਰਾਂ, ਜੰਗਲਾਂ-ਬੇਲਿਆ ਅਤੇ ਪਹਾੜਾਂ) 'ਤੇ ਉੱਗਦਾ-ਵਰਸਦਾ ਹੈ। ਇਸ ਗੇੜ ਵਿੱਚ ਘੁੰਮਦੇ ਕੁੱਲ/ਸਾਲਾਨਾ ਜਲ ਨੂੰ ਜੇਕਰ ਸਮੁੰਦਰਾਂ, ਨਦੀਆਂ-ਦਰਿਆਵਾਂ, ਜਲ-ਕੁੰਡਾਂ ਜਾਂ ਜ਼ਮੀਨ ਵਿੱਚ ਸਮੋਣ ਦੀ ਬਜਾਏ ਸਾਲਮ-ਪੱਧਰੀ ਧਰਤੀ 'ਤੇ ਵਿਛਾ ਦੇਈਏ ਤਾਂ ਸਮੁੱਚੀ ਸਤਾਹ ਉੱਤੇ ਤਿੰਨ-ਤਿੰਨ ਫੁੱਟ ਉੱਚਾਈ ਤੱਕ ਪਾਣੀ ਖੜ੍ਹ ਜਾਵੇਗਾ।

ਫਾਲਤੂ ਜਾਂ ਲੋੜੀਂਦਾ ਵਰਖੇਈ ਜਲ ਸਿਰਫ਼ ਕੁਦਰਤੀ ਜਾਂ ਮਸਨੂਈ ਜਲ-ਕੁੰਡਾਂ 'ਚ ਹੀ ਸਾਂਭਿਆ ਜਾ ਸਕਦਾ ਹੈ। 'ਫੇਮਨਿ ਇਨਕੁਆਰੀ ਕਮਿਸ਼ਨ' ਨੇ ਸਾਲ 1944 ਵਿੱਚ ਹੀ ਸਵੇ-ਸਪੱਸ਼ਟ ਕਹਿ ਦਿੱਤਾ ਸੀ, 'ਆਉਣ ਵਾਲੇ ਸਮੇਂ ਵਿੱਚ ਹੜ੍ਹ-ਸੁਰੱਖਿਆ ਅਤੇ ਜਲ ਸੰਕਟਾਂ ਦੇ ਸਿੱਕੇਬੰਦ ਉਪਾਅ ਹਿੱਤ ਸਿਰਫ਼ ਕੁਦਰਤੀ ਜਲ-ਕੁੰਡ (ਛੰਬ, ਢਾਬਾਂ, ਤਾਲ) ਅਤੇ ਤਾਲਾਬ-ਟੋਭੇ ਤੇ ਕੁਦਰਤੀ ਜਲ-ਵਹਿਣ ਹੀ ਕਾਰਗਰ ਹਨ। ਸਿਰਫ਼ ਇਨ੍ਹਾਂ ਵਿੱਚ ਹੀ ਵਰਖੇਈ ਪਾਣੀ ਧਰਤੀ 'ਚ ਭੇਜਣ ਹਿੱਤ ਜਾਂ ਬਹੁਪੱਖੀ ਕਾਰਜਾਂ ਲਈ ਸਾਂਭਿਆ ਜਾ ਸਕਦਾ ਹੈ।' ਹਕੀਕਤ ਇਹ ਹੈ ਕਿ ਪੰਜਾਬ ਵਿੱਚ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ/ਤੀਖਣ ਦੌਰ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਕੁਦਰਤੀ ਟੋਏ, ਢਾਬਾਂ ਅਤੇ ਛੰਬ ਫਨਾਹ ਕਰਨੇ ਸ਼ੁਰੂ ਕਰ ਦਿੱਤੇ। ਜਲ-ਵਹਿਣਾਂ ਅਤੇ ਜਲ-ਕੁੰਡਾਂ ਉੱਤੇ ਕਬਜ਼ੇ ਕਰਨ ਲੱਗੇ। ਜੇ ਪਾਣੀ ਰੁਕੇਗਾ ਨਹੀਂ ਤਦ ਵਗੇਗਾ ਹੀ। ਜ਼ਿਆਦਾ ਮਾਤਰਾ 'ਚ, ਬੇ-ਤਰਤੀਬਾ ਅਤੇ ਤੇਜ਼ ਵਗੇਗਾ ਤਾਂ ਜਲ-ਸਲਾਬ ਦਾ ਕਾਰਨ ਵੀ ਬਣੇਗਾ।

ਸਾਡੇ ਵੱਲੋਂ ਰੁੰਡ-ਮਰੁੰਡ ਕਰ ਦਿੱਤੇ ਗਏ ਪਹਾੜਾਂ ਦਾ ਮਲਬਾ ਜਲ-ਵਹਿਣਾ ਨੂੰ ਭਰ/ਉੱਚਾ ਚੁੱਕ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਹਿਆਂ ਨੂੰ ਭਰ/ਪੂਰ ਕੇ ਜਲ ਗ੍ਰਹਿਣ ਸਮਰੱਥਾ ਵੀ ਘਟਾ ਰਿਹਾ ਹੈ। ਬਨਸਪਤੀ/ਜੰਗਲ ਨਾ ਸਿਰਫ਼ ਵਗਦੇ ਪਾਣੀ ਨੂੰ ਰੋਕ-ਖੜ੍ਹਾ ਕੇ ਜਾਂ ਗਤੀ ਘਟਾ ਕੇ ਭਾਰੀ ਹੜ੍ਹਾਂ ਨੂੰ ਰੋਕਦੇ ਸਨ ਸਗੋਂ ਜੜ੍ਹਾਂ ਰਾਹੀਂ ਧਰਤੀ 'ਚ ਭੇਜ ਕੇ ਭਵਿੱਖ ਲਈ ਸੁਰੱਖਿਅਤ ਵੀ ਕਰ ਦਿੰਦੇ ਹਨ/ਸਨ। ਜੰਗਲਾਂ ਦੀ ਬੇਹੁਰਮਤੀ ਕਾਰਨ ਹੁਣ ਭਾਰਤ ਦੀ 43 ਕਰੋੜ 51 ਲੱਖ ਏਕੜ ਧਰਤੀ ਹੜ੍ਹ-ਮਾਰ ਹੇਠ ਆ ਚੁੱਕੀ ਹੈ। ਇੱਕ ਵਰਗ ਕਿਲੋਮੀਟਰ ਬਹੁ-ਭਾਂਤੀ ਘਣਾ ਜੰਗਲ 50 ਹਜ਼ਾਰ ਘਣ ਮੀਟਰ ਵਰਖੇਈ ਪਾਣੀ ਜੜ੍ਹਾਂ ਰਾਹੀਂ ਧਰਤੀ 'ਚ ਇੰਜੈਕਟ ਕਰ ਦਿੰਦਾ ਹੈ ਅਤੇ ਜੜ੍ਹ-ਜਾਲ ਰਾਹੀਂ ਮਿੱਟੀ ਨੂੰ ਬੰਨ੍ਹ ਕੇ ਰੱਖਦਾ ਹੈ। ਕਰੀਬ ਪੰਜ ਕਰੋੜ ਭੂਮੀ ਦਾ ਇਸ ਲਈ ਨੁਕਸਾਨ ਹੋ ਰਿਹਾ ਹੈ ਕਿ ਜੰਗਲ-ਸਮੱਰਥਾ ਜਾਂ ਜਲ-ਨਿਕਾਸ ਪ੍ਰਬੰਧ ਠੀਕ ਨਹੀਂ।

ਕੁਦਰਤੀ ਸੋਮਿਆਂ ਦੇ ਘਾਣ ਕਾਰਨ ਭਾਰਤ ਦੇ ਖੇਤੀ-ਬਾਗਾਂ ਹੇਠਲੇ ਰਕਬੇ 139 ਦਹਿ ਲੱਖ ਹੈਕਟੇਅਰ ਵਿੱਚੋਂ ਵੀ 21 ਲੱਖ ਹੈਕਟੇਅਰ ਖੇਤਰ ਗੈਰ-ਯੋਜਨਾਬੱਧ ਵਿਕਾਸ, ਮਾਈਨਿੰਗ, ਜੰਗਲ ਵਨਿਾਸ਼ ਕਾਰਨ ਬੁਰੀ ਤਰ੍ਹਾਂ ਭੌਂ-ਖੋਰ, ਢਿੱਗਾਂ ਡਿੱਗਣ ਹੇਠ ਆ ਚੁੱਕਾ ਹੈ। ਇੱਕ ਹੈਕਟੇਅਰ ਨੰਗੇ-ਢਾਲਵੇਂ ਰਕਬੇ ਤੋਂ ਪ੍ਰਤੀ ਸਾਲ 30 ਟਨ ਮਿੱਟੀ ਖੁਰ-ਰੁੜ੍ਹ ਜਾਂਦੀ ਹੈ। ਜਦੋਂ ਪਾਣੀ ਢਲਾਣ ਤੋਂ ਉਤਰਦਾ ਹੈ, ਉੱਥੇ ਜੇ ਧਰਤੀ ਬਨਸਪਤੀ-ਵਿਹੁਣੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ; ਤਦ ਜੇ ਇਸ ਦੀ ਗਤੀ ਮਹਿਜ਼ ਦੁੱਗਣੀ ਹੋ ਜਾਵੇ ਤਾਂ ਭੂਮੀ ਦੀ ਕੱਟ-ਵੱਢ 4 ਗੁਣਾ ਹੋ ਜਾਂਦੀ ਹੈ। ਇਸ ਗਤੀ 'ਤੇ ਮਾਦਾ ਚੁੱਕ-ਖੜ੍ਹਨ ਦੀ ਸਮੱਰਥਾ 32 ਗੁਣਾ ਅਤੇ ਰੋੜ੍ਹ ਸਮਰੱਥਾ 64 ਗੁਣਾ ਹੋ ਜਾਂਦੀ ਹੈ। ਅਰਥਾਤ; ਜੇ ਗਤੀ ਦੁੱਗਣੀ ਤਾਂ ਹੜ੍ਹਾਊ-ਤਾਕਤ ਚੌਂਹਟ ਗੁਣਾ, ਪਰ ਜੇ ਜਲ-ਗਤੀ ਤਿੰਨ ਗੁਣਾ ਹੋਵੇ ਤਾਂ ਰੋਹੜੂ ਸਮੱਰਥਾ 729 ਗੁਣਾ ਹੋ ਜਾਂਦੀ ਹੈ।

ਹਿਲਾ ਦਿੱਤੇ ਗਏ ਪਹਾੜਾਂ ਜਾਂ ਜ਼ਿਆਦਾ ਢਾਲਵੇ ਖਿੱਤੇ 'ਚ ਇਹ ਭਾਣਾ ਹੋਰ ਵੀ ਡਰਾਉਣੇ ਰੂਪ 'ਚ ਵਾਪਰਦਾ ਹੈ। ਸਿੱਟੇ ਵਜੋਂ; ਜਲ-ਵਹਿਣਾਂ, ਦਰਿਆਵਾਂ ਅਤੇ ਸਾਗਰਾਂ-ਸਮੁੰਦਰਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਇਕੱਲੇ ਗੰਗਾ ਖੇਤਰ ਵਿੱਚ ਮਨੁੱਖੀ ਗਲਤੀਆਂ ਕਾਰਨ 4 ਕਰੋੜ 50 ਲੱਖ ਸੈਂਟੀਮੀਟਰ ਮਿੱਟੀ ਆਏ ਸਾਲ ਰੁੜ੍ਹ-ਖੁਰ ਜਾਂਦੀ ਹੈ ਮਨੁੱਖੀ ਗ਼ਲਤੀਆਂ ਕਾਰਨ, ਕਰੀਬ-ਕਰੀਬ ਇਹੀ ਹਾਲ ਹੋਰ ਜਲ-ਖੇਤਰਾਂ ਦਾ ਹੈ ਜਿਸ ਵਿੱਚ ਪੰਜਾਬ ਵੀ ਸ਼ਾਮਲ ਹੈ। ਅਣਸਾਵੇਂ ਵਿਕਾਸ, ਉਚਿੱਤ ਨਿਕਾਸੀ ਪ੍ਰਬੰਧ ਨਾ ਹੋਣ, ਢੁਕਵੇਂ ਜਲ-ਪ੍ਰਬੰਧ (ਵਰਖਾਂ ਜਲ ਕਮਾਉਣ/ਗਰਕਾਉਣ) ਦੀਆਂ ਕਾਰਗਰ ਯੋਜਨਾਵਾਂ ਜਾਂ ਅਮਲ ਦੀ ਅਣਹੋਂਦ ਕਾਰਨ ਅਸੀਂ ਹਰ ਸਾਲ ਬਰਸਾਤਾਂ 'ਚ ਰੁੜ੍ਹਦੇ ਹਾਂ ਅਤੇ ਖੁਸ਼ਕ ਮੌਸਮਾਂ 'ਚ ਸੁੱਕਦੇ ਹਾਂ।

ਮੁੱਕਦੀ ਗੱਲ; ਵਿਆਪਕ ਵਰਖਾ ਨੂੰ ਵੀ ਸਾਂਭਣ-ਸਲੂਟਣ, ਕਮਾਉਣ-ਗਰਕਾਉਣ 'ਚ ਸ਼ਾਇਦ ਓਨਾ ਖਰਚ ਨਹੀਂ ਆਵੇਗਾ ਜਿੰਨਾ ਹਰ ਸਾਲ ਪਹਿਲਾਂ ਗੁਆਉਣ ਅਤੇ ਮੁੜ-ਭਰਪਾਈ ਉੱਤੇ ਅਸੀਂ ਖਰਚ ਕਰ ਬੈਠਦੇ ਹਾਂ। ਆਰਥਿਕ ਨੁਕਸਾਨ ਦੀ ਪੂਰਤੀ ਤਾਂ ਹੋ ਜਾਵੇਗੀ, ਪਰ ਮੋਇਆਂ ਨੂੰ ਕੌਣ ਮੋੜ ਲਿਆਵੇਗਾ ? ਹੜ੍ਹਾਂ ਤੋਂ ਬਚਣ ਅਤੇ ਵਰਖਾ ਦਾ ਭਰਪੂਰ ਲਾਹਾ ਲੈਣ ਲਈ ਲੰਮੇਰੀਆਂ, ਚਿਰ ਸਥਾਈ, ਕੁਦਰਤ ਮੇਚਵੀਆਂ ਅਤੇ ਸਿਆਣੀਆਂ ਯੋਜਨਾਵਾਂ ਤੇ ਦ੍ਰਿੜ ਇੱਛਾ-ਸ਼ਕਤੀ ਦੀ ਲੋੜ ਹੈ। ਹਾਂ; ਇਹ ਸਿਰਫ਼ ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ ਵੇਲੇ ਹੀ ਸੰਭਵ ਹੈ।

## ਹੜ੍ਹਾਂ ਤੋਂ ਬਚਾਅ ਲਈ ਬੀਤੇ ਤੋਂ ਸਬਕ ਸਿੱਖਣਾ ਜ਼ਰੂਰੀ

ਸਤਲੁਜ, ਬਿਆਸ ਅਤੇ ਰਾਵੀ ਵੱਲੋਂ ਅੱਧੇ ਪੰਜਾਬ 'ਚ ਤਬਾਹੀ ਮਚਾਉਣ ਤੋਂ ਬਾਅਦ ਘੱਗਰ ਦਰਿਆ ਨੇ ਹੁਣ ਮੁੱਖ ਮੰਤਰੀ ਦੇ ਜ਼ਿਲ੍ਹੇ ਸੰਗਰੂਰ 'ਚ ਆਫ਼ਤ ਲਿਆ ਦਿੱਤੀ ਹੈ। ਪਹਿਲੀ ਵਾਰ ਇਹ ਦਰਿਆ 754 ਫੁੱਟ ਦੇ ਖ਼ਤਰਨਾਕ ਨਿਸ਼ਾਨ 'ਤੇ ਜਾ ਪੁੱਜਾ ਹੈ। ਆਮ ਦਿਨਾਂ 'ਚ ਇਹ ਇਕ ਆਮ ਨਾਲ਼ੇ ਵਾਂਗ ਹੀ ਵਹਿੰਦਾ ਹੈ ਪਰ ਬਰਸਾਤ ਦੇ ਦਿਨਾਂ 'ਚ ਇਹ ਲਗਪਗ ਹਰ ਵਰ੍ਹੇ ਹੀ ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ 'ਚ ਤਬਾਹੀ ਮਚਾਉਂਦਾ ਹੈ।

ਬਾਕੀ ਦੇ ਤਿੰਨ ਮੁੱਖ ਦਰਿਆਵਾਂ ਦੇ ਕੰਢਿਆਂ ਲਾਗਲੇ ਇਲਾਕਿਆਂ 'ਚ ਕਈ ਥਾਵਾਂ 'ਤੇ ਧੁੱਸੀ ਬੰਨ੍ਹਾਂ 'ਚ ਪਾੜ ਪਿਆ ਹੋਇਆ ਹੈ ਤੇ ਬਹੁਤ ਸਾਰੇ ਪਿੰਡ ਪਾਣੀ 'ਚ ਡੁੱਬੇ ਹੋਏ ਹਨ। ਐੱਨਡੀਆਰਐੱਫ, ਐੱਸਡੀਆਰਐੱਫ ਅਤੇ ਬਹੁਤ ਸਾਰੇ ਗ਼ੈਰ-ਸਰਕਾਰੀ ਸੰਗਠਨ ਦਿਨ-ਰਾਤ ਰਾਹਤ ਕਾਰਜਾਂ 'ਚ ਲੱਗੇ ਹੋਏ ਹਨ। ਵੀਰਵਾਰ ਨੂੰ ਐੱਨਡੀਆਰਐੱਫ ਦੀ ਇਕ ਕਿਸ਼ਤੀ ਪਟਿਆਲਾ ਜ਼ਿਲ੍ਹੇ 'ਚ ਸਨੌਰ ਲਾਗਲੇ ਇਕ ਪਿੰਡ ਕੋਲ ਟੁੱਟੇ ਹੋਏ ਪੁਲ਼ ਨਾਲ ਟਕਰਾ ਕੇ ਬੁਰੀ ਤਰ੍ਹਾਂ ਨੁਕਸਾਨੀ ਗਈ। ਰਾਹਤ ਕਾਰਜਾਂ 'ਚ ਲੱਗੀ ਟੀਮ ਨੇ ਮੌਕੇ 'ਤੇ ਛਾਲ਼ਾਂ ਮਾਰ ਕੇ ਆਪਣੀਆਂ ਜਾਨਾਂ ਬਚਾਈਆਂ। ਸੈਂਕੜੇ ਜਵਾਨ ਇਸ ਵੇਲੇ ਰਾਹਤ ਕਾਰਜਾਂ 'ਚ ਲੱਗੇ ਹੋਏ ਹਨ। ਸਰਕਾਰ ਨੂੰ ਅਜਿਹੇ ਵਲੰਟੀਅਰਾਂ ਨੂੰ ਜ਼ਰੂਰ ਉਤਸ਼ਾਹਤ ਕਰਨਾ ਚਾਹੀਦਾ ਹੈ।



ਦੋਆਬਾ ਖੇਤਰ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ 'ਚ ਕਈ ਪਿੰਡਾਂ 'ਚ ਪਾਣੀ ਭਰਿਆ ਹੋਇਆ ਹੈ। ਕੁਝ ਥਾਵਾਂ 'ਤੇ ਸੰਪਰਕ ਸੜਕਾਂ ਦੇ ਨਾਲ-ਨਾਲ ਹਾਈਵੇਅਜ਼ ਵੀ ਡੁੱਬੇ ਪਏ ਹਨ। ਉੱਧਰ ਸਾਡੇ ਦੇਸ਼ ਦੀ ਰਾਜਧਾਨੀ ਨੂੰ ਯਮੁਨਾ ਨਦੀ 'ਚ ਵਧਿਆ ਪਾਣੀ ਦਾ ਪੱਧਰ ਔਖਾ ਕਰ ਰਿਹਾ ਹੈ। ਉੱਥੇ ਬਹੁਤ ਸਾਰੇ ਇਲਾਕਿਆਂ 'ਚ ਪਾਣੀ ਭਰ ਗਿਆ ਹੈ। ਪੰਜਾਬ ਦੇ ਮੁੱਖ ਸ਼ਹਿਰ ਤੇ ਜ਼ਿਲ੍ਹਾ ਹੈੱਡਕੁਆਰਟਰਜ਼ ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਤੇ ਅੰਮ੍ਰਿਤਸਰ ਹਨ-ਇਹ ਸਾਰੇ ਇਸ ਵੇਲੇ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਬਾਰਿਸ਼ ਦਾ ਪਾਣੀ ਸੈਨੇਟਰੀ ਸੀਵਰੇਜ ਜ਼ਰੀਏ ਹੀ ਨਿਕਲਦਾ ਹੈ। ਜਦੋਂ ਵੀ ਕਦੇ ਭਾਰੀ ਵਰਖਾ ਹੁੰਦੀ ਹੈ ਤਾਂ ਸੀਵਰੇਜ ਇੰਨੇ ਜ਼ਿਆਦਾ ਪਾਣੀ ਦੀ ਨਿਕਾਸੀ ਕਰਨ ਦੇ ਸਮਰੱਥ ਨਹੀਂ ਹੁੰਦਾ। ਇਸੇ ਕਾਰਨ ਹੜ੍ਹ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਮਾਹਰਾਂ ਅਨੁਸਾਰ ਸੀਵਰੇਜ ਦੀ ਮਾੜੀ ਯੋਜਨਾਬੰਦੀ ਵੀ ਅਜਿਹੇ ਹਾਲਾਤ ਲਈ ਜ਼ਿੰਮੇਵਾਰ ਹੋ ਸਕਦੀ ਹੈ। ਨਿੱਕੀਆਂ ਕੱਸੀਆਂ, ਰਜਬਾਹਿਆਂ ਤੇ ਹੋਰ ਨਦੀਆਂ-ਨਾਲ਼ਿਆਂ ਦੀ ਸਮੇਂ ਸਿਰ ਸਫ਼ਾਈ ਨਹੀਂ ਕੀਤੀ ਜਾਂਦੀ, ਇਸ ਕਰਕੇ ਵੀ ਪਾਣੀ ਉਨ੍ਹਾਂ 'ਚ ਨੱਕੋ-ਨੱਕ ਭਰ ਕੇ ਚੱਲਦਾ ਹੈ ਜਾਂ ਕੰਢਿਆਂ ਤੋਂ ਬਾਹਰ ਵਗਦਾ ਹੋਇਆ ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਕਰ ਛੱਡਦਾ ਹੈ। ਇਸ ਤਾਜ਼ਾ ਮੀਂਹ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਕਰ ਛੱਡੀਆਂ ਹਨ। ਕਿਸਾਨ ਤਾਂ ਪਹਿਲਾਂ ਹੀ ਆਰਥਿਕ ਤੰਗਦਸਤੀਆਂ ਦੇ ਸ਼ਿਕਾਰ ਹਨ।

ਬੀਤੇ ਤੋਂ ਸਬਕ ਸਿੱਖਦਿਆਂ ਹੁਣ ਰਾਜ ਦੇ ਸਾਰੇ ਦਰਿਆਈ ਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ ਦੇ ਬੰਨ੍ਹਾਂ ਦੀ ਬਾਕਾਇਦਾ ਨਿਯਮਤ ਦੇਖਭਾਲ ਪਹਿਲ ਦੇ ਆਧਾਰ 'ਤੇ ਕਰਵਾਈ ਜਾਣੀ ਚਾਹੀਦੀ ਹੈ। ਪਾਣੀ ਦੀ ਸਹੀ ਨਿਕਾਸੀ ਨੂੰ ਕਦੇ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਨੇ ਤਰਜੀਹ ਨਹੀਂ ਦਿੱਤੀ। ਛੋਟੀ ਜਿੰਨੀ ਰਾਈ ਵੀ ਬਾਅਦ 'ਚ ਪਹਾੜ ਬਣ ਜਾਂਦੀ ਹੈ। ਉਂਜ ਵੀ ਠੋਕਰ ਕਦੇ ਵੱਡੇ ਪਹਾੜ ਤੋਂ ਨਹੀਂ, ਸਗੋਂ ਨਿੱਕੇ-ਨਿੱਕੇ ਪੱਥਰਾਂ ਜਾਂ ਇਟਾਂ-ਰੋੜਿਆਂ ਤੋਂ ਲੱਗਦੀ ਹੈ। ਇਹ ਮੰਨਣਯੋਗ ਹੈ ਕਿ ਕੁਦਰਤੀ ਕਰੋਪੀ ਕਾਰਨ ਜੇ ਕਦੇ ਮਾੜਾ ਵਾਪਰ ਜਾਵੇ ਤਾਂ ਉਸ 'ਤੇ ਕਿਸੇ ਦਾ ਜ਼ੋਰ ਨਹੀਂ ਚੱਲਿਆ ਕਰਦਾ ਪਰ ਜੇ ਉਸ ਤੋਂ ਭਵਿੱਖ ਲਈ ਕੋਈ ਸਾਰਥਕ ਸਬਕ ਨਾ ਸਿੱਖਿਆ ਜਾਵੇ ਤਾਂ ਵੀ ਹਾਲਾਤ ਚਿੰਤਾਜਨਕ ਬਣ ਜਾਂਦੇ ਹਨ। ਪੰਜਾਬ ਨਾਲ ਇਸ ਵਾਰ ਅਜਿਹਾ ਕੁਝ ਹੀ ਵਾਪਰਿਆ ਹੈ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

# ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹੜ੍ਹ ਪੀੜਤਾਂ ਲਈ ਦਿਨ ਰਾਤ ਕਰ ਦਿੱਤਾ ਇੱਕ

ਲੋਹੀਆਂ ਖਾਸ : ਲੋਹੀਆਂ ਇਲਾਕੇ ਵਿਚ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਵਿਚ ਪਏ ਦੋ ਪਾੜਾਂ 'ਚੋਂ ਦੂਜੇ 925 ਫੁੱਟ ਚੌੜੇ ਪਾੜ ਨੂੰ ਪੂਰਨ ਵਿੱਚ ਲੱਗੇ ਹੋਏ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੌਨਸੂਨ ਸੈਸ਼ਨ ਵਿਚੋਂ ਛੁੱਟੀ ਲੈਣ ਲਈ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਲਿੱਖਿਆ ਹੈ। ਉਨ੍ਹਾਂ ਆਪਣੇ ਪੱਤਰ ਵਿਚ ਕਿਹਾ ਹੈ ਕਿ ਪੰਜਾਬ ਦੇ 19 ਜ਼ਿਲ੍ਹੇ ਹੜ੍ਹ ਨਾਲ ਪ੍ਰਭਾਵਿਤ ਹਨ। ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ'ਚ ਹੜ੍ਹ ਨੇ ਕਾਫੀ ਇਲਾਕਾ ਪ੍ਰਭਾਵਿਤ ਕੀਤਾ ਹੈ, ਇੱਥੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਵਿਚ ਦੋ ਥਾਵਾਂ ਵਿਚ ਪਾੜ ਪੈ ਗਿਆ ਸੀ, ਜਿਸ ਵਿਚੋਂ ਇਕ ਪਾੜ ਪੂਰਿਆ ਜਾ ਚੁੱਕਾ ਹੈ ਤੇ ਦੂਜੇ ਪਾੜ ਨੂੰ ਪੂਰਨ ਲਈ ਦਿਨ ਰਾਤ ਕਾਰ ਸੇਵਾ ਚੱਲ ਰਹੀ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਉਨ੍ਹਾਂ ਨਾਲ ਅਨੇਕਾ ਸੰਗਤਾਂ ਨੇ ਹੜ੍ਹ ਪੀੜਤਾਂ ਲਈ ਦਿਨ ਰਾਤ ਇੱਕ ਕਰ ਦਿੱਤਾ।





















# Mississippi. ਦੇ ਸਿੱਖਾਂ ਵਲੋਂ 4th July Independence Day ਬੜੀ ਧੂਮ ਧਾਮ ਨਾਲ ਮਨਾਇਆ ਗਿਆ














ਹਟਿੰਗਟਨ ਬੀਚ/ ਕੈਲੀਫੋਰਨੀਆ : Huntington Beach California ਵਿੱਚ 4 ਜੁਲਾਈ ਨੂੰ ਮਨਾਏ ਗਏ ਸਮਾਗਮ ਵਿੱਚ ਸਿੱਖਾਂ ਨੇ ਸ਼ਿਰਕਤ ਕੀਤੀ। ਇਸ ਦਾ ਇੰਤਜ਼ਾਮ ਡਾ: ਅੰਮ੍ਰਿਤ ਸਿੰਘ (MD) ਵੱਲੋਂ ਕੀਤਾ ਗਿਆ ਸੀ, ਨਾਲ ਹੀ ਗੁਰਪ੍ਰੀਤ ਸਿੰਘ ਵੱਲੋਂ ਪੀਣ ਵਾਲੇ ਪਾਣੀ ਅਤੇ ਪੀਣ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮਾਗਮ ਦੇ ਆਯੋਜਨ ਵਿੱਚ ਮਦਦ ਕਰਨ ਵਾਲੇ ਹੋਰਨਾਂ ਵਿੱਚ ਸੁਰਿੰਦਰਜੀਤ ਸਿੰਘ ਸੈਂਭੀ, ਬੀਰ ਈਸ਼ਵਰ ਸਿੰਘ ਗਰੇਵਾਲ ਸ਼ਾਮਲ ਸਨ, ਜੋ ਕਿ ਅਜਾਦੀ ਦੀ ਪਰੇਡ ’ਚ ਸ਼ਾਮਲ ਹੋਏ ਸੱਜਣਾ ਮਿਤਰਾਂ ਪ੍ਰਤੀਯੋਗੀਆਂ ਲਈ ਪੀਜ਼ਾ ਲੈ ਕੇ ਆਏ ਸਨ ਅਤੇ ਇਸ ਸਮੇਂ ਬਲਵਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਸੁਖਮਨ ਸਿੰਘ ਵੀ ਸ਼ਾਮਲ ਸਨ। ਜੋ ਕੀ ਪੰਜਾਬੀ ਸੰਗੀਤ ਦੇ ਮਸ਼ਹੂਰ ਸਾਜ਼ ਲੈ ਕੇ ਆਏ ਸਨ ਜਿਨਾ ਵਿੱਚ ਖਾਸ ਕਰਕੇ ਢੋਲ ਸ਼ਾਮਲ ਸੀ। ਇਸ ਮਹਾਨ ਦਿੱਨ ਦੀਆਂ ਖੁਸ਼ੀਆਂ ਸਮੇਂ ਨਰਿੰਦਰਪਾਲ ਸਿੰਘ ਅਕਾਲ ਐਬਸ ਵੀ ਹਾਜ਼ਰ ਸਨ। ਸੁਰਿੰਦਰ ਸਿੰਘ ਮੁਲਤਾਨੀ ਨੇ ਵੀ ਪ੍ਰਤੀਯੋਗੀਆਂ ਲਈ ਪਾਣੀ ਅਤੇ ਹੋਰ ਠੰਡੀਆਂ ਮਿੱਠੀਆਂ ਪੀਣ ਵਾਲੀਆਂ ਡਰਿੰਕ ਦਾ ਪ੍ਰਬੰਧ ਕੀਤਾ। ਇਹ ਮਿਸੀਸਿਪੀ ਦੇ ਪੱਛਮ ਵਿੱਚ ਸਭ ਤੋਂ ਵੱਡੀ ਸੁਤੰਤਰਤਾ ਦਿਵਸ ਪਰੇਡ ਵਿੱਚ ਸਿੱਖ ਭਾਈਚਾਰੇ ਦੀ ਵੱਡੀ ਗਿਣਤੀ ’ਚ ਹੋਂਦ ਨੂੰ ਅਤੇ ਮੌਜੂਦਗੀ ਨੂੰ ਦਰਸਾਉਣ ਲਈ ਇੱਕ ਛੋਟਾ ਜਿਹਾ ਵੱਡਾ ਯਾਦਗਾਰੀ ਯਤਨ ਸੀ।




















# ਪੰਜਾਬ ਦੇ ਪ੍ਰਸਿੱਧ ਕਲਾਕਾਰ ਬਾਬਾ-ਬੋਹੜ ਸ਼੍ਰੋਮਣੀ ਪੰਜਾਬੀ ਗਾਇਕ-ਐਕਟਰ ਜਨਾਬ ਸੁਰਿੰਦਰ ਸ਼ਿੰਦਾ



ਕੈਲੀਫੋਰਨੀਆ ਤੋਂ ਪੰਜਾਬੀ ਦੇ ਉਘੇ ਗੀਤਕਾਰ ਬਿੱਟੂ ਦੌਲਤਪੁਰੀ ਦੀਆਂ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਸੁਰਿੰਦਰ ਸ਼ਿੰਦਾ ਨਾਲ ਕੁਝ ਯਾਦਗਾਰੀ ਤਸਵੀਰਾਂ

ਦੋਸਤੋ ਅੱਜ ਗੱਲ ਕਰਨ ਜਾ ਰਹੇ ਹਾਂ ਪੰਜਾਬ ਦੇ ਪ੍ਰਸਿੱਧ ਕਲਾਕਾਰ ਬਾਬਾ-ਬੋਹੜ ਸ਼੍ਰੋਮਣੀ ਪੰਜਾਬੀ ਗਾਇਕ-ਐਕਟਰ ਜਨਾਬ ਸੁਰਿੰਦਰ ਸ਼ਿੰਦਾ ਸਾਹਿਬ ਜੀ ਦੀ ਜਿਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੀ ਰੱਜਕੇ ਸੇਵਾ ਕੀਤੀ ਅਨੇਕਾਂ ਸੁਪਰ ਹਿੱਟ ਗੀਤ ਪੰਜਾਬੀਆਂ ਦੇ ਝੋਲੀ ਪਾਏ।

ਉੱਚਾ ਬੁਰਜ ਲਾਹੌਰ ਦਾ-ਜਿਉਣਾ ਮੌੜ-ਪੁੱਤ ਜੱਟਾਂ ਦੇ ਤੋਂ ਇਲਾਵਾ ਧਾਰਮਿਕ ਗੀਤ ਉੱਚਾ ਦਰ ਬਾਬੇ ਨਾਨਕ ਦਾ ਕਾਫ਼ੀ ਮਕਬੂਲ ਰਹੇ ਤੇ ਅਨੇਕਾਂ ਦੋਗਾਣੇ ਵੀ ਗਾਏ ਤੇ ਬਹੁਤ ਸਾਰਾ ਮਾਣ-ਸਨਮਾਨ ਪ੍ਰਾਪਤ ਕੀਤਾ ਸ਼ਿੰਦਾਂ ਜੀ ਨੇ ਨਾਮਵਰ ਕਲਮ ਦੇ ਧਨੀ ਬਾਪੂ ਦੇਵ ਥਰੀਕੇ ਵਾਲਾ ਜੀ ਪਾਲੀ ਦੇਤਵਾਲੀਆ ਜੀ ਭੱਟੀ ਭੜੀ ਵਾਲਾ ਜੀ ਤੇ ਹੋਰ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਦੇ ਲਿਖੇ ਹੋਏ ਗੀਤ ਗਾਕੇ ਨਾਮਣਾ ਖੱਟਿਆ ਤੇ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਵਿੱਚ ਵੀ ਸਫਲ ਰੋਲ ਕੀਤੇ ਤੇ ਆਪਣੀ ਪਹਿਚਾਣ ਦੁਨੀਆਂ ਦੇ ਹਰ ਪੱਧਰ ਤੇ ਬਣਾਈ ਸ਼ਿੰਦਾ ਜੀ ਨੇ ਗਾਇਕੀ ਰਾਹੀ ਐਕਟਿੰਗ ਰਾਹੀ ਆਪਣੀ ਸਫਲਤਾ ਦਾ ਝੰਡਾ ਗੱਡਿਆ ਮਸ਼ਹੂਰ ਪੰਜਾਬੀ ਫਿਲਮ ਜਿਉਣਾ ਮੌੜ ਵਿੱਚ ਪੁਲਿਸ ਅਫਸਰ ਦਾ ਕਿਰਦਾਰ ਨਿਭਾਇਆ ਤੇ ਹੋਰ ਢੇਰ ਸਾਰੀਆਂ ਪੰਜਾਬੀ ਫਿਲਮਾਂ ਵਿੱਚ ਗੀਤ ਵੀ ਗਾਏ ਤੇ ਰੋਲ ਵੀ ਨਿਭਾਏ ਤੇ ਅੱਜ ਵੀ ਪੂਰੀ ਸ਼ਿੱਦਤ ਤੇ ਲਗਨ ਨਾਲ ਮਿਹਨਤ ਵਿੱਚ ਮਸ਼ਰੂਫ ਹਨ ਮਾਣ ਵਾਲੀ ਗੱਲ ਹੈ ਕਿ ਉਸ ਸਮੇ ਦੇ ਰਹੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਤੋਂ ਵੀ ਸਨਮਾਨ ਪ੍ਰਾਪਤ ਕੀਤਾ ਤੇ ਪੰਜਾਬ ਦਾ ਮਾਣ ਵਧਾਇਆ ਦੋਸਤੋ ਇੱਕ ਗੀਤ (ਬਿੱਟੂ ਦੌਲਤਪੁਰੀ) ਦਾ ਲਿਖਿਆ 'ਜੱਟ ਆਨ ਸਟੇਰਿੰਗ' ਸ਼ਿੰਦਾ ਜੀ ਨੇ ਬਾਖ਼ੂਬੀ ਨਾਲ ਨਿਭਾਇਆਏ ਇਹ ਗੀਤ ਵੀ ਚਰਚਾ ਦਾ ਵਿਸ਼ਾ ਰਿਹਾ ਤੇ ਢੇਰ ਸਾਰਾ ਪਿਆਰ ਮਿਲਿਆ। ਦੋਸਤੋ ਕੁਝ ਕੁ ਦਿਨਾਂ ਤੋਂ ਸ਼ਿੰਦਾ ਜੀ ਦੀ ਸਿਹਤ ਕੁਝ ਨਾਜ਼ੁਕ ਬਣੀ ਹੋਈ ਹੈ ਹਸਪਤਾਲ ਵਿੱਚ ਜੇਰੇ ਇਲਾਜ ਹਨ ਆਓ ਸਾਰੇ ਰਲ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਉਹ ਜਲਦੀ ਠੀਕ ਹੋ ਜਾਣ ਤੇ ਸਰੋਤਿਆਂ ਦੀ ਕਚਹਿਰੀ ਵਿੱਚ ਆਪਣੀ ਬੁਲੰਦ ਆਵਾਜ਼ ਰਾਹੀਂ ਹਾਜ਼ਰੀ ਲਵਾਉਣ ਉਹਨਾਂ ਦੀ ਲੰਬੀ ਉਮਰ ਤੇ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ ਧੰਨਵਾਦ ਦੋਸਤੋ।

# ਨਸਲਵਾਦ ਖ਼ਿਲਾਫ਼ ਜੰਗ ਲੜਨ ਵਾਲਾ ਯੋਧਾ ਨੈਲਸਨ ਮੰਡੇਲਾ

**ਕੁਲਦੀਪ ਸਿੰਘ ਸਾਹਿਲ**

ਬੇਸ਼ੱਕ ਸੰਸਾਰ 'ਚ ਵੱਖ-ਵੱਖ ਰੰਗ-ਰੂਪ, ਨੈਣ-ਨਕਸ਼ ਅਤੇ ਕੱਦ-ਕਾਠ ਦੇ ਲੋਕ ਵਸਦੇ ਹਨ ਪਰ ਸਭ ਦੀ ਇੱਕੋ ਮਨੁੱਖ ਜਾਤੀ ਹੈ। ਦੁਨੀਆ ਦੇ ਬਹੁਤ ਸਾਰੇ ਦੇਸ਼ਾਂ 'ਚ ਮਨੁੱਖ ਨੂੰ ਅਲੱਗ-ਅਲੱਗ ਰੰਗਾਂ ,ਧਰਮਾਂ ਅਤੇ ਜਾਤਾਂ ਦੇ ਨਾਂ 'ਤੇ ਵੰਡ ਕੇ ਅੱਜ ਵੀ ਨਸਲੀ ਅਤੇ ਰੰਗ ਭੇਦ ਭਾਵ ਹੋ ਰਹਿਆ ਹੈ। ਇਹੋ ਜਿਹੇ ਨਸਲੀ ਅਤੇ ਰੰਗ ਭੇਦ ਭਾਵ ਖ਼ਿਲਾਫ਼ ਸੰਘਰਸ਼ ਦਾ ਨਾਂ ਸੀ ਨੈਲਸਨ ਮੰਡੇਲਾ। ਦੱਖਣੀ ਅਫਰੀਕਾ 'ਚ ਜੰਮੀ ਇਹ ਹਸਤੀ ਕਾਲੇ ਰੰਗ ਦੀ ਸੀ ਕਿਉਂਕਿ ਕਿਸੇ ਵੀ ਦੇਸ਼ ਦੀ ਨਸਲ ਉੱਥੋਂ ਦੇ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਉਸ ਦਾ ਜਨਮ 18 ਜੁਲਾਈ 1918 ਨੂੰ ਹੋਇਆ।

ਉਹ ਹਾਲੇ 12 ਸਾਲਾਂ ਦਾ ਸੀ ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਕਾਨੂੰਨ ਦੀ ਪੜ੍ਹਾਈ ਕਰਨ ਦਾ ਫ਼ੈਸਲਾ ਕੀਤਾ। ਹਾਲਾਂਕਿ ਉਹ ਆਪਣੀ ਵਕਾਲਤ ਖ਼ਤਮ ਹੋਣ ਤੋਂ ਪਹਿਲਾਂ ਹੀ ਰਾਜਨੀਤੀ 'ਚ ਆ ਗਿਆ ਸੀ। ਦਰਅਸਲ ਉਹ 1944 'ਚ ਅਫਰੀਕਨ ਨੈਸ਼ਨਲ ਕਾਂਗਰਸ 'ਚ ਸ਼ਾਮਲ ਹੋ ਗਿਆ ਸੀ। ਉਸ ਨੇ ਛੇਤੀ ਹੀ ਅਫਰੀਕਨ ਨੈਸ਼ਨਲ ਕਾਂਗਰਸ ਯੂਥ ਲੀਗ ਦੀ ਸਥਾਪਨਾ ਕੀਤੀ ਤੇ ਤਿੰਨ ਸਾਲ ਬਾਅਦ ਇਸ ਦਾ ਸਕੱਤਰ ਬਣ ਗਿਆ। ਕੁਝ ਸਾਲਾਂ ਬਾਅਦ ਉਸ ਨੂੰ ਅਫਰੀਕਨ ਨੈਸ਼ਨਲ ਕਾਂਗਰਸ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਵੀ ਚੁਣਿਆ ਗਿਆ। ਉਸ ਨੇ ਦੱਖਣੀ ਅਫਰੀਕਾ 'ਚ ਆਜ਼ਾਦੀ ਦੇ ਨਾਲ-ਨਾਲ ਰੰਗਭੇਦ ਖ਼ਿਲਾਫ਼ ਵੀ ਵੱਡਾ ਸੰਘਰਸ਼ ਲੜਿਆ। ਉਸ ਨੇ 1944 'ਚ ਰੰਗਭੇਦ ਵਿਰੁੱਧ ਅੰਦੋਲਨ ਸ਼ੁਰੂ ਕੀਤਾ। ਉਸ ਸਮੇਂ ਉਹ ਅਫਰੀਕਨ ਨੈਸ਼ਨਲ ਕਾਂਗਰਸ ਦਾ ਮੈਂਬਰ ਸੀ। ਉਸੇ ਸਾਲ ਆਪਣੇ ਦੋਸਤਾਂ ਤੇ ਸਮਰਥਕਾਂ ਨਾਲ ਉਸ ਨੇ ਅਫਰੀਕਨ ਨੈਸ਼ਨਲ ਕਾਂਗਰਸ ਯੂਥ ਲੀਗ ਦੀ ਸਥਾਪਨਾ ਕੀਤੀ। 1947 'ਚ ਉਹ ਲੀਗ ਦਾ ਸਕੱਤਰ ਵੀ ਚੁਣਿਆ ਗਿਆ। ਮੰਡੇਲਾ ਤੇ ਉਸ ਦੇ ਦੋਸਤਾਂ 'ਤੇ 1961 'ਚ ਦੇਸ਼ਧ੍ਰੋਹ ਦਾ ਮੁਕੱਦਮਾ ਵੀ ਚਲਾਇਆ ਗਿਆ ਸੀ ਪਰ ਉਸ 'ਚ ਉਨ੍ਹਾਂ ਨੂੰ ਬੇਕਸੂਰ ਮੰਨਿਆ ਗਿਆ ਸੀ। ਪੰਜ ਅਗਸਤ 1962 ਨੂੰ ਮਜ਼ਦੂਰਾਂ ਨੂੰ ਹੜਤਾਲ ਲਈ ਉਕਸਾਉਣ ਤੇ ਬਿਨਾਂ ਆਗਿਆ ਦੇਸ਼ ਛੱਡਣ ਦੇ ਇਲਜ਼ਾਮ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ 'ਤੇ ਮੁਕੱਦਮਾ ਚੱਲਿਆ ਤੇ 12 ਜੁਲਾਈ 1964 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਰਾਬਿਨ ਟਾਪੂ ਦੀ ਜੇਲ੍ਹ 'ਚ ਭੇਜਿਆ ਗਿਆ ਪਰ ਇਸ ਨਾਲ ਵੀ ਉਤਸ਼ਾਹ ਘੱਟ ਨਹੀਂ ਹੋਇਆ। ਉਸ ਨੇ ਜੇਲ੍ਹ 'ਚ ਵੀ ਰੰਗ ਭੇਦ ਦੀ ਨੀਤੀ ਵਿਰੁੱਧ ਕੈਦੀਆਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ।

*ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਕਾਨੂੰਨ ਦੀ ਪੜ੍ਹਾਈ ਕਰਨ ਦਾ ਫ਼ੈਸਲਾ ਕੀਤਾ। ਹਾਲਾਂਕਿ ਉਹ ਆਪਣੀ ਵਕਾਲਤ ਖ਼ਤਮ ਹੋਣ ਤੋਂ ਪਹਿਲਾਂ ਹੀ ਰਾਜਨੀਤੀ 'ਚ ਆ ਗਿਆ ਸੀ। ਦਰਅਸਲ ਉਹ 1944 'ਚ ਅਫਰੀਕਨ ਨੈਸ਼ਨਲ ਕਾਂਗਰਸ 'ਚ ਸ਼ਾਮਲ ਹੋ ਗਿਆ ਸੀ। ਉਸ ਨੇ ਛੇਤੀ ਹੀ ਅਫਰੀਕਨ ਨੈਸ਼ਨਲ ਕਾਂਗਰਸ ਯੂਥ ਲੀਗ ਦੀ ਸਥਾਪਨਾ ਕੀਤੀ ਤੇ ਤਿੰਨ ਸਾਲ ਬਾਅਦ ਇਸ ਦਾ ਸਕੱਤਰ ਬਣ ਗਿਆ।*



ਜੀਵਨ ਦੇ 27 ਸਾਲ ਜੇਲ੍ਹ 'ਚ ਗੁਜ਼ਾਰਨ ਤੋਂ ਬਾਅਦ ਅਖੀਰ 11 ਫਰਵਰੀ 1990 ਨੂੰ ਰਿਹਾਈ ਹੋਈ। ਰਿਹਾਈ ਤੋਂ ਬਾਅਦ ਸਮਝੌਤੇ ਅਤੇ ਸ਼ਾਂਤੀ ਦੀ ਨੀਤੀ ਰਾਹੀਂ ਲੋਕਤੰਤਰੀ ਅਤੇ ਬਹੁ-ਜਾਤੀ ਅਫਰੀਕਾ ਦੀ ਨੀਂਹ ਰੱਖੀ। 1994 'ਚ ਦੱਖਣੀ ਅਫਰੀਕਾ 'ਚ ਰੰਗ ਭੇਦ ਰਹਿਤ ਚੋਣਾਂ ਹੋਈਆਂ। ਅਫਰੀਕਨ ਨੈਸ਼ਨਲ ਕਾਂਗਰਸ ਨੇ 62 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਤੇ ਬਹੁਮਤ ਨਾਲ ਉਸ ਦੀ ਸਰਕਾਰ ਬਣੀ। 10 ਮਈ 1994 ਨੂੰ ਮੰਡੇਲਾ ਆਪਣੇ ਦੇਸ਼ ਦਾ ਸਭ ਤੋਂ ਪਹਿਲਾ ਕਾਲੇ ਰੰਗ ਦਾ ਰਾਸ਼ਟਰਪਤੀ ਬਣਿਆ। ਦੱਖਣੀ ਅਫਰੀਕਾ ਦੇ ਨਵੇਂ ਸੰਵਿਧਾਨ ਨੂੰ ਮਈ 1996 'ਚ ਸੰਸਦ ਤੋਂ ਸਹਿਮਤੀ ਮਿਲੀ, ਜਿਸ ਤਹਿਤ ਰਾਜਨੀਤਕ ਅਤੇ ਪ੍ਰਬੰਧਕੀ ਅਧਿਕਾਰਾਂ ਦੀ ਜਾਂਚ ਲਈ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ।

1997 'ਚ ਉਹ ਸਰਗਰਮ ਰਾਜਨੀਤੀ 'ਚੋਂ ਬਾਹਰ ਹੋ ਗਿਆ ਅਤੇ ਦੋ ਸਾਲ ਬਾਅਦ ਉਸ ਨੇ 1999 'ਚ ਕਾਂਗਰਸ ਪ੍ਰਧਾਨ ਦਾ ਅਹੁਦਾ ਵੀ ਛੱਡ ਦਿੱਤਾ। 2009 'ਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ 18 ਜੁਲਾਈ ਨੂੰ ਮੰਡੇਲਾ ਦੇ ਜਨਮ ਦਿਨ ਨੂੰ ਨੈਲਸਨ ਮੰਡੇਲਾ ਅੰਤਰਰਾਸ਼ਟਰੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ। 5 ਦਸੰਬਰ, 2013 ਨੂੰ 95 ਸਾਲ ਦੀ ਉਮਰ 'ਚ ਜੌਹਨਸਬਰਗ ਵਿਖੇ ਉਸ ਦੀ ਮੌਤ ਹੋ ਗਈ। ਦੁਨੀਆ 'ਚ ਅਜਿਹੇ ਮਹਾਨ ਲੋਕ ਬਹੁਤ ਘੱਟ ਹੁੰਦੇ ਹਨ, ਜੋ ਆਪਣੀ ਸਾਰੀ ਜ਼ਿੰਦਗੀ ਦੂਜਿਆਂ ਦੀ ਜ਼ਿੰਦਗੀ ਸੰਵਾਰਨ ਲਈ ਕੁਰਬਾਨ ਕਰ ਦਿੰਦੇ ਹਨ ਤੇ ਹਮੇਸ਼ਾ ਲਈ ਅਮਰ ਹੋ ਜਾਂਦੇ ਹਨ।

# ਐੱਨਡੀਏ ਨੂੰ ਚੁਣੌਤੀ ਦੇਣ ਲਈ ਡਟਿਆ ਇੰਡੀਆ

## • 26 ਵਿਰੋਧੀ ਪਾਰਟੀਆਂ ਵੱਲੋਂ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' ਕਾਇਮ



ਬੰਗਲੂਰੂ : ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਨਾਲ ਮੱਥਾ ਲਾਉਣ ਲਈ 26 ਵਿਰੋਧੀ ਪਾਰਟੀਆਂ ਨੇ 'ਇੰਡੀਅਨ ਨੈਸ਼ਨਲ ਡਿਵੈੱਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ)' ਨਾਂ ਦਾ ਗੱਠਜੋੜ ਬਣਾਇਆ ਹੈ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ 2024 ਵਿੱਚ ਹੋਣ ਵਾਲੀ ਇਹ ਲੜਾਈ 'ਇੰਡੀਆ ਬਨਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ' ਹੋਵੇਗੀ। ਇਥੇ 26 ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਚਾਰ ਘੰਟੇ ਦੇ ਕਰੀਬ ਚੱਲੀ ਮੀਟਿੰਗ ਉਪਰੰਤ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਵਿਰੋਧੀ ਧਿਰਾਂ ਦੇ ਗੱਠਜੋੜ ਦਾ ਨਾਂ ਐਲਾਨਿਆ ਗਿਆ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ, "ਅਸੀਂ 2024 ਲੋਕ ਸਭਾ ਚੋਣਾਂ ਇਕਜੁੱਟ ਹੋ ਕੇ ਲੜਾਂਗੇ ਤੇ ਅਸੀਂ ਵੱਡੀ ਸਫ਼ਲਤਾ ਪ੍ਰਾਪਤ ਕਰਾਂਗੇ।" ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵਿਚਾਲੇ ਤਾਲਮੇਲ ਲਈ 11 ਮੈਂਬਰੀ ਕਮੇਟੀ ਗਠਿਤ ਕੀਤੀ ਜਾਵੇਗੀ ਤੇ ਕਮੇਟੀ ਦੇ ਕਨਵੀਨਰ ਦੀ ਚੋਣ ਮੁੰਬਈ ਵਿੱਚ ਹੋਣ ਵਾਲੀ ਅਗਲੀ ਮੀਟਿੰਗ ਵਿਚ ਹੋਵੇਗੀ।



ਪੀਡੀਪੀ ਸੁਪਰੀਮੋ ਮਹਬੂਬਾ ਮੁਫ਼ਤੀ ਦਾ ਵਿਰੋਧੀ ਧਿਰਾਂ ਦੀ ਮੀਟਿੰਗ 'ਚ ਸਵਾਗਤ ਕਰਦੇ ਹੋਏ ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵਕੁਮਾਰ।

ਖੜਗੇ ਨੇ ਕਿਹਾ ਕਿ ਗੱਠਜੋੜ ਦੇ ਪ੍ਰਚਾਰ ਪ੍ਰਬੰਧਨ ਲਈ ਦਿੱਲੀ ਵਿੱਚ ਸਕੱਤਰੇਤ ਕਾਇਮ ਕੀਤਾ ਜਾਵੇਗਾ ਤੇ ਵੱਖਰੇ ਮੁੱਦਿਆਂ ਲਈ ਵਿਸ਼ੇਸ਼ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਮੁੰਬਈ ਮੀਟਿੰਗ ਲਈ ਤਰੀਕਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ। ਖੜਗੇ ਹਾਲਾਂਕਿ ਨਵੇਂ ਗੱਠਜੋੜ ਦੇ ਚਿਹਰੇ ਮੋਹਰੇ ਬਾਰੇ ਪੁੱਛੇ ਸਵਾਲ ਦੇ ਸਿੱਧੇ ਜਵਾਬ ਤੋਂ ਟਾਲਾ ਵਟ ਗਏ। ਹਾਲਾਂਕਿ ਵਿਰੋਧੀ ਧਿਰਾਂ ਦੀ ਬੈਠਕ ਦੌਰਾਨ ਆਪਣੇ ਸੰਬੋਧਨ ਦੀ ਸ਼ੁਰੂਆਤ ਵਿੱਚ ਉਨ੍ਹਾਂ ਕਿਹਾ ਸੀ ਕਿ ਕਾਂਗਰਸ ਦੀ ਸੱਤਾ ਜਾਂ ਪ੍ਰਧਾਨ ਮੰਤਰੀ ਦੇ ਅਹੁਦੇ ਵਿੱਚ ਦਿਲਚਸਪੀ ਨਹੀਂ ਹੈ।

ਕਾਂਗਰਸ ਪ੍ਰਧਾਨ ਨੇ ਕਿਹਾ, "ਇਸ ਬੈਠਕ ਵਿੱਚ ਸਾਡਾ ਇਰਾਦਾ ਆਪਣੇ ਲਈ ਸੱਤਾ ਹਾਸਲ ਕਰਨਾ ਨਹੀਂ ਹੈ। ਇਹ ਸਾਡੇ ਸੰਵਿਧਾਨ, ਜਮਹੂਰੀਅਤ, ਧਰਮਨਿਰਪੱਖਤਾ ਤੇ ਸਮਾਜਿਕ ਨਿਆਂ ਨੂੰ ਬਚਾਉਣ ਦੀ ਲੜਾਈ ਹੈ।" ਖੜਗੇ ਨੇ ਕਿਹਾ ਕਿ ਪਟਨਾ ਕਨਕਲੇਵ ਮਗਰੋਂ ਵਿਰੋਧੀ ਧਿਰਾਂ ਦੀ ਇਹ ਦੂਜੀ ਮੀਟਿੰਗ ਦੇਸ਼ ਦੇ ਲੋਕਾਂ ਦੇ ਹਿੱਤ ਵਿੱਚ ਜਮਹੂਰੀਅਤ ਤੇ ਸੰਵਿਧਾਨ ਨੂੰ ਬਚਾਉਣ ਲਈ ਬਹੁਤ ਅਹਿਮ ਸੀ। ਖੜਗੇ ਨੇ ਕਿਹਾ, "ਸਾਡੇ ਗੱਠਜੋੜ ਨੂੰ ਇੰਡੀਅਨ ਨੈਸ਼ਨਲ ਡਿਵੈੱਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦੇ ਨਾਂ ਨਾਲ ਸੱਦਿਆ ਜਾਵੇਗਾ।"

ਸੂਤਰਾਂ ਮੁਤਾਬਕ ਵਿਰੋਧੀ ਧਿਰ ਦੇ ਮੁਹਾਜ਼ ਦਾ ਇਹ ਨਾਮ ਤ੍ਰਿਣਮੂਲ ਕਾਂਗਰਸ ਸੁਪਰੀਮੋ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਸੁਝਾਇਆ ਗਿਆ ਤੇ ਟਰਮ 'ਇੰਡੀਆ' ਦੇ ਪੂਰੇ ਨਾਮ ਨੂੰ ਲੈ ਕੇ ਵਿਸਥਾਰਿਤ ਵਿਚਾਰ ਚਰਚਾ ਹੋਈ ਹੈ। ਖੜਗੇ ਨੇ ਕਿਹਾ ਕਿ 'ਸਾਡੇ ਵਿਚਾਲੇ ਕੁਝ ਵੱਖਰੇਵੇਂ ਹਨ, ਪਰ ਅਸੀਂ ਇਨ੍ਹਾਂ ਨੂੰ ਪਿੱਛੇ ਛੱਡ ਆਏ ਹਾਂਅਸੀਂ ਦੇਸ਼ ਹਿੱਤ ਵਿੱਚ ਇਕਜੁੱਟ ਹੋਏ ਹਾਂਅਸੀਂ 2024 ਲੋਕ ਸਭਾ ਚੋਣਾਂ ਮਿਲ ਕੇ ਲੜਾਂਗੇ।" ਖੜਗੇ ਨੇ ਮੋਦੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਹੁਣ ਉਨ੍ਹਾਂ ਪਾਰਟੀਆਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਦੂਜੀਆਂ ਪਾਰਟੀਆਂ 'ਚੋਂ ਨਿਕਲੀਆਂ ਹਨ ਤੇ ਇਹ ਦਰਸਾਉਂਦਾ ਹੈ ਕਿ "ਉਹ ਵਿਰੋਧੀ ਪਾਰਟੀਆਂ ਤੋਂ ਡਰਦੇ ਹਨ।"



ਵਿਰੋਧੀ ਧਿਰਾਂ ਦੀ ਮੀਟਿੰਗ 'ਚ ਪੁੱਜੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਘਵ ਚੱਢਾ ਦਾ ਸਵਾਗਤ ਕਰਦੇ ਹੋਏ ਕਰਨਾਟਕ ਦੇ ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ।

ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਸ਼ਰਦ ਪਵਾਰ ਸਣੇ ਹੋਰ ਕਈ ਆਗੂ ਮੌਜੂਦ ਸਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਆਰਜੇਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਹਾਲਾਂਕਿ ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਹੀ ਚਲੇ ਗਏ ਕਿਉਂਕਿ ਉਨ੍ਹਾਂ ਜਹਾਜ਼ ਦੀ ਉਡਾਣ ਫੜਨੀ ਸੀ। ਮੀਟਿੰਗ ਵਿੱਚ ਸ਼ਾਮਲ 26 ਵਿਰੋਧੀ ਪਾਰਟੀਆਂ ਵਿੱਚ ਕਾਂਗਰਸ, ਟੀਐੱਮਸੀ, ਡੀਐੱਮਕੇ, 'ਆਪ', ਜੇਡੀਯੂ, ਆਰਜੇਡੀ, ਜੇਐੱਮਐੱਮ, ਐੱਨਸੀਪੀ (ਸ਼ਰਦ ਪਵਾਰ), ਸ਼ਿਵ ਸੈਨਾ (ਯੂਬੀਟੀ), ਸਪਾ, ਨੈਸ਼ਨਲ ਕਾਨਫਰੰਸ, ਪੀਡੀਪੀ, ਸੀਪੀਐੱਮ, ਸੀਪੀਆਈ, ਆਰਐੱਲਡੀ, ਐੱਮਡੀਐੱਮਕੇ, ਕੇਐੱਮਡੀਕੇ, ਵੀਸੀਕੇ, ਆਰਐੱਸਪੀ, ਸੀਪੀਆਈ-ਐੱਮਐੱਲ(ਲਬਿਰੇਸ਼ਨ), ਫਾਰਵਰਡ ਬਲਾਕ, ਆਈਯੂਐੱਮਐੱਲ, ਕੇਰਲਾ ਕਾਂਗਰਸ (ਜੋਸੇਫ), ਕੇਰਲਾ ਕਾਂਗਰਸ (ਮਣੀ), ਅਪਨਾ ਦਲ (ਕਾਮੇਰਾਵਾੜੀ) ਤੇ ਐੱਮਐੱਮਕੇ ਹਨ। ਇਨ੍ਹਾਂ 26 ਪਾਰਟੀਆਂ ਦੀਆਂ ਲੋਕ ਸਭਾ ਵਿੱਚ ਲਗਪਗ 150 ਸੀਟਾਂ ਹਨ। ਮੀਟਿੰਗ ਵਿੱਚ ਕਾਂਗਰਸ ਆਗੂ ਸੋਨੀਆ ਗਾਂਧੀ, ਤਾਮਿਲ ਨਾਡੂ ਤੇ ਝਾਰਖੰਡ ਦੇ ਮੁੱਖ ਮੰਤਰੀ, ਯੂਪੀ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਅਤੇ ਕਈ ਪਾਰਟੀਆਂ ਦੇ ਆਗੂ ਹਾਜ਼ਰ ਸਨ।

# ਰਾਜਸਥਾਨ 'ਚ ਪਰਿਵਾਰ ਦੇ 4 ਜੀਆਂ ਦਾ ਕਤਲ ਕਰਕੇ ਲਾਸ਼ਾਂ ਘਰ 'ਚ ਸਾੜੀਆਂ



ਜੋਧਪੁਰ : ਜੋਧਪੁਰ ਜ਼ਿਲ੍ਹੇ ਵਿੱਚ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀਆਂ ਸੜੀਆਂ ਹੋਈਆਂ ਲਾਸ਼ਾਂ ਉਨ੍ਹਾਂ ਦੇ ਘਰ ਵਿੱਚੋਂ ਮਿਲੀਆਂ। ਪੁਲੀਸ ਨੇ ਦੱਸਿਆ ਕਿ ਇਹ ਘਟਨਾ ਜੋਧਪੁਰ ਦੇ ਓਸੀਆਂ ਇਲਾਕੇ ਦੇ ਚੌਰਾਈ ਪਿੰਡ ਦੀ ਹੈ। ਜੋਧਪੁਰ ਦੇ ਐੱਸਪੀ ਧਰਮਿੰਦਰ ਸਿੰਘ ਨੇ ਕਿਹਾ ਕਿ ਪਹਿਲੀ ਨਜ਼ਰ 'ਚ ਇਹ ਜਾਪਦਾ ਹੈ ਕਿ ਇਨ੍ਹਾਂ ਲੋਕਾਂ ਦਾ ਕਤਲ ਕੀਤਾ ਗਿਆ ਸੀ ਅਤੇ ਫਿਰ ਉਨ੍ਹਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ ਸੀ। ਇਹ ਬਦਲੇ ਦੀ ਕਾਰਵਾਈ ਜਾਪਦੀ ਹੈ।

# ਕਾਂਗਰਸੀ ਆਗੂ ਅਸ਼ਵਨੀ ਸੇਖੜੀ ਭਾਜਪਾ ਵਿਚ ਸ਼ਾਮਲ

## *ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੋਂ ਦੁਖੀ ਹੋ ਕੇ ਪਾਰਟੀ ਛੱਡੀ: ਸੇਖੜੀ*

ਬਟਾਲਾ : ਸੱਤ ਦਹਾਕਿਆਂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਸੇਖੜੀ ਪਰਿਵਾਰ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਸ਼ਵਨੀ ਸੇਖੜੀ, ਉਨ੍ਹਾਂ ਦੀ ਪਤਨੀ ਤੇ ਪੁੱਤਰਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਜ਼ਿਕਰਯੋਗ ਹੈ ਕਿ ਅਸ਼ਵਨੀ ਸੇਖੜੀ ਬਟਾਲਾ ਤੋਂ ਤਿੰਨ ਵਾਰ ਵਿਧਾਇਕ ਰਹੇ ਹਨ, ਜਦਕਿ ਉਨ੍ਹਾਂ ਦੇ ਪਿਤਾ ਮਰਹੂਮ ਵਿਸ਼ਵਾਮਿੱਤਰ ਸੇਖੜੀ ਦੋ ਵਾਰ ਵਿਧਾਇਕ ਬਣੇ ਸਨ।



ਗੱਲਬਾਤ ਕਰਦਿਆਂ ਸ੍ਰੀ ਸੇਖੜੀ ਨੇ ਕਿਹਾ ਕਿ ਉਨ੍ਹਾਂ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੋਂ ਦੁਖੀ ਹੋ ਕੇ ਉਸ ਪਾਰਟੀ ਨੂੰ ਛੱਡਿਆ ਹੈ, ਜਿਸ ਨਾਲ ਉਨ੍ਹਾਂ ਦੇ ਪਰਿਵਾਰ ਦਾ ਸੱਤ ਦਹਾਕਿਆਂ ਦਾ ਰਿਸ਼ਤਾ ਹੈ। ਸੇਖੜੀ ਨੇ ਦੋਸ਼ ਲਾਇਆ ਕਿ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਕੰਮ ਨਹੀਂ ਕਰਨ ਦਿੰਦੇ ਤੇ ਹਰ ਕੰਮ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ 'ਤੇ ਹਲਕਾ ਵਾਸੀਆਂ ਨਾਲ ਸੰਪਰਕ ਤੋੜਨ ਦੇ ਦੋਸ਼ ਲੱਗ ਰਹੇ ਹਨ, ਜਦਕਿ ਉਕਤ ਪਾਰਟੀ ਆਗੂ ਨੇ ਉਨ੍ਹਾਂ ਨੂੰ ਕਦੇ ਆਪਣਾ ਕੰਮ ਨਹੀਂ ਕਰਨ ਦਿੱਤਾ। ਉਨ੍ਹਾਂ ਕਿਹਾ ਕਿ ਹਲਕਾ ਵਾਸੀਆਂ ਨਾਲ ਉਨ੍ਹਾਂ ਦਾ ਸੰਪਰਕ ਦਿਨੋ-ਦਿਨ ਘਟਾਇਆ ਗਿਆ ਹੈ। ਸੇਖੜੀ ਨੇ ਕਿਹਾ ਕਿ ਉਹ ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਦੀ ਸੀਟ ਲਈ ਨਹੀਂ ਸਗੋਂ ਲੋਕ ਸੇਵਾ ਲਈ ਭਾਜਪਾ ਵਿੱਚ ਸ਼ਾਮਲ ਹੋਏ ਹਨ।

# ਨਰੜੂ ਪਿੰਡ ਦੇ ਗੁਰੂ ਘਰ ਵਿੱਚ ਵਾਪਰੀ ਘਟਨਾ ਸ਼ਰਮਨਾਕ ਨਿੰਦਣਯੋਗ: ਬਾਬਾ ਬਲਬੀਰ ਸਿੰਘ



ਫਤਹਿਗੜ੍ਹ ਸਾਹਿਬ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਨਰੜੂ ਦੇ ਗੁਰਦੁਆਰਾ ਸਾਹਿਬ ਵਿੱਚ ਇੱਕ ਮਤਹੀਨਾ ਸ਼ਰਾਰਤੀ ਅਨਸਰ ਵੱਲੋਂ ਸਭ ਹੱਦਾਂ ਬੰਨੇ ਟੱਪ ਕੇ ਪਾਲਕੀ ਵਿੱਚ ਬੈਠ ਜਾਣ ਨਾਲ ਮਰਯਾਦਾ ਭੰਗ ਹੋਈ ਹੈ। ਬਹੁਤ ਹੀ ਦੁਖਦਾਈ ਨਿੰਦਣਯੋਗ ਅਤੇ ਨਸਹਿਣਯੋਗ ਘਟਨਾ ਹੈ।

ਉਨ੍ਹਾਂ ਕਿਹਾ ਕਿ ਇਕ ਪਾਸੇ ਹੜ੍ਹਾਂ ਦੀ ਮਾਰ ਪੈ ਰਹੀ ਹੈ ਅਤੇ ਗੁਰਦੁਆਰਾ ਸਾਹਿਬਾਨ ਗੁਰੂ ਮਹਾਰਾਜ ਦੇ ਸਰੂਪ ਸੁਰੱਖਿਅਤ ਅਸਥਾਨਾਂ ਤੇ ਪਹੁੰਚਾਏ ਜਾ ਰਹੇ ਹਨ ਦੂਜੇ ਪਾਸੇ ਅਜਿਹੇ ਸਿਰ ਫਿਰੇ ਲੋਕ ਮਰਯਾਦਾ ਭੰਗ ਕਰਨ ਅਤੇ ਸਿੱਖ ਹਿਰਦਿਆਂ ਨੂੰ ਵੰਲੂਧਰਣ ਵਾਲੀਆਂ ਕੋਝੀਆਂ ਹਰਕਤਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਰੂੜ ਪਿੰਡ ਦੇ ਦੋਸ਼ੀ ਨੇ ਸ਼ਰਮਨਾਕ ਕਾਰਾ ਕੀਤਾ ਹੈ। ਉਨ੍ਹਾਂ ਸਾਰੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਆਪਣੀ ਜ਼ੁੰਮੇਵਾਰੀ ਸਮਝਦਿਆਂ ਸੁਚੇਤ ਹੋਣ ਦੀ ਲੋੜ ਤੇ ਜ਼ੋਰ ਦਿੱਤਾ ਹੈ ਉਨ੍ਹਾਂ ਕਿਹਾ ਇਸ ਦੋਸ਼ੀ ਨੂੰ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ।

# ਗੁਰੂ ਨਾਨਕ ਸਾਹਿਬ ਨਾਲ ਸਬੰਧਤ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਮੁੜ ਉਸਾਰੀ ਜਾਵੇ : ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ : ਹਰ ਦੇਸ਼ ਅੰਦਰ ਵਸਦੀਆਂ ਘੱਟ ਗਿਣਤੀਆਂ ਦੇ ਜਾਨਮਾਲ ਦੀ ਰਾਖੀ ਕਰਨਾ ਸਰਕਾਰਾਂ ਦਾ ਧਰਮ ਹੈ। ਭਾਰਤ-ਪਾਕਿ ਸਰਹੱਦ ਦੇ ਨਜ਼ਦੀਕ ਲਾਹੌਰ ਪਾਕਿਸਤਾਨ ਦੇ ਪਿੰਡ ਝਾਮਨ ਵਿੱਚ ਸਿੱਖਾਂ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਵੱਡੀ ਪੱਧਰ ਤੇ ਨੁਕਸਾਨੀ ਗਈ ਹੈ। ਭਾਰੀ ਮੀਂਹ ਕਾਰਨ ਖਸਤਾ ਹੋਈ ਇਮਾਰਤ ਦਾ ਵੱਡਾ ਹਿੱਸਾ ਢਹਿ ਗਿਆ ਹੈ। ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਮੁਖ ਸੰਸਥਾ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸ਼ ?ਰੋਮਣੀ ਸੇਵਾ ਰਤਨ, ਸ੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਾਕਿਸਤਾਨ ਗੁ: ਪ੍ਰ: ਕਮੇਟੀ ਅਤੇ ਵਕਫ ਬੋਰਡ ਨੂੰ ਅਪੀਲ ਕੀਤੀ ਹੈ ਇਸ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਸਾਂਭ ਸੰਭਾਲ ਲਈ ਪਹਿਲ ਕਦਮੀ ਕੀਤੀ ਜਾਵੇ ਅਤੇ ਕਿਸੇ ਯੋਗ ਮਹਾਂਪੁਰਸ਼ ਨੂੰ ਕਾਰ ਸੇਵਾ ਦੇ ਕੇ ਇਸ ਇਮਾਰਤ ਨੂੰ ਮੁੜ ਪਹਿਲੀ ਸ਼ਕਲ ਵਿੱਚ ਸਥਾਪਤ ਕੀਤਾ ਜਾਵੇ।

ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਦੇਸ ਵੰਡ ਵੇਲੇ ਵੱਡੀ ਪੱਧਰ ਤੇ ਇਤਿਹਾਸਕ ਗੁਰੂ ਘਰ ਪਾਕਿਸਤਾਨ ਵਿਚ ਰਹਿ ਗਏ ਸਨ। ਉਨ੍ਹਾਂ ਦੀ ਸੇਵਾ ਸੰਭਾਲ ਪਾਕਿਸਤਾਨ ਵੱਲੋਂ ਬਨਾਈ ਗੁ:ਪ੍ਰ: ਕਮੇਟੀ ਤੇ ਵਕਫ ਬੋਰਡ ਵੱਲੋਂ ਕੀਤੀ ਜਾ ਰਹੀ ਹੈ। ਪਹਿਲਾਂ ਵੀ ਬਹੁਤ ਸਾਰੇ ਗੁਰਦੁਆਰਿਆਂ ਦੀਆਂ ਇਮਾਰਤਾਂ ਕਾਰ ਸੇਵਾ ਰਾਹੀਂ ਬਨਾਈਆਂ ਗਈਆਂ ਹਨ, ਇਸ ਪਾਵਨ ਅਸਥਾਨ ਨੂੰ ਵੀ ਮੁੜ ਸੰਭਾਲਿਆਂ ਤੇ ਉਸਾਰਿਆਂ ਜਾਣਾ ਚਾਹੀਦਾ ਹੈ।

# ਹਰਿਆਣਾ ਗੁ: ਪ੍ਰ: ਕਮੇਟੀ ਦੇ ਸ. ਜਸਵਿੰਦਰ ਸਿੰਘ ਦੀਨਪੁਰ ਮੁੱਖ ਸਕੱਤਰ ਨਿਯੁਕਤ ਸਭ ਪਾਸਿਓਂ ਮਿਲੀਆਂ ਵਧਾਈਆਂ



ਅੰਮ੍ਰਿਤਸਰ : ਹਰਿਆਣਾ ਪ੍ਰਾਂਤ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਸ਼੍ਰੋਮਣੀ ਕਮੇਟੀ ਤੋਂ ਅਲੱਗ ਹੋ ਕੇ ਹੋਂਦ ਵਿਚ ਆਈ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਧਾਨ ਸੰਤ ਕਰਮਜੀਤ ਸਿੰਘ ਯਮਨਾਨਗਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਮੈਨੇਜਰ ਸ. ਜਸਵਿੰਦਰ ਸਿੰਘ ਦੀਨਪੁਰ ਨੂੰ ਬਤੌਰ ਮੁੱਖ ਸਕੱਤਰ ਨਿਯੁਕਤ ਕੀਤਾ ਹੈ। ਰਸਮੀ ਤੌਰ ਤੇ ਸ. ਦੀਨਪੁਰ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਸਮੇਂ ਮਹੰਤ ਕਰਮਜੀਤ ਸਿੰਘ ਪ੍ਰਧਾਨ ਹਰਿਆਣਾ ਗੁ:ਪ੍ਰ: ਕਮੇਟੀ ਅਤੇ ਸੀਨੀਅਰ ਆਗੂ ਸ. ਭੁਪਿੰਦਰ ਸਿੰਘ ਅਸੰਧ ਨੇ ਸ. ਦੀਨਪੁਰ ਨੂੰ ਸਿਰਪਾਓ ਬਖਸ਼ਿਸ਼ ਕਰਕੇ ਮੁੱਖ ਸਕੱਤਰ ਦੀ ਕੁਰਸੀਪੱਦ ਤੇ ਬਿਠਾਇਆ ਤੇ ਲੱਡੂਆਂ ਨਾਲ ਉਸ ਦਾ ਮੂੰਹ ਮਿੱਠਾ ਕਰਵਾਇਆ। ਯਾਦ ਰਹੇ ਸ. ਦੀਨਪੁਰ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਸਾਹਿਬ ਬੋਰਡ ਦੇ ਵੀ ਬਤੌਰ ਸੁਪਰਡੈਂਟ ਦੀ ਸੇਵਾ ਨਿਭਾ ਚੁੱਕੇ ਹਨ। ਬੁੱਢਾ ਦਲ ਛਾਉਣੀ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਜੀ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਸਮੇਂ ਉਹ ਸਹਿਯੋਗੀ ਰਹੇ ਹਨ। ਮੁੱਖ ਸਕੱਤਰ ਦਾ ਪੱਦ ਸੰਭਾਲਣ ਮੌਕੇ ਸ. ਦੀਨਪੁਰ ਨੇ ਕਿਹਾ ਕਿ ਮੈਂ ਪ੍ਰਧਾਨ ਸੰਤ ਕਰਮਜੀਤ ਸਿੰਘ, ਸ. ਭੁਪਿੰਦਰ ਸਿੰਘ ਅਸੰਧ ਤੇ ਬਾਕੀ ਸਾਰੇ ਮੈਂਬਰ ਸਾਹਿਬਾਨ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਤੇ ਭਰੋਸਾ ਪ੍ਰਗਟ ਕਰਦਿਆਂ ਮੈਨੂੰ ਇਹ ਜ਼ੁੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਮੈਂ ਪੂਰੀ ਇਮਾਨਦਾਰੀ ਤਨਦੇਹੀ ਤੇ ਮੈਂਬਰਾਂ, ਮੁਲਾਜਮਾਂ ਦੇ ਸਹਿਯੋਗ ਨਾਲ ਪ੍ਰਬੰਧ ਨੂੰ ਸੁਚਾਰੂ ਲੀਹਾਂ ਨਾਲ ਚਲਾਉਣ ਦਾ ਭਰੋਸਾ ਦੇਂਦਾ ਹਾਂ। ਇਸ ਮੌਕੇ ਸ. ਦੀਨਪੁਰ ਨੂੰ ਸ. ਦਿਲਜੀਤ ਸਿੰਘ ਬੇਦੀ ਸਾਬਕਾ ਸਕੱਤਰ ਸ਼ ?ਰੋਮਣੀ ਕਮੇਟੀ, ਸ. ਜਗਜੀਤ ਸਿੰਘ ਜੱਗੀ, ਸ. ਜਸਵਿੰਦਰ ਸਿੰਘ ਦੀਪ, ਸ. ਪਰਮਜੀਤ ਸਿੰਘ ਬਾਜਵਾ, ਬਾਬਾ ਭਗਤ ਸਿੰਘ, ਪ੍ਰਿੰ: ਇੰਦਰਪਾਲ ਸਿੰਘ, ਸ. ਸਵਿੰਦਰ ਸਿੰਘ ਦੋਬਲੀਆਂ ਆਦਿ ਨੇ ਵਧਾਈ ਦਿਤੀ ਹੈ।

# ਬਾਬਾ ਬਲਬੀਰ ਸਿੰਘ ਦੇ ਅਦੇਸ਼ਾਂ ਅਨੁਸਾਰ ਬੁੱਢਾ ਦਲ ਦੇ ਸਿੰਘਾਂ ਨੇ ਪਾਣੀ 'ਚ ਡੁੱਬੇ ਲੋਕਾਂ ਤੀਕ ਲੰਗਰ ਪਹੁੰਚਾਉਣ ਦੀ ਕੀਤੀ ਸੇਵਾ



ਪਟਿਆਲਾ : ਨਿਹੰਗ ਸਿੰਘਾਂ ਦੀ ਮੁਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਤੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਵੱਲੋਂ ਹੜ੍ਹ ਦੇ ਪਾਣੀ ਵਿੱਚ ਘਿਰੀਆਂ ਕਲੋਨੀਆਂ ਵਿੱਚ ਗੁਰੂ ਕਾ ਲੰਗਰ ਤਿਆਰ ਕਰ ਕੇ ਵਾਹਿਗੁਰੂ ਦਾ ਜਾਪ ਕਰਦਿਆਂ ਘਰੋ ਘਰੀ ਪਹੁੰਚਾਉਣ ਦੀ ਸੇਵਾ ਕੀਤੀ ਹੈ।

ਪਟਿਆਲਾ ਸ਼ਹਿਰ ਦੀਆਂ ਜੋ ਕਲੋਨੀਆਂ ਭਾਰੀ ਮੀਂਹ ਤੇ ਹੜ੍ਹਾਂ ਦੀ ਮਾਰ ਵਿੱਚ ਹਨ, ਜੋ ਲੋਕ ਘਰਾਂ ਤੋਂ ਬਾਹਰ ਨਹੀਂ ਨਿਕਲ ਸਕਦੇ ਤੇ ਉਨ੍ਹਾਂ ਦੇ ਘਰਾਂ ਵਿੱਚ ਲੰਗਰ, ਪਾਣੀ ਵੀ ਤਿਆਰ ਨਾ ਹੋ ਸਕਣ ਦੀ ਸੂਰਤ ਵਿੱਚ ਫਰੈਂਡਸ ਕਲੋਨੀ, ਗੋਬਿੰਦ ਬਾਗ਼, ਬਾਬਾ ਦੀਪ ਸਿੰਘ ਕਲੋਨੀ, ਰਿਸ਼ੀ ਕਲੋਨੀ, ਚੋਰਾ ਰੋਡ, ਹੀਰਾ ਬਾਗ਼ ਆਦਿ ਦੇ ਸਥਾਨਾਂ ਤੇ ਬੁੱਢਾ ਦਲ ਦੇ ਸਿੰਘਾਂ ਅਤੇ ਰਣਜੀਤ ਅਖਾੜਾ ਬੁੱਢਾ ਦਲ ਵਿਦਿਆਲਾ ਦੇ ਵਿਦਿਆਰਥੀਆਂ ਨੇ ਤਨਦੇਹੀ ਨਾਲ ਲੰਗਰ ਵਰਤਾਉਣ ਤੇ ਪਹੁੰਚਾਉਣ ਦੀ ਸੇਵਾ ਨਿਭਾਈ ਹੈ। ਗੁ: ਬਾਬਾ ਬੰਬਾ ਸਿੰਘ ਜੀ ਬਗੀਚੀ ਵਿਖੇ ਬੁੱਢਾ ਦਲ ਵੱਲੋਂ ਲੰਗਰ ਫੁਲਕੇ ਤੇ ਸਬਜ਼ੀਆਂ ਤਿਆਰ ਕੀਤੀਆਂ ਗਈਆਂ ਪੀਣ ਵਾਸਤੇ ਪਾਣੀ ਦਾ ਪ੍ਰਬੰਧ ਕਰਕੇ, ਬਾਬਾ ਰੇਸ਼ਮ ਸਿੰਘ ਮੁਖ ਗ੍ਰੰਥੀ ਗੁ: ਬਾਬਾ ਬੰਬਾ ਸਿੰਘ ਜੀ ਬਗੀਚੀ ਸਾਹਿਬ ਸਮੂਹਿਕ ਵੱਲੋਂ ਅਰਦਾਸ ਕਰਨ ਉਪਰੰਤ ਟਰੈਕਟਰ ਟਰਾਲੀਆਂ ਤੇ ਜੀਪਾਂ ਵਿੱਚ ਘਰ-ਘਰ ਜਾ ਕੇ ਸਿੰਘਾਂ ਨੇ ਬਿਨ੍ਹਾਂ ਕਿਸੇ ਭਿੰਨ ਭੇਦ ਦੇ ਲੋੜਵੰਦਾਂ ਨੂੰ ਲੰਗਰ ਪਹੁੰਚਾਉਣ ਵਿੱਚ ਮਦਦ ਕੀਤੀ ਅਤੇ ਨਾਲ ਪਾਣੀ ਦੀਆਂ ਬੋਤਲਾਂ ਕੱਪ ਵੀ ਸੰਗਤਾਂ ਵਿੱਚ ਵੰਡੇ ਗਏ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਬੁੱਢਾ ਦਲ ਹੜ੍ਹ ਪ੍ਰਭਾਵਤ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਾ ਹੈ ਹਰ ਸੰਭਵ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਲਈ ਰਾਹਤ ਕੇਂਦਰ ਬਨਾਏ ਗਏ ਹਨ ਅਤੇ ਬੁੱਢਾ ਦਲ ਦੇ ਸਾਰੇ ਗੁਰੂ ਘਰ ਹੜ੍ਹ ਪ੍ਰਭਾਵਿਤ ਲੋਕਾਂ ਲਈ ਖੁੱਲੇ ਹਨ। ਇਸ ਸੇਵਾ ਦੇ ਕੁੰਭ ਵਿੱਚ ਬਾਬਾ ਰਣਜੋਧ ਸਿੰਘ, ਬਾਬਾ ਦਰਸ਼ਨ ਸਿੰਘ ਗੱਤਕਾ ਮਾਸਟਰ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਬਹਾਦਰ ਸਿੰਘ, ਭਾਈ ਦੀਪ ਸਿੰਘ, ਬਾਬਾ ਦਰਬਾਰਾ ਸਿੰਘ ਭੁੱਲਰ, ਬਾਬਾ ਕੁਲਦੀਪ ਸਿੰਘ, ਬਾਬਾ ਰਮੇਸ਼ ਸਿੰਘ, ਬਾਬਾ ਬਲਵਿੰਦਰ ਸਿੰਘ ਬਿੱਟੂ, ਬਾਬਾ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# ਬੁੱਢਾ ਦਲ ਦੀਆਂ ਫੌਜਾਂ ਨੇ ਹੜ੍ਹਾਂ ਨਾਲ ਪ੍ਰਭਾਵਤ ਲੋਕਾਂ ਨੂੰ ਰਾਸ਼ਨ ਵੰਡਣ ਦੀ ਪਹਿਲ ਕਦਮੀ ਕੀਤੀ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ



ਪਟਿਆਲਾ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਇਕ ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿਤੀ ਹੈ ਹਰਿਆਣਾ ਪ੍ਰਾਂਤ ਨਾਲ ਲਗਦੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਬੁੱਧਮੁਰ, ਬੀਪਪੁਰ, ਦੇਵੀਗੜ੍ਹ, ਜੋਧਪੁਰ, ਹਰੀਗੜ੍ਹ, ਦੇਵਕੀ, ਕੜਾਮ, ਰੁੜਕੀ, ਮੁਧਪੁਰ, ਵੱਡੀ ਪੱਧਰ ਤੇ ਪਾਣੀ ਦੀ ਮਾਰ ਹੇਠ ਹਨ। ਇਨ੍ਹਾਂ ਪਿੰਡਾਂ ਨੂੰ ਰਾਹਤ ਪਹੁੰਚਾਉਣ ਵਿਚ ਬੁੱਢਾ ਦਲ ਨੇ ਪਹਿਲ ਕਦਮੀ ਕੀਤੀ ਹੈ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਲਾਡਲੀਆਂ ਨਿਹੰਗ ਸਿੰਘ ਫੌਜਾਂ ਦੀਆਂ ਟੀਮਾਂ ਬਣਾ ਕੇ ਇਨ੍ਹਾਂ ਪਿੰਡਾਂ ਵਿਚ ਲੰਗਰ ਪਾਣੀ, ਦਵਾਈਆਂ, ਸੁੱਕਾ ਰਾਸ਼ਨ, ਦੁੱਧ, ਘਰੋ ਘਰੀ ਪਹੁੰਚਾਉਣ ਲਈ ਲਾਈਆਂ ਹੋਈਆਂ ਹਨ। ਗੁ: ਬਾਬਾ ਬੰਬਾ ਸਿੰਘ ਬਗੀਚੀ ਵਿਖੇ ਵੱਡੀ ਪੱਧਰ ਤੇ ਬੀਬੀਆਂ, ਸਿੰਘਾਂ, ਸੇਵਾਦਾਰਾਂ ਵੱਲੋਂ ਸਬਜ਼ੀਆਂ ਲੰਗਰ, ਪਾਣੀ, ਦੁੱਧ, ਦਵਾਈਆਂ, ਬਿਸਕੁਟ, ਬਰੈਡ ਆਦਿ ਦੇ ਪੈਕਟ ਬਣਾ ਕੇ ਲੋੜਵੰਦਾਂ ਤੀਕ ਪੁਜਦਾ ਕੀਤਾ ਜਾ ਰਿਹਾ ਹੈ। ਪ੍ਰੈਸ ਬਿਆਨ ਅਨੁਸਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਭਾਵੇਂ ਇਹ ਪਿੰਡ ਪਟਿਆਲੇ ਸ਼ਹਿਰ ਤੋਂ ਹਟਕੇ ਹਨ ਪਰ ਫਿਰ ਵੀ ਨਿਹੰਗ ਸਿੰਘ ਫੌਜਾਂ ਪੂਰੇ ਉਤਸ਼ਾਹ ਪਿਆਰ ਸਤਿਕਾਰ ਨਾਲ ਪਾਣੀ ਵਿੱਚੋਂ ਲੰਘ ਕੇ ਲੋੜਵੰਦਾਂ ਤੀਕ ਲੋੜੀਂਦਾ ਸਮਾਨ ਬੁੱਢਾ ਦਲ ਵੱਲੋਂ ਪਹੁੰਚਾ ਰਹੇ ਹਨ, ਉਨ੍ਹਾਂ ਦਸਿਆ ਕਿ ਜਿਸ ਦਿਨ ਤੋਂ ਹੜ੍ਹ ਆਏ ਹਨ ਉਸ ਦਿਨ ਤੋਂ ਹੀ ਸੇਵਾ ਅਰੰਭ ਹੈ ਤੇ ਜਿਨ੍ਹਾਂ ਚਿਰ ਲੋਕ ਆਪਣੇ ਘਰਾਂ ਵਿੱਚ ਸੈਟ ਨਹੀਂ ਹੋ ਜਾਂਦੇ ਬੁੱਢਾ ਦਲ ਵੱਲੋਂ ਸੇਵਾ ਚਲਦੀ ਰਹੇਗੀ। ਯਾਦ ਰਹੇ ਹਰ ਕੁਦਰਤੀ ਆਫਤ ਸਮੇਂ ਬੁੱਢਾ ਦਲ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਮੂਹਰੇ ਹੋ ਕੇ ਸੇਵਾ ਨਿਭਾਈ ਜਾਂਦੀ ਹੈ ਤੇ ਹੁਣ ਵੀ ਨਿਭਾਈ ਜਾ ਰਹੀ ਹੈ।

ਉਨ੍ਹਾਂ ਨਾਲ ਹੀ ਕਿਹਾ ਸਮਾਣਾ ਨਵਾਂਗਾਓ ਖੇਤਰ ਦੇ ਪਿੰਡ ਸੱਪਰਹੇੜੀ, ਛੰਨਾ, ਘਿਉਰਾ, ਦਾਬਾ ਆਦਿ ਨੂੰ ਲੰਗਰ ਤੇ ਲੋੜੀਦੀਆਂ ਵਸਤਾਂ ਪਹੁੰਚਾਉਣ ਲਈ ਗੁਰਦੁਆਰਾ ਥੜਾ ਸਾਹਿਬ ਪਾਤਸ਼ਾਹੀ ਨੌਵੀਂ ਸਮਾਣਾ ਛਾਉਣੀ ਬੁੱਢਾ ਦਲ ਨੂੰ ਕੇਂਦਰ ਬਣਾਇਆ ਗਿਆ ਅਤੇ ਬਾਬਾ ਵਿਸ਼ਵਪ੍ਰਤਾਪ ਸਿੰਘ ਦੀ ਅਗਵਾਈ ਵਿਚ ਸਿੰਘਾਂ ਵੱਲੋਂ ਪ੍ਰਸਾਦੇ, ਸਬਜ਼ੀਆਂ ਦਾ ਲੰਗਰ ਤਿਆਰ ਕੀਤਾ ਗਿਆ ਅਤੇ ਨਿਹੰਗ ਸਿੰਘਾਂ ਨੇ ਪਾਣੀ ਵਿਚੋਂ ਦੀ ਲੰਘ ਕੇ ਫਸੇ ਲੋਕਾਂ ਦੇ ਘਰਾਂ ਤੀਕ ਲੰਗਰ, ਦੁੱਧ, ਸੁਕਾ ਰਾਸ਼ਨ ਪਹੁੰਚਾਇਆ ਅਤੇ ਲੋੜੀਦੀਂ ਦਵਾਈਆਂ ਵੀ ਤਕਸੀਮ ਕੀਤੀਆਂ। ਉਨ੍ਹਾਂ ਦਸਿਆ ਕਿ ਬੁੱਢਾ ਦਲ ਵੱਲੋਂ ਰੋਜ਼ਾਨਾ 10 ਤੋਂ 15 ਹਜ਼ਾਰ ਲੋਕਾਂ ਤੀਕ ਵੱਖ-ਵੱਖ ਛਾਉਣੀਆਂ ਵਿੱਚ ਰਾਸ਼ਨ ਵੰਡਿਆ ਜਾ ਰਿਹਾ ਹੈ। ਬੁੱਢਾ ਦਲ ਦੇ ਸਕੱਤਰ ਨੇ ਕਿਹਾ ਲੋਕਾਂ ਵਿੱਚ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੇ ਇਨ੍ਹਾਂ ਰਾਹਤ ਕਾਰਜਾਂ ਦੀ ਪ੍ਰਸ਼ੰਸਾਂ ਕੀਤੀ ਜਾ ਰਹੀ ਹੈ। ਇਸ ਬਾਬਾ ਰਣਜੋਧ ਸਿਮਘ, ਬਾਬਾ ਦਰਸ਼ਨ ਸਿੰਘ ਗਤਕਾ ਮਾਸਟਰ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਬਹਾਦਰ ਸਿੰਘ , ਬਾਬਾ ਬਲਵਿੰਦਰ ਸਿੰਘ ਬਿੱਟੂ, ਭਾਈ ਦੀਪ ਸਿੰਘ, ਬਾਬਾ ਦਰਬਾਰਾ ਸਿੰਘ ਭੁੱਲਰ, ਬਾਬਾ ਕੁਲਦੀਪ ਸਿੰਘ, ਬਾਬਾ ਰੇਸ਼ਮ ਸਿੰਘ, ਬਾਬਾ ਕੁਲਦੀਪ ਸਿੰਘ, ਹੈਡਗੰਥੀ ਜਗਨਜੋਤ ਸਿੰਘ , ਐਡਵੋਕੇਟ ਰਵਿੰਦਰ ਸਿੰਘ ਰਵੀ, ਭਾਈ ਪ੍ਰਕਾਸ਼ ਸਿੰਘ, ਭਾਈ ਹਰੀ ਸਿੰਘ, ਭਾਈ ਕਾਸ਼ੀ ਸਿੰਘ, ਭਾਈ ਪ੍ਰਿਤਪਾਲ ਸਿੰਘ ਸੰਧੂ, ਭਾਈ ਲੱਖਾ ਸਿੰਘ ਆਦਿ ਹਾਜ਼ਰ ਸਨ।

# ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਮਿਲ ਕੇ ਖੁਸ਼ੀ ਹੋਈ : ਡਾ. ਐਸ. ਜੈਸ਼ੰਕਰ



ਨਵੀਂ ਦਿੱਲੀ : ਵਿਦੇਸ਼ ਮੰਤਰੀ ਡਾ.ਐਸ. ਜੈਸ਼ੰਕਰ ਨੇ ਟਵੀਟ ਕੀਤਾ ਕਿ ਉਨ੍ਹਾਂ ਦੀ ਭਾਰਤ ਫੇਰੀ ਦੌਰਾਨ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਮਿਲ ਕੇ ਖੁਸ਼ੀ ਹੋਈ । ਭਾਰਤ ਦੀ ਜੀ-20 ਪ੍ਰਧਾਨਗੀ ਲਈ ਵਿਸ਼ਵ ਬੈਂਕ ਦੇ ਸਮਰਥਨ ਦੀ ਸ਼ਲਾਘਾ ਕੀਤੀ । ਖੇਤਰੀ ਸੰਪਰਕ ਨੂੰ ਮਜ਼ਬੂਤ ਕਰਨ, ਖੇਤਰੀ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਅਤੇ ਵੱਡੇ ਵਿਕਾਸ ਨੂੰ ਅੱਗੇ ਵਧਾਉਣ ਲਈ ਭਾਰਤ ਦੇ ਯਤਨਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ।

# ਮਨੀਪੁਰ 'ਚ 2 ਔਰਤਾਂ ਦਾ ਕੈਮਰੇ ਸਾਹਮਣੇ ਸਮੂਹਿਕ ਬਲਾਤਕਾਰ




ਇੰਫਾਲ: ਮਨੀਪੁਰ ਵਿੱਚ ਪੁਰਸ਼ਾਂ ਦੇ ਇੱਕ ਸਮੂਹ ਦੁਆਰਾ ਦੋ ਔਰਤਾਂ ਦੀ ਸੜਕ 'ਤੇ ਨਗਨ ਪਰੇਡ ਕੀਤੇ ਜਾਣ ਦਾ ਇੱਕ ਭਿਆਨਕ ਵੀਡੀਓ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਸਾਂਝਾ ਕੀਤਾ ਗਿਆ ਹੈ, ਜਿਸ ਦੀ ਭਾਰੀ ਨਿੰਦਾ ਕੀਤੀ ਗਈ ਹੈ ਅਤੇ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇੱਕ ਕਬਾਇਲੀ ਸੰਗਠਨ ਨੇ ਦੋਸ਼ ਲਗਾਇਆ ਹੈ ਕਿ ਦੋ ਔਰਤਾਂ ਨਾਲ ਇੱਕ ਖੇਤ ਵਿੱਚ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਇਹ ਘਟਨਾ 4 ਮਈ ਨੂੰ ਰਾਜ ਦੀ ਰਾਜਧਾਨੀ ਇੰਫਾਲ ਤੋਂ ਲਗਭਗ 35 ਕਿਲੋਮੀਟਰ ਦੂਰ ਕੰਗਪੋਕਪੀ ਜ਼ਿਲ੍ਹੇ ਵਿੱਚ ਵਾਪਰੀ, ਇੰਡੀਜੀਨਸ ਕਬਾਇਲੀ ਲੀਡਰਜ਼ ਫੋਰਮ (ਆਈਟੀਐਲਐਫ) ਦੇ ਇੱਕ ਬਿਆਨ ਅਨੁਸਾਰ। ਪੁਲਿਸ ਨੇ ਹਾਲਾਂਕਿ ਕਿਹਾ ਕਿ ਇਹ ਘਟਨਾ ਕਿਸੇ ਹੋਰ ਜ਼ਿਲ੍ਹੇ ਵਿੱਚ ਹੋਈ ਹੈ, ਹਾਲਾਂਕਿ ਪਹਿਲੀ ਸੂਚਨਾ ਰਿਪੋਰਟ (ਐਫਆਈਆਰ) ਕੰਗਪੋਕਪੀ ਵਿੱਚ ਦਰਜ ਕੀਤੀ ਗਈ ਸੀ।

ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਪੁਲਿਸ ਨੂੰ ਇਸ ਮਾਮਲੇ ਦੀ ਪਹਿਲ ਦੇ ਆਧਾਰ 'ਤੇ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਬੀਰੇਨ ਸਿੰਘ ਨੇ ਐਨਡੀਟੀਵੀ ਨੂੰ ਦੱਸਿਆ ਕਿ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਇਸ ਭਿਆਨਕ ਘਟਨਾ 'ਤੇ ਉਨ੍ਹਾਂ ਅਤੇ ਮੁੱਖ ਸਕੱਤਰ ਨਾਲ ਗੱਲ ਕੀਤੀ। ਬੀਰੇਨ ਸਿੰਘ ਨੇ ਕਿਹਾ ਕਿ ਉਸ ਨੂੰ ਅਪਰਾਧ ਦੇ ਦੋਸ਼ੀਆਂ ਵਿਰੁੱਧ ਜਲਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

ਇਸ ਆਨ-ਕੈਮਰਾ ਦਹਿਸ਼ਤ ਤੋਂ ਇੱਕ ਦਿਨ ਪਹਿਲਾਂ, ਮਨੀਪੁਰ ਵਿੱਚ ਘਾਟੀ-ਬਹੁਗਿਣਤੀ ਮੇਈਟੀ ਅਤੇ ਪਹਾੜੀ-ਬਹੁਗਿਣਤੀ ਕੁਕੀ ਕਬੀਲੇ ਦਰਮਿਆਨ ਅਨੁਸੂਚਿਤ ਜਨਜਾਤੀ (ਐਸਟੀ) ਦਰਜੇ ਦੀ ਮੇਈਟੀ ਦੀ ਮੰਗ ਨੂੰ ਲੈ ਕੇ ਝੜਪਾਂ ਹੋ ਗਈਆਂ ਸਨ।

# ਦੁਰਵਿਹਾਰ ਮਾਮਲਾ: ਸਿਸੋਦੀਆ ਨੂੰ ਸੀਸੀਟੀਵੀ ਫੁਟੇਜ ਮੁਹੱਈਆ ਕਰਾਉਣ ਦੇ ਹੁਕਮ

ਨਵੀਂ ਦਿੱਲੀ : ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਸੁਣਵਾਈ ਲਈ ਅੱਜ ਰਾਊਜ਼ ਐਵੇਨਿਊ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ। ਵਿਸ਼ੇਸ਼ ਜੱਜ ਐੱਮ. ਕੇ. ਨਾਗਪਾਲ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ 23 ਮਈ ਨੂੰ ਮਨੀਸ਼ ਸਿਸੋਦੀਆ ਨਾਲ ਸੁਰੱਖਿਆ ਏਜੰਸੀਆਂ ਵੱਲੋਂ ਕੀਤੇ ਗਏ ਕਥਿਤ ਦੁਰਵਿਹਾਰ ਦੀ ਸੀਸੀਟੀਵੀ ਫੁਟੇਜ ਉਸ ਨੂੰ ਪੈੱਨ ਡਰਾਈਵ ਵਿੱਚ ਮੁਹੱਈਆ ਕਰਵਾਈ ਜਾਵੇ। ਇਸ ਫੁਟੇਜ ਦੀ ਇਕ ਕਾਪੀ ਅਦਾਲਤ ਦੇ ਰੀਡਰ ਤੇ ਮਨੀਸ਼ ਸਿਸੋਦੀਆ ਦੇ ਵਕੀਲ ਨੂੰ ਵੀ ਦਿੱਤੀ ਜਾਵੇ। ਕਾਬਿਲੇਗੌਰ ਹੈ ਕਿ ਮਨੀਸ਼ ਸਿਸੋਦੀਆ ਨੇ ਪੁਲੀਸ 'ਤੇ



ਦੁਰਵਿਹਾਰ ਦਾ ਦੋਸ਼ ਲਗਾਉਂਦੇ ਹੋਏ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ। ਇਸ ਕੇਸ ਦੀ ਅਗਲੀ ਸੁਣਵਾਈ 25 ਅਗਸਤ ਨੂੰ ਹੋਵੇਗੀ। ਇਸੇ ਦੌਰਾਨ ਅਦਾਲਤ ਨੇ ਮਨੀ ਲਾਂਡਰਿੰਗ ਕੇਸ ਨਾਲ ਸਬੰਧਤ ਇਕ ਹੋਰ ਮੁਲਜ਼ਮ ਤੇ 'ਆਪ' ਆਗੂ ਅਮਿਤ ਅਰੋੜਾ ਦੀ ਮੈਡੀਕਲ ਰਿਪੋਰਟ ਵੀ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਹੜ੍ਹ ਕਾਰਨ ਪੈਦਾ ਹੋਇਆ ਸੰਕਟ ਛੇਤੀ ਖ਼ਤਮ ਹੋਵੇਗਾ: ਭਗਵੰਤ ਮਾਨ

## ਮੁੱਖ ਮੰਤਰੀ ਨੇ ਪਤਨੀ ਨਾਲ ਦਰਬਾਰ ਅਲਮਸਤ ਬਾਪੂ ਲਾਲ ਬਾਦਸ਼ਾਹ ਨਕੋਦਰ 'ਚ ਮੱਥਾ ਟੇਕਿਆ

ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਤਨੀ ਨਾਲ ਦਰਬਾਰ ਅਲਮਸਤ ਬਾਪੂ ਲਾਲ ਬਾਦਸ਼ਾਹ ਨਕੋਦਰ ਵਿਖੇ ਨਤਮਸਤਕ ਹੋ ਕੇ ਸੂਬੇ ਦੇ ਵਿਕਾਸ ਤੇ ਤਰੱਕੀ ਲਈ ਅਰਦਾਸ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਜੋੜ ਮੇਲੇ 'ਤੇ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ। ਭਗਵੰਤ ਮਾਨ ਨੇ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਅਰਦਾਸ ਕੀਤੀ ਅਤੇ ਪੰਜਾਬ ਦੇ ਲੋਕਾਂ ਸੇਵਾ ਕਰਨ ਲਈ ਆਸ਼ੀਰਵਾਦ ਮੰਗਿਆ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਅਜਿਹੇ ਧਾਰਮਿਕ ਸਮਾਗਮਾਂ ਨੂੰ ਸੌੜੀ ਰਾਜਨੀਤੀ, ਜਾਤ-ਪਾਤ, ਰੰਗ-ਭੇਦ ਤੋਂ ਉਪਰ ਉਠ ਕੇ ਰਲ-ਮਿਲ ਕੇ ਮਨਾਉਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸੰਤਾਂ- ਮਹਾਤਮਾ, ਪੀਰਾਂ-ਪੈਗੰਬਰਾਂ ਅਤੇ ਮਹਾਨ ਸ਼ਹੀਦਾਂ ਦੀ ਧਰਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਕਈ ਹਿੱਸਿਆਂ ਵਿੱਚ ਹੜ੍ਹਾਂ ਦੇ ਚੱਲਦਿਆਂ ਮੌਜੂਦਾ ਸੰਕਟ ਛੇਤੀ ਹੀ ਖ਼ਤਮ ਹੋ ਜਾਵੇਗਾ ਕਿਉਂਕਿ ਵੱਡੀ ਗਿਣਤੀ ਪੰਜਾਬੀ ਕੁਦਰਤੀ ਆਫ਼ਤ ਕਾਰਨ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਨੂੰ ਹਰੇਕ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਪੂਰੀ ਪਾਰਦਰਸ਼ਤਾ ਅਤੇ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਨੂੰ ਹਰ ਕੀਮਤ 'ਤੇ ਬਹਾਲ ਕੀਤਾ ਜਾਵੇਗਾ ਅਤੇ ਇਸ ਦੇ ਨਤੀਜੇ ਆਉਣੇ ਵੀ ਸ਼ੁਰੂ ਹੋ ਗਏ ਹਨ। ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ, ਡੇਰੇ ਦੇ ਮੁਖੀ ਅਤੇ ਪੰਜਾਬੀ ਗਾਇਕ ਹੰਸ ਰਾਜ ਹੰਸ, ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਜਸਵੀਰ ਸਿੰਘ ਰਾਜਾ, ਗਾਇਕ ਦਲੇਰ ਮਹਿੰਦੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਗੁਜਰਾਤ: ਸੌਰਾਸ਼ਟਰ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ

ਅਹਿਮਦਾਬਾਦ: ਗੁਜਰਾਤ ਦੇ ਸੌਰਾਸ਼ਟਰ ਖੇਤਰ ਦੇ ਕੁੱਝ ਹਿੱਸਿਆਂ ਵਿੱਚ ਅੱਜ ਪਏ ਭਾਰੀ ਮੀਂਹ ਮਗਰੋਂ ਹੜ੍ਹ ਵਰਗੇ ਹਾਲਾਤ ਬਣ ਗਏ ਹਨ। ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਕਾਰਨ ਕਈ ਪਿੰਡਾਂ ਦਾ ਸੰਪਰਕ ਟੁੱਟ ਗਿਆ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਵੱਲ ਜਾਣ ਦੀ ਸਲਾਹ ਦਿੱਤੀ ਹੈ। ਜੂਨਾਗੜ੍ਹ ਵਿੱਚ ਘਰਾਂ 'ਚ ਪਾਣੀ ਦਾਖਲ ਹੋਣ ਕਾਰਨ ਲੋਕ ਮੁਸੀਬਤਾਂ ਵਿੱਚ ਘਿਰ ਗਏ ਹਨ। ਰਾਜ ਐਮਰਜੈਂਸੀ ਅਪਰੇਸ਼ਨ ਸੈਂਟਰ (ਐੱਸਈਓਸੀ) ਨੇ ਦੱਸਿਆ ਕਿ ਜੂਨਾਗੜ੍ਹ ਵਿੱਚ ਭਾਰੀ ਮੀਂਹ ਕਾਰਨ ਹਾਲਾਤ ਬਦਤਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਮੰਗਰੋਲ ਤਾਲੁਕਾ ਵਿੱਚ ਸਵੇਰੇ ਛੇ ਵਜੇ ਤੱਕ ਅੱਠ ਘੰਟਿਆਂ ਦੌਰਾਨ 290 ਐੱਮਐੱਮ ਮੀਂਹ ਦਰਜ ਕੀਤਾ ਗਿਆ, ਜਦਕਿ ਮਾਲੀਆ ਹਾਟੀਨਾ ਤਾਲੁਕਾ ਵਿੱਚ 191 ਐੱਮਐੱਮ ਮੀਂਹ ਪਿਆ। ਸੂਬੇ ਵਿੱਚ ਡੈਮ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੇ ਹਨ ਅਤੇ



ਬਰਸਾਤੀ ਦਰਿਆਵਾਂ ਜਿਵੇਂ ਓਜਸ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪਾਣੀ ਪਿੰਡਾਂ ਵਿੱਚ ਦਾਖ਼ਲ ਹੋ ਗਿਆ ਹੈ, ਖੇਤ ਝੀਲਾਂ ਵਿੱਚ ਤਬਦੀਲ ਹੋ ਗਏ ਹਨ। ਸੌਰਾਸ਼ਟਰ ਖੇਤਰ ਵਿੱਚ ਹੜ੍ਹ ਦੇ ਮੱਦੇਨਜ਼ਰ ਬੱਸ ਸੇਵਾ ਰੱਦ ਕਰ ਦਿੱਤੀ ਗਈ ਹੈ।

# ਕਿਸਾਨ ਬ੍ਰਿਗੇਡ ਨੇ ਫਿਰ ਬੰਨ੍ਹੇ ਟਰਾਲੀਆਂ 'ਤੇ ਤੰਬੂ

ਚਾਉਕੇ : ਦਿੱਲੀ ਵਿੱਚ ਚੱਲੇ ਕਿਸਾਨ ਸੰਘਰਸ਼ ਦੀ ਫ਼ਤਹਿ ਤੋਂ ਬਾਅਦ ਹੁਣ ਫਿਰ ਕਿਸਾਨ ਬ੍ਰਿਗੇਡ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਕਮਰਕੱਸੇ ਕਰਦਿਆਂ ਟਰਾਲੀਆਂ 'ਤੇ ਤੰਬੂ ਲਗਾ ਲਏ ਹਨ। ਰੋਜ਼ਾਨਾ ਦਰਜਨਾਂ ਟਰੈਕਟਰ-ਟਰਾਲੀਆਂ ਰਾਸ਼ਨ ਤੇ ਪਾਣੀ ਲੈ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵੱਲ ਚਾਲੇ ਪਾ ਰਹੀਆਂ ਹਨ। ਪਿੰਡ ਢੱਡੇ ਦੇ ਕੁਲਵੰਤ ਸਿੰਘ ਪਟਵਾਰੀ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ ਵੱਲੋਂ ਸਮਾਣਾ ਅਤੇ ਸ਼ੁਤਰਾਣਾ ਨੇੜਲੇ ਹੜ੍ਹ ਪ੍ਰਭਾਵਿਤ ਪਿੰਡਾਂ ਜਿਵੇਂ ਕਿ ਧਰਮਹੇੜੀ, ਟਟਿਆਣਾ, ਨਵਾਂ ਗਾਉਂ ਆਦਿ ਵਿੱਚ ਤਿਆਰ ਕੀਤਾ ਲੰਗਰ, ਪਾਣੀ ਦੀਆਂ ਬੋਤਲਾਂ, ਹਰਾ ਚਾਰਾ, ਦਵਾਈਆਂ, ਬਰੈੱਡ ਦੀਆਂ ਪੇਟੀਆਂ ਪੀੜਤ ਪਿੰਡਾਂ ਵਿੱਚ ਭੇਜੀਆਂ ਜਾ ਰਹੀਆਂ ਹਨ। ਇਸ ਕਾਰਜ ਵਿੱਚ ਪਿੰਡ ਦੇ ਸਮੂਹ ਬੱਚੇ, ਬੁੱਢੇ, ਮਾਈਆਂ, ਭੈਣਾਂ, ਨੌਜਵਾਨ ਵੀਰ ਸਾਰੇ ਹੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵਧ-ਚੜ੍ਹ ਕੇ ਹਿੱਸਾ ਪਾ ਰਹੇ ਹਨ। ਪਿੰਡ ਚਾਉਕੇ ਦੇ ਸਮੂਹ ਵਾਸੀਆਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਡ ਦੀ ਅਨਾਜ ਮੰਡੀ ਵਿੱਚ ਪਸ਼ੂਆਂ ਲਈ ਹਰੇ ਚਾਰੇ ਦਾ ਡੰਪ ਬਣਾ ਲਿਆ ਹੈ। 50 ਟਰਾਲੀਆਂ ਇਕੱਠੀਆਂ ਹੋ ਚੁੱਕੀਆਂ ਹਨ ਤੇ ਹਰ ਰੋਜ਼ ਹੋਰ ਆ ਰਹੀਆਂ ਹਨ, ਜਿਨ੍ਹਾਂ ਦਾ ਅਚਾਰ ਬਣਾਇਆ ਜਾ ਰਿਹਾ ਹੈ। ਪਿੰਡ ਮੰਡੀ ਕਲਾਂ ਦੇ ਨੌਜਵਾਨ ਰਣਵੀਰ ਸਿੰਘ ਗੱਗੀ ਨੇ ਕਿਹਾ ਕਿ ਉਨ੍ਹਾਂ ਨੇ 100 ਦੇ ਕਰੀਬ ਪੇਟੀਆਂ ਪਾਣੀ ਦੀਆਂ, 30 ਪੇਟੀਆਂ ਦੁੱਧ ਦੀਆਂ ਹੜ੍ਹ



ਪੀੜਤਾਂ ਦੀ ਮਦਦ ਲਈ ਭੇਜੀਆਂ ਹਨ। ਕਿਸਾਨ ਸਰਬਜੀਤ ਸਿੰਘ ਭੁੱਲਰ, ਜਸਵੰਤ ਸਿੰਘ ਕਾਲਾ, ਮੇਜਰ ਸਿੰਘ ਗੋਧੀਕਾ, ਜਸਮੀਤ ਭੁੱਲਰ, ਬੂਟਾ ਸਿੰਘ ਭੂੰਦੜ ਤੇ ਰਾਮ ਸਿੰਘ ਭੂੰਦੜ ਨੇ ਕਿਹਾ ਕਿ ਝੋਨੇ ਦੀ ਢੱਕ ਦਾ ਇੰਤਜ਼ਾਮ ਕਰ ਕੇ ਉਹ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਹਨ। ਪਿੰਡ ਮੰਡੀ ਖੁਰਦ ਦੇ ਨੌਜਵਾਨ ਜਗਤਾਰ ਸਿੰਘ ਅਣਜਾਣ ਹੜ੍ਹ ਪ੍ਰਭਾਵਿਤ ਪਿੰਡ ਵਿੱਚ ਪੰਜ ਦਿਨਾਂ ਤੋਂ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਦਵਾਈਆਂ ਦੀ ਸੇਵਾ ਕਰ ਰਿਹਾ ਹੈ। ਜਸਪਾਲ ਸਿੰਘ ਕਰਾੜਵਾਲਾ, ਅੰਮ੍ਰਿਤਪਾਲ ਸਿੰਘ ਮਿੰਟੂ, ਸਤਪਾਲ ਸਿੰਘ ਪਾਲਾ, ਜਗਜੀਵਨ ਲਾਡੀ ਪਿੰਡ ਰਾਮਪੁਰਾ ਨੇ ਦੱਸਿਆ ਕਿ ਉਹ ਝੋਨੇ ਦੀ ਪਨੀਰੀ ਦਾ ਲੰਗਰ ਲਗਾਉਣ ਜਾ ਰਹੇ ਹਨ। ਉਨ੍ਹਾਂ ਵੱਲੋਂ 200 ਥੈਲਾ ਬੀਜ ਵੰਡਿਆ ਜਾ ਚੁੱਕਾ ਹੈ, ਜਿਸ ਨਾਲ ਹਜ਼ਾਰਾਂ ਏਕੜ ਫ਼ਸਲ ਦੀ ਬਿਜਾਂਦ ਕੀਤੀ ਜਾ ਸਕੇਗੀ। ਪਿੰਡ ਮਹਿਰਾਜ ਦੇ ਕਿਸਾਨ ਸੁਖਵੀਰ ਸਿੰਘ ਨੇ ਝੋਨੇ ਦੀ ਪਨੀਰੀ ਜਲੰਧਰ ਦੇ ਕਿਸਾਨਾਂ ਨੂੰ ਭੇਜ ਦਿੱਤੀ ਹੈ।

# ਧੀਆਂ ਤ੍ਰਿੰਞਣਾਂ ਦਾ ਤਿਉਹਾਰ ਤੀਆਂ ਤੀਜ ਦੀਆਂ

## ਸਾਨੂੰ ਪੰਜਾਬੀਆਂ ਨੂੰ ਅਪਣੇ ਸਭਿਆਚਾਰ ਪੱਖੋਂ ਅਮੀਰ ਵਿਰਸੇ 'ਤੇ ਮਾਣ ਹੈ

**ਬਬੀਤਾ ਘਈ**

ਸਾਨੂੰ ਪੰਜਾਬੀਆਂ ਨੂੰ ਅਪਣੇ ਸਭਿਆਚਾਰ ਪੱਖੋਂ ਅਮੀਰ ਵਿਰਸੇ 'ਤੇ ਮਾਣ ਹੈ। ਸਾਡਾ ਸੱਭਿਆਚਾਰਕ ਭਾਈਚਾਰਾ ਕੁਝ ਹਦ ਤਕ ਸਭਿਆਚਾਰ ਤੇ ਧਰਮਾਂ-ਤਿਉਹਾਰਾਂ ਥਾਰਾਂ-ਮਾਹਾਂ ਨਾਲ ਜੁੜਿਆ ਹੋਇਆ ਹੈ। ਸਾਉਣ ਮਹੀਨੇ ਵਿਚ ਪਿਛਲੇ ਹਾੜ੍ਹ ਮਹੀਨੇ ਦੌਰਾਨ ਪੈ ਰਹੀ ਅੱਤ ਦੀ ਗਰਮੀ ਅਤੇ ਲੂ ਤੋਂ ਥੋੜ੍ਹੀ ਰਾਹਤ ਮਹਿਸੂਸ ਹੋਣ ਲਗ ਜਾਂਦੀ ਹੈ। ਸਿੱਖ ਧਰਮ ਅਨੁਸਾਰ ਸਾਵਣ ਦੇਸੀ ਮਹੀਨਾ ਹੈ ਜੋ 16 ਜੁਲਾਈ ਨੂੰ ਸ਼ੁਰੂ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ ਸਾਵਣ ਮਹੀਨੇ ਦਾ ਵਰਨਣ ਆਉਂਦਾ ਹੈ। ਇਸ ਮਹੀਨੇ ਦੌਰਾਨ ਚਾਰ ਚੁਫ਼ੇਰੇ ਹਰਿਆਲੀ ਛਾ ਜਾਂਦੀ ਹੈ। ਅੰਬ ਦੇ ਦਰੱਖ਼ਤਾਂ 'ਤੇ ਅੰਬਾਂ ਨਾਲ ਲੱਦੀਆਂ ਟਾਹਣੀਆਂ ਝੁਕ ਜਾਂਦੀਆਂ ਹਨ। ਉਧਰ ਕੋਇਲ ਦੀ ਦੀ ਸੁਰੀਲੀ ਆਵਾਜ਼ ਮਨ ਨੂੰ ਮੋਹ ਲੈਂਦੀ ਹੈ। ਤੀਜ ਹਰੇਕ ਮਹੀਨੇ ਦੀ ਮੱਸਿਆ ਦੇ ਤੀਸਰੇ ਦਿਨ ਅਤੇ ਪੂਰਨਮਾਸ਼ੀ ਦੇ ਤੀਸਰੇ ਦਿਨ ਬਾਅਦ ਆਉਂਦੀ ਹੈ। ਪਰ ਸਾਉਣ ਮਹੀਨੇ ਦੀ ਤੀਜ ਤਿਉਹਾਰ ਰੂਪ ਵਿਚ ਮਨਾਈ ਜਾਂਦੀ ਹੈ।

ਤੀਜ ਔਰਤਾਂ ਦਾ ਰਵਾਇਤੀ ਤਿਉਹਾਰ ਮੰਨਿਆ ਜਾਂਦਾ ਹੈ। ਰਵਾਇਤੀ ਤੌਰ 'ਤੇ ਸਾਉਣ ਮਹੀਨੇ ਦੀ ਤੀਜੀ ਤਿੱਥ ਨੂੰ ਅਤੇ ਭਾਦੋਂ ਮਹੀਨੇ ਦੇ ਭਾਰਤੀ ਮਹੀਨੇ ਦੇ ਘਟਦੇ-ਵਧਦੇ ਚੰਨ ਦੇ ਤੀਜੇ ਦਿਨ ਭਾਦੋਂ ਦੀ ਰਖੜੀ ਤਕ ਚਲਦੀ ਹੈ। ਤੀਜ ਭਾਰਤ ਵਿਚ ਮੁੱਖ ਰਵਾਇਤੀ ਖੇਤਰ ਪੰਜਾਬ, ਹਰਿਆਣਾ, ਰਾਜਸਥਾਨ, ਚੰਡੀਗੜ੍ਹ ਆਦਿ ਵਿਚ ਮਨਾਈ ਜਾਂਦੀ ਹੈ। ਪੰਜਾਬ ਵਿਚ ਤੀਜ ਦੇ ਤਿਉਹਾਰ ਨੂੰ 'ਤੀਆਂ ਤੀਜ ਦੀਆਂ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੁਰਾਣੀ ਚਲੀ ਆ ਰਹੀ ਰੀਤ ਅਨੁਸਾਰ ਇਸ ਮਹੀਨੇ ਨਵੀਂ ਵਿਆਹੀ ਵਹੁਟੀ ਅਪਣੀ ਸੱਸ ਦੇ ਮੱਥੇ ਨਹੀਂ ਲਗਦੀ। ਕਈ ਲੋਕ ਗੀਤ ਅਨੁਸਾਰ ਅਪਣੀਆਂ ਬੇਟੀਆਂ ਨੂੰ ਸਹੁਰੇ ਘਰੋਂ ਪੇਕੇ ਰਹਿਣ ਲਈ ਲੈ ਕੇ ਆਉਂਦੇ ਹਨ। ਪੁਰਾਣੇ ਸਮਿਆਂ ਵਿਚ ਕੁੜੀਆਂ ਚਾਵਾਂ ਨਾਲ ਅਪਣੇ ਮਾਪਿਆਂ, ਭਰਾਵਾਂ, ਪੇਕਿਆਂ ਨੂੰ ਉਡੀਕਦੀਆਂ ਸਨ। ਬੰਨੇ ਉਪਰ ਬੈਠੇ ਕਾਂ ਨੂੰ ਚੂਰੀ ਪਾ ਕੇ ਉਡਾ ਦਿੰਦੀਆਂ ਸਨ ਅਤੇ ਕਾਂ ਦੇ ਬੋਲਣ ਉਪਰ ਖ਼ੁਸ਼ ਹੁੰਦੀਆਂ ਕਿ ਕਾਂ ਬੋਲਦਾ ਹੈ, ਅੱਜ ਮੇਰਾ ਵੀਰ ਆਵੇਗਾ।

ਜਦੋਂ ਉਸ ਦਾ ਵੀਰ ਉਸ ਨੂੰ ਪੇਕੇ ਲੈਣ ਲਈ ਆਉਂਦਾ ਸੀ ਤਾਂ ਉਹ ਖ਼ੁਸ਼ੀ ਵਿਚ ਫੁੱਲੀ ਨਹੀਂ ਸਮਾਉਂਦੀ ਅਤੇ ਅਪਣੇ ਵੀਰ ਲਈ ਕਈ ਤਰ੍ਹਾਂ ਦੇ ਪਕਵਾਨ ਬਣਾਉਂਦੀਆਂ ਸਨ। ਸਹੁਰੇ ਪਰਵਾਰ ਤੋਂ ਇਜਾਜ਼ਤ ਲੈ ਕੇ ਉਹ ਕੁਝ ਦਿਨ ਰਹਿਣ ਲਈ ਅਪਣੇ ਪੇਕੇ ਘਰ ਆ ਜਾਂਦੀਆਂ ਸਨ। ਮਾਵਾਂ ਖ਼ੁਸ਼ੀ ਨਾਲ ਦਰਵਾਜ਼ੇ ਅੱਗੇ ਤੇਲ ਚੋਅ ਦਿੰਦੀਆਂ ਅਤੇ ਅਪਣੀ ਬੇਟੀ ਦੀ ਨਜ਼ਰ ਉਤਾਰਦੀਆਂ। ਪੇਕੇ ਘਰ ਆ ਕੇ ਅਪਣੇ ਆਸ-ਪਾਸ ਅਤੇ ਸ਼ਰੀਕੇ ਵਿਚ ਭਰਾਵਾਂ, ਭਰਜਾਈਆਂ, ਤਾਏ ਤਾਈਆਂ, ਚਾਚੇ ਚਾਚੀਆਂ, ਭੈਣਾਂ-ਭਰਾਵਾਂ ਅਤੇ ਬਜ਼ੁਰਗਾਂ ਆਦਿ ਨੂੰ ਮਿਲਦੀਆਂ। ਇਸ ਸਮੇਂ ਅਪਣੇ ਪੇਕੇ ਆਈਆਂ ਲੜਕੀਆਂ ਦੇ ਚਿਹਰੇ ਉਪਰ ਚਾਈਂ ਚਾਈਂ ਸੱਭ ਨੂੰ ਮਿਲਣ ਦੀ ਅਲੱਗ ਹੀ ਰੌਣਕ ਹੁੰਦੀ ਸੀ। ਉਧਰ ਸਾਉਣ ਦਾ ਮਹੀਨਾ ਆਉਣ ਕਰ ਕੇ ਵੰਗਾਂ (ਚੂੜੀਆਂ) ਵੇਚਣ ਵਾਲਾ ਵਣਜਾਰਾ ਵੀ ਗਲੀਆਂ ਵਿਚ ਆ ਜਾਂਦਾ ।ਇਕ ਦੋ ਬਾਹਰ ਬੈਠੀਆਂ ਬਜ਼ੁਰਗ ਔਰਤਾਂ ਕਹਿੰਦੀਆਂ, 'ਨੀ ਛਿੰਦੋ, ਨੀ ਸੰਤੋ, ਕਿਥੇ ਓ ਕੁੜੀਓ ਰਾਣੋ, ਮੀਤੋ, ਨੀ ਵਹੁਟੀ ਰਾਣੀ, ਏ ਬਲਵੀਰੋ, ਨੀ ਕੁੜੇ ਕਿਥੇ ਨੇ ਸਾਰੀਆਂ? ਸਾਰੀਆਂ ਮੁਟਿਆਰਾਂ ਆ ਜਾਂਦੀਆਂ ਸਨ ਅਤੇ ਘੇਰਾ ਬਣਾ ਕੇ ਚੂੜੀ ਵੇਚਣ ਵਾਲੇ ਵਣਜਾਰੇ ਦੇ ਦੁਆਲੇ ਬੈਠ ਜਾਂਦੀਆਂ ਸਨ। ਚੂੜੀਆਂ ਵਾਲਾ ਭਾਈ ਸੱਭ ਦੇ ਹੱਥਾਂ ਦੇ ਮੇਚੇ ਲੈਂਦਾ। ਕਈ ਕੁੜੀਆ ਦੇ ਹੱਥਾਂ 'ਚ ਕੰਘੀ ਹੁੰਦੀ ਤੇ ਉਹ ਉਨ੍ਹਾਂ ਨੂੰ ਵੱਡੀਆਂ ਚੂੜੀਆਂ ਚੜ੍ਹਾਉਂਦਾ।



ਕੁੜੀਆ ਵੰਗਾਂ ਵਾਲੇ ਤੋਂ ਹੋਰ ਵੱਖ-ਵੱਖ ਡਿਜ਼ਾਈਨਾਂ ਅਤੇ ਰੰਗਾਂ ਦੀਆਂ ਜਿਵੇਂ ਲਾਲ, ਹਰੀਆਂ, ਪੀਲੀਆਂ, ਸੁਨਹਿਰੀ, ਨੀਲੀਆਂ, ਸੂਟਾਂ ਨਾਲ ਦੀਆਂ ਰੰਗ ਬਰੰਗੀਆਂ ਚੂੜੀਆਂ, ਗਜਰੇ, ਸੁਨਹਿਰੀ ਟਿਮਕਣੇ ਲੌਂਗੀਆਂ, ਚਿੱਟੇ (ਸਿਲਵਰ) ਘੁੰਘਰੂਆਂ ਵਾਲੇ ਗਜਰੇ ਚੜ੍ਹਾਉਂਦੀਆਂ ਅਤੇ ਹਸਦੀਆਂ ਇਕ ਦੂਸਰੇ ਨੂੰ ਮਜ਼ਾਕ ਅਤੇ ਕਲੋਲਾਂ ਕਰਦੀਆਂ। ਵੰਗਾਂ ਵਾਲੇ ਭਾਈ ਕੋਲ ਜੇਕਰ ਡੋਰੀਆਂ, ਪਰਾਂਦੀਆਂ ਵੀ ਹੋਦੀਆ ਤਾਂ ਉਹ ਵੀ ਖ਼ਰੀਦ ਕੇ ਚਾਈਂ ਚਾਈਂ ਅਪਣੇ ਘਰਾਂ ਨੂੰ ਚਲੀਆਂ ਜਾਂਦੀਆਂ। ਅੱਜ ਕੱਲ੍ਹ ਕੁੱਝ ਸ਼ਹਿਰਾਂ ਵਿਚ ਲੋਕ ਬਾਜ਼ਾਰੋਂ ਜਾਂ ਬਿਊਟੀ ਪਾਰਲਰਾਂ ਤੋਂ ਵੰਗਾਂ ਲੈ ਕ ਆਉਂਦੇ ਹਨ।

ਉਧਰ ਆਸਮਾਨ ਵਿਚ ਬੱਦਲਾਂ ਦੀ ਕਾਲੀ ਘਟਾ ਛਾ ਜਾਂਦੀ ਅਤੇ ਮੌਸਮ ਸੁਹਾਵਣਾ ਹੋ ਜਾਂਦਾ। ਮੋਰ ਮਸਤੀ ਵਿਚ ਝੂਮ ਉਠਦੇ (ਅੱਜ ਕੱਲ ਮੋਰ ਕਾਫ਼ੀ ਘੱਟ ਗਏ ਹਨ)। ਇਕਦਮ ਛਮ-ਛਮ ਕਰ ਕੇ ਤੇਜ਼ੀ ਨਾਲ ਮੀਂਹ ਆ ਜਾਂਦਾ ਹੈ। ਬੱਚੇ ਅਪਣੇ ਘਰਾਂ ਦੇ ਆਸ ਪਾਸ ਗਲੀਆਂ ਵਿਚ ਮਸਤੀ ਵਿਚ ਰੌਲਾ ਪਾਉਂਦੇ ਹੋਏ ਨਹਾਉਂਦੇ ਹਨ ਅਤੇ ਕਈ ਬੱਚੇ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਮੀਂਹ ਦੇ ਪਾਣੀ ਦੇ ਤੇਜ਼ ਵਹਾਅ ਵਿਚ ਛਡਦੇ ਅਤੇ ਭਜਦੀ ਤੈਰਦੀ ਕਿਸ਼ਤੀ ਦੇ ਪਿਛੇ ਰੌਲਾ ਪਾਉਂਦੇ ਜਾਂਦੇ ਸਨ।

ਕਈ ਵਾਰ ਸਾਵਣ ਦੇ ਮਹੀਨੇ ਵਿਚ ਮੀਂਹ ਨਹੀਂ ਸੀ ਪੈਂਦਾ ਤਾਂ ਪੁਰਾਣੇ ਰੀਤੀ ਰਿਵਾਜਾਂ ਅਨੁਸਾਰ ਪਿੰਡ ਦੀਆਂ ਲੜਕੀਆਂ ਅਤੇ ਔਰਤਾਂ ਇਕੱਠੀਆਂ ਹੋ ਕੇ ਇਕ ਗੁੱਡੀ ਬਣਾ ਲੈਂਦੀਆਂ ਸਨ ਅਤੇ ਨਕਲੀ ਪਿਟ-ਸਿਆਪਾ ਕਰਦੀਆਂ ਅਤੇ ਪਿੰਡ ਦੀ ਕਿਸੇ ਖੁਲ੍ਹੀ ਥਾਂ ਜਾ ਕੇ ਉਸ ਗੁੱਡੀ ਨੂੰ ਫੂਕ ਦਿੰਦੀਆਂ ਸਨ ਤਾਕਿ ਮੀਂਹ ਪੈ ਜਾਵੇ। ਕਈ ਜਗ ?ਹਾ ਸਾਉਣ ਦੇ ਮੀਂਹ ਦੀ ਝੜੀ ਵੀ ਲੱਗ ਜਾਂਦੀ ਸੀ ਤਾਂ ਮੀਂਹ ਕਈ ਕਈ ਦਿਨ ਨਹੀਂ ਸੀ ਹਟਦਾ।

ਜੇਠ ਦੀ ਕੁੜੀ ਜਾਂ ਮੁੰਡੇ ਤੋਂ ਪਰਨਾਲੇ ਹੇਠਾਂ ਤੇਲ ਅਤੇ ਮਾਂਹ ਦਬ ਦਿਤੇ ਜਾਂਦੇ ਸਨ ਜਾਂ ਕਈ ਲੋਕ ਪਰਨਾਲੇ ਹੇਠਾਂ ਰੋਟੀ ਵਾਲਾ ਤਵਾ ਪੁੱਠਾ ਕਰ ਕੇ ਰੱਖ ਦਿੰਦੇ ਸਨ। ਇਸ ਤਰ੍ਹਾਂ ਪੁਰਾਣੇ ਲੋਕ ਦਹਾਕਿਆਂ ਤੋਂ ਚਲੇ ਆ ਰਹੇ ਟੋਟਕੇ ਕਰਦੇ ਹਨ। ਸਾਉਣ ਮਹੀਨੇ ਦੇ ਮੀਂਹ ਵਿਚ ਔਰਤਾਂ ਘਰ ਵਿਚ ਖੀਰ-ਪੂੜੇ ਬਣਾਉਂਦੀਆਂ ਅਤੇ ਅਪਣੇ ਭਾਈਚਾਰੇ, ਆਸਪਾਸ ਦੇ ਪਰਿਵਾਰਾਂ ਅਤੇ ਗੁਆਂਢੀਆਂ ਵਿਚ ਵੀ ਵੰਡ ਕੇ ਭਾਈਚਾਰੇ ਵਿਚ ਰਿਸ਼ਤਿਆਂ ਦੀ ਸਾਂਝ ਪਾਈ ਜਾਂਦੀ ਸੀ। ਮੀਂਹ ਪੈਣ ਦੌਰਾਨ ਅਸਮਾਨ 'ਤੇ ਸਤਰੰਗੀ ਪੀਂਘ ਪੈ ਜਾਂਦੀ। ਪੁਰਖਿਆਂ ਤੋਂ ਸੁਣਦੇ ਆ ਰਹੇ ਹਾਂ ਕੁਝ ਲੋਕ ਆਖਦੇ ਹਨ ਕਿ ਜੇਕਰ ਸਤਰੰਗੀ ਪੀਂਘ ਪੈਂਦੀ ਹੈ ਤਾਂ ਜੰਗਲ ਵਿਚ ਗਿੱਦੜ-ਗਿਦੜੀ ਦਾ ਵਿਆਹ ਹੁੰਦਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿਚ ਇਸ ਨੂੰ ਜਦੋਂ ਮੀਂਹ ਵਿਚ ਬੰਦ ਹੋ ਕੇ ਇਕਦਮ ਧੁਪ ਨਿਕਲਦੀ ਹੈ ਤਾਂ ਮੀਂਹ ਦੀਆਂ ਬੂੰਦਾਂ 'ਤੇ ਸੂਰਜ ਦੀ ਰੌਸ਼ਨੀ ਪੈਂਦੀ ਹੈ ਤਾਂ ਸਤਰੰਗੀ ਪੀਂਘ ਪੈ ਜਾਂਦੀ ਹੈ।

ਪਰ ਆਪਾਂ ਗੱਲ ਪੁਰਾਣੇ ਸਮਿਆਂ ਦੀ ਕਰਦੇ ਹਾਂ। ਹੁਣ ਜਦੋਂ ਮੀਂਹ ਰੁਕ ਜਾਂਦਾ ਹੈ ਤਾਂ ਔਰਤਾਂ ਅਪਣੇ ਕੰਮ ਮੁਕਾ ਲੈਂਦੀਆਂ ਹਨ। ਪਿੰਡ ਦੀਆਂ ਨੌਜਵਾਨ ਲੜਕੀਆਂ, ਵਹੁਟੀਆਂ ਅਤੇ ਪੇਕੇ ਸਾਉਣ ਕੱਟਣ ਆਈਆਂ ਲੜਕੀਆਂ ਹੱਥਾਂ 'ਤੇ ਮਹਿੰਦੀ ਲਗਾਉਣ ਦੀ ਤਿਆਰੀ ਕਰਦੀਆਂ। ਮਹਿੰਦੀ ਵਿਚ ਸਰ੍ਹੋਂ ਦਾ ਤੇਲ, ਪਾਣੀ, ਲੌਂਗਾਂ ਦੇ ਤੇਲ ਦੀ ਬੂੰਦ ਹੱਥਾਂ 'ਤੇ ਮਹਿੰਦੀ ਦੀ ਅਲਰਜੀ ਚੈਕ ਕਰ ਕੇ ਮਾਚਿਸ ਦੀਆਂ ਤੀਲੀਆਂ ਅਤੇ ਡੱਕਿਆਂ ਨਾਲ ਮਹਿੰਦੀ ਦੇ ਵੱਖ ਵੱਖ ਡਿਜ਼ਾਈਨ ਤਿਆਰ ਕਰਦੀਆਂ ਸਨ। ਅੱਜ ਕਲ੍ਹ ਸ਼ਹਿਰਾਂ ਜਾਂ ਕਈ ਪਿੰਡਾਂ ਵਿਚ ਵੀ ਗਲੀਆਂ ਵਿਚ ਬਜ਼ਾਰਾਂ ਵਿਚ ਮਹਿੰਦੀ ਲਗਾਉਣ ਵਾਲੇ ਮੁੰਡੇ ਕੁੜੀਆਂ ਬੈਠੇ ਹਨ। ਕਈ ਬਿਊਟੀ ਪਾਰਲਰ ਤੋਂ ਵੀ ਮਹਿੰਦੀ ਲਗਵਾਉਂਦੀਆਂ ਹਨ। ਪਰ ਪੁਰਾਣੇ ਸਮਿਆਂ ਵਿਚ ਜਦੋਂ ਸਾਰੀਆਂ ਲੜਕੀਆਂ ਅਤੇ ਭਰਜਾਈਆਂ ਆਪਸ ਵਿਚ ਇਕ ਦੂਜੇ ਨੂੰ ਮਹਿੰਦੀ ਲਗਾਉਂਦੀਆਂ ਸਨ ਤਾਂ ਹਾਸਾ ਠੱਠਾ ਵੀ ਹੁੰਦਾ ਸੀ ਅਤੇ ਉਨ੍ਹਾਂ ਵਿਚ ਆਪਸੀ ਪਿਆਰ ਵੀ ਵਧਦਾ ਸੀ।





ਮਹਿੰਦੀ ਲਗਾਉਣ ਤੋਂ ਬਾਅਦ ਲੜਕੀਆਂ ਅਪਣੇ ਮਾਪਿਆਂ ਅਤੇ ਵੀਰਾਂ ਨੂੰ ਪਿਪਲਾਂ ਬੋਹੜਾਂ 'ਤੇ ਪੀਂਘਾਂ ਪਾਉਣ ਲਈ ਆਖਦੀਆਂ। ਮਾਪੇ ਪਿੰਡ ਦੀ ਕਿਸੇ ਖੁੱਲ੍ਹੀ ਥਾਂ ਵਿਚ ਬੋਹੜ ਜਾਂ ਪਿੱਪਲ ਦੇ ਦਰਖ਼ਤ 'ਤੇ ਮੋਟੇ ਲੰਮੇ ਰੱਸੇ ਨਾਲ ਉਨ੍ਹਾਂ ਲਈ ਪੀਂਘਾਂ ਤਿਆਰ ਕਰ ਦਿੰਦੇ ਸਨ। ਪੀਂਘਾਂ ਤਿਆਰ ਹੋ ਜਾਣ 'ਤੇ ਪਿੰਡ ਦੀਆਂ ਸਾਰੀਆਂ ਔਰਤਾਂ ਅਤੇ ਲੜਕੀਆਂ ਨੂੰ ਉਥੇ ਆਉਣ ਦਾ ਸੁਨੇਹੇ ਦਿੱਤਾ ਜਾਂਦਾ। ਹੁਣ ਪਿੰਡ ਦੀਆਂ ਸਾਰੀਆਂ ਮੁਟਿਆਰਾਂ, ਵਹੁਟੀਆਂ ਅਤੇ ਬਜ਼ੁਰਗ ਔਰਤਾਂ ਅਪਣੀ ਉਮਰ ਦੇ ਹਿਸਾਬ ਨਾਲ ਤਿਆਰ ਹੋ ਕੇ ਘਗਰੇ, ਲਹਿੰਗੇ, ਪੰਜਾਬੀ ਸੂਟ, ਪੰਜਾਬੀ ਜੁੱਤੀ, ਸਿਰ ਦੇ ਵਾਲਾਂ ਉਪਰ ਸੱਗੀ ਫੁੱਲ, ਸੂਈਆਂ ਗੋਟੇ ਵਾਲੀਆਂ ਚੁੰਨੀਆਂ, ਫੁਲਕਾਰੀਆਂ, ਤਿੱਲੇ ਕਢਾਈ ਕੱਢੇ ਸੂਟ, ਗੁੱਤਾਂ ਵਿਚ ਘੁੰਗਰੂਆਂ ਵਾਲੀਆਂ ਪਰਾਂਦੀਆਂ, ਜੂੜਿਆਂ ਉਪਰ ਕਲਿਪ, ਪੈਰਾਂ 'ਚ ਝਾਜਰਾਂ, ਬੁੱਲ੍ਹਾਂ 'ਤੇ ਸੁਰਖ਼ੀ, ਅੱਖਾਂ ਵਿਚ ਕੱਜਲ, ਮੱਥੇ 'ਤੇ ਬਿੰਦੀ-ਟਿੱਕੇ ਲਗਾ ਕੇ ਹੱਥਾਂ ਵਿਚ ਛਣਕਾਟਾ ਪਾਉਂਦੀਆਂ ਵੰਗਾਂ ਅਤੇ ਗਜਰੇ ਪਾ ਕੇ ਪੀਂਘਾਂ ਵਾਲੀ ਥਾਂ ਪਹੁੰਚਦੀਆਂ।

ਮੁਟਿਆਰਾਂ ਪੀਂਘਾਂ ਝੂਟਦੀਆਂ। ਉੱਚੇ ਦਰਖ਼ਤ ਦੀਆਂ ਟਾਹਣੀਆਂ ਤੋਂ ਵੀ ਵੱਡੇ-ਵੱਡੇ ਝੂਟਿਆਂ ਦੇ ਹੁਲਾਰੇ ਲੈਂਦੀਆਂ। ਇਸ ਵੇਲੇ ਉਨ੍ਹਾਂ ਦੇ ਚਿਹਰੇ ਦੀ ਰੌਣਕ ਵਧ ਜਾਂਦੀ ਅਤੇ ਮਾਨਸਕ ਤਣਾਅ ਦੂਰ ਹੋ ਜਾਂਦਾ ਸੀ। ਪੇਕੇ ਘਰ ਆਈਆਂ ਲੜਕੀਆਂ ਜੋ ਅਪਣੇ ਸਹੁਰੇ ਘਰ ਸੱਸ ਦੇ ਮਿਹਣਿਆਂ ਤੋਂ ਦੁਖੀ ਹੁੰਦੀਆਂ ਸਨ ਤਾਂ ਇਥੇ ਆ ਕੇ ਉਹ ਅਪਣੇ ਸਹੁਰੇ ਘਰ ਦੇ ਸਾਰੇ ਦੁੱਖ ਭੁੱਲ ਜਾਂਦੀਆਂ ਅਤੇ ਇਕ ਦੂਜੀ ਨੂੰ ਕਲੋਲਾਂ ਕਰਦੀਆਂ, ਹਸਦੀਆਂ-ਟਪਦੀਆਂ ਅਤੇ ਗਾਉਂਦੀਆਂ। ਪੀਂਘਾਂ ਝੂਟਣ ਤੋਂ ਬਾਅਦ ਫਿਰ ਗਿੱਧਾ ਪਾਉਣ ਲਈ ਸਾਰੀਆਂ ਮੁਟਿਆਰਾਂ ਇਕੱਠੀਆਂ ਹੋ ਜਾਂਦੀਆਂ। ਸਾਰੀਆਂ ਮੁਟਿਆਰਾਂ ਕਿਕਲੀ ਪਾਉਂਦੀਆਂ ਇਕ ਅਰਧ (ਅੱਧਾ) ਚੱਕਰ ਗੋਲ ਘੇਰਾ ਜਿਹਾ ਬਣਾ ਕੇ ਇਕ ਨਾਲ ਦੂਜੀ ਮੁਟਿਆਰ ਅਗੇ ਆਉਂਦੀ ਅਤੇ ਬੋਲੀਆਂ ਪਾਉਂਦੀਆਂ। ਕਈ ਸਿਰ ਉਪਰ ਘੜੇ, ਗਾਗਰ ਚੁਕ ਕੇ ਹਥ ਵਿਚ ਬੋਲੀ ਦੇ ਹਿਸਾਬ ਨਾਲ ਡੰਡਾ ਫੜ ਕੇ, ਕੋਈ ਕੁੜੀ ਮੁੰਡਾ ਬਣ ਕੇ ਬੋਲੀ ਵਿਚ ਸਿਰ ਉਪਰ ਪਰਨਾ ਬੰਨ੍ਹ ਕੇ ਰੋਲ ਅਦਾ ਕਰਦੀ ।ਅਲੱਗ ਅਲੱਗ ਤਰ੍ਹਾਂ ਦੇ ਘੁੰਢ ਕੱਢ ਕੇ ਸੱਸਾਂ, ਮਾਵਾਂ, ਭੈਣਾਂ-ਭਰਾਵਾਂ-ਭਰਜਾਈਆਂ, ਸਮਾਜਕ ਬੁਰਾਈ ਦਾਜ, ਨਸ਼ੇ ਨਾਲ ਸਬੰਧਤ ਅਤੇ ਹਾਸੇ ਮਜ਼ਾਕ ਆਦਿ ਨਾਲ ਸਬੰਧਤ ਬੋਲੀਆਂ ਪਾਉਂਦੀਆਂ।

ਕੁਝ ਮਨਚਲੇ ਮੁੰਡੇ ਸ਼ਰਾਰਤ ਨਾਲ ਅਪਣੀਆਂ ਭਰਜਾਈਆਂ ਅਤੇ ਵਹੁਟੀ ਆਦਿ ਨੂੰ ਚੋਰੀ-ਚੋਰੀ ਨਚਦੀਆਂ ਵੇਖਦੇ ਅਤੇ ਜਦੋਂ ਉਨ੍ਹਾਂ ਦੀ ਸ਼ਰਾਰਤ ਦਾ ਪਤਾ ਲਗਣਾ ਤਾਂ ਉਹ ਉਥੋਂ ਭੱਜ ਜਾਂਦੇ ਕਿਉਂਕਿ ਮੁੰਡਿਆਂ ਨੂੰ ਤੀਆਂ ਵਿਚ ਆਉਣ ਦੀ ਮਨਾਹੀ ਹੁੰਦੀ ਹੈ। ਸ਼ਾਮ ਨੂੰ ਸਾਰੀਆਂ ਲੜਕੀਆਂ ਹਸਦੀਆਂ, ਮਸਤੀ ਕਰਦੀਆਂ ਇਕ ਦੂਜੇ ਨਾਲ ਦੁੱਖ-ਸੁੱਖ ਸਾਂਝੇ ਕਰਦੀਆਂ ਅਪਣੇ ਘਰਾਂ ਨੂੰ ਆ ਜਾਂਦੀਆਂ। ਰੱਖੜੀ ਤੋਂ ਪਹਿਲਾਂ ਤੀਆਂ ਖ਼ਤਮ ਹੋ ਜਾਂਦੀਆਂ ਹਨ। ਲੱਡੂ ਪਤਾਸੇ ਵੰਡ ਦਿਤੇ ਜਾਂਦੇ ਹਨ। ਹੁਣ ਮਾਪੇ ਅਪਣੀਆ ਧੀਆਂ ਨੂੰ ਦੁੱਧ, ਘਿਉ, ਚੀਨੀ ਆਟੇ ਦੇ ਬਿਸਕੁਟ ਬਣਾਉਣ ਵਾਲੀਆਂ ਭੱਠੀਆਂ ਤੋਂ ਬਿਸਕੁਟ ਬਣਵਾ ਕੇ ਇਕ ਪੀਪੇ ਵਿਚ ਪਾ ਕੇ ਤੀਆਂ ਦਾ ਸੰਧਾਰਾ ਅਤੇ ਕੁੱਝ ਅਪਣੀ ਹੈਸੀਅਤ ਮੁਤਾਬਕ ਕਪੜੇ ਲੀੜੇ ਦੇ ਕੇ ਸਹੁਰੇ ਘਰ ਵਿਦਾ ਕਰ ਦਿੰਦੇ।

ਲੜਕੀਆਂ ਦਾ ਅਪਣੇ ਸਹੁਰੇ ਘਰ ਜਾਣ ਨੂੰ ਦਿਲ ਨਹੀਂ ਕਰਦਾ ਪਰ ਸਮਝਦਾਰ ਕੁੜੀਆਂ ਅਪਣੇ ਸਹੁਰੇ ਪਰਿਵਾਰ ਪ੍ਰਤੀ ਅਪਣਾ ਫ਼ਰਜ਼ ਨਿਭਾਉਂਦੀਆਂ ਹੋਈਆਂ ਆਪਣੇ ਵੀਰਾਂ ਨੂੰ ਰਖੜੀ ਬੰਨ੍ਹ ਕੇ ਵਿਦਾ ਹੋ ਜਾਂਦੀਆਂ ਹਨ। ਅੱਜ ਕੱਲ੍ਹ ਦੀ ਪੀੜ੍ਹੀ ਪਿਛੋਕੜ, ਸਭਿਆਚਾਰ, ਤਿਉਹਾਰ ਨਾ ਭਲ ਜਾਵੇ, ਇਸ ਲਈ ਸਕੂਲਾਂ ਕਾਲਜਾਂ, ਕਲੱਬਾਂ ਵਿਚ ਤੀਆਂ ਸਬੰਧੀ ਮੇਲੇ ਕਰਵਾਏ ਜਾਂਦੇ ਹਨ ਜਿਸ ਨਾਲ ਅੱਜ ਦੇ ਨੌਜਵਾਨਾਂ ਨੂੰ ਅਪਣੇ ਪੁਰਾਣੇ ਅਮੀਰ ਵਿਰਸੇ ਦੀ ਕਾਫ਼ੀ ਜਾਣਕਾਰੀ ਮਿਲਦੀ ਹੈ। ਕੋਰੋਨਾ ਵਾਇਰਸ ਮਹਾਂਮਾਰੀ ਦੇ ਪ੍ਰਕੋਪ ਦੇ ਚਲਦੇ ਹੋਏ ਵਾਹਿਗੁਰੂ ਜੀ ਸੱਭ ਨੂੰ ਤੰਦਰੁਸਤੀ ਦੇਣ। ਇਸ ਵਾਰ ਸਾਉਣ ਦਾ ਮਹੀਨਾ ਪੂਰੀ ਮਨੁੱਖਤਾ ਲਈ ਖ਼ੁਸ਼ੀਆਂ ਲੈ ਕੇ ਆਵੇ।

# ਮੀਂਹ ਨੇ ਜੰਮੂ-ਕਸ਼ਮੀਰ ’ਚ 43 ਸਾਲਾਂ ਦਾ ਰੀਕਾਰਡ ਤੋੜਿਆ, ਹੜ੍ਹ ਵਰਗੀ ਸਥਿਤੀ ਬਣੀ

ਜੰਮੂ: ਭਾਰੀ ਬਾਰਸ਼ ਕਾਰਨ ਜੰਮੂ ਖੇਤਰ ਵਿਚ ਕਈ ਥਾਵਾਂ ’ਤੇ ਹੜ੍ਹ ਵਰਗੀ ਸਥਿਤੀ ਬਣ ਗਈ ਹੈ ਜਿਸ ਕਾਰਨ ਜੰਮੂ-ਸ੍ਰੀਨਗਰ ਨੈਸ਼ਨਲ ਹਾਈਵੇ ’ਤੇ ਆਵਾਜਾਈ ਨੂੰ ਮੁਅੱਤਲ ਕਰ ਦਿਤਾ ਗਿਆ ਹੈ ਅਤੇ ਅਧਿਕਾਰੀਆਂ ਨੇ ਡੋਡਾ ਅਤੇ ਕਿਸ਼ਤਵਾੜ ਜ਼ਿਲ੍ਹਿਆਂ ਵਿਚ ਸਕੂਲ ਬੰਦ ਕਰਨ ਦੇ ਹੁਕਮ ਦਿਤੇ ਹਨ। ਅਧਿਕਾਰੀਆਂ ਨੇ ਬੁਧਵਾਰ ਨੂੰ ਇਹ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਕਈ ਥਾਵਾਂ ’ਤੇ ਖਾਸ ਤੌਰ ’ਤੇ ਕਠੂਆ ਅਤੇ ਸਾਂਬਾ ਜ਼ਿਲਿਆਂ ’ਚ ਨਦੀਆਂ ਅਤੇ ਨਦੀਆਂ ਹੜ੍ਹ ਚਿਤਾਵਨੀ ਪੱਧਰ ਦੇ ਨੇੜੇ ਜਾਂ ਪਾਰ ਪਹੁੰਚ ਗਈਆਂ ਹਨ। ਮੌਸਮ ਵਿਭਾਗ ਨੇ ਇਲਾਕੇ ਵਿਚ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਅਧਿਕਾਰੀਆਂ ਨੇ ਦਸਿਆ ਕਿ ਜੰਮੂ ਡਿਵੀਜ਼ਨ ਦੇ ਕਈ ਹਿੱਸਿਆਂ ’ਚ ਰਾਤ ਭਰ ਭਾਰੀ ਮੀਂਹ ਪਿਆ, ਜਿਸ ਨਾਲ ਰਾਮਬਨ ਜ਼ਿਲ੍ਹੇ ’ਚ ਜੰਮੂ-ਸ੍ਰੀਨਗਰ ਨੈਸ਼ਨਲ ਹਾਈਵੇ ’ਤੇ ਕਈ ਥਾਵਾਂ ’ਤੇ ਜ਼ਮੀਨ ਖਿਸਕ ਗਈ। ਉਨ੍ਹਾਂ ਕਿਹਾ ਕਿ ਪਹਾੜਾਂ ਤੋਂ ਮਿੱਟੀ ਖਿਸਕਣ ਅਤੇ ਢਿੱਗਾਂ ਡਿੱਗਣ ਕਾਰਨ ਅਧਿਕਾਰੀਆਂ ਨੂੰ ਆਵਾਜਾਈ ਬੰਦ ਕਰਨੀ ਪਈ। ਟਰੈਫਿਕ ਵਿਭਾਗ ਦੇ ਇਕ ਅਧਿਕਾਰੀ ਨੇ ਦਸਿਆ, “ਹਾਈਵੇਅ ਅਜੇ ਵੀ ਬੰਦ ਹੈ ਅਤੇ ਲੋਕਾਂ ਨੂੰ ਉਦੋਂ ਤਕ ਸਫ਼ਰ ਨਾ ਕਰਨ ਦੀ ਸਲਾਹ ਦਿਤੀ ਗਈ ਹੈ ਜਦੋਂ ਤਕ ਜ਼ਮੀਨ ਖਿਸਕਣ ਦਾ ਮਲਬਾ ਸੜਕ ਤੋਂ ਹਟਾਇਆ ਨਹੀਂ ਜਾਂਦਾ।”

ਅਧਿਕਾਰੀਆਂ ਨੇ ਦਸਿਆ ਕਿ ਕਠੂਆ ਜ਼ਿਲ੍ਹੇ ਵਿਚ ਜੰਮੂ-ਪਠਾਨਕੋਟ ਹਾਈਵੇਅ ’ਤੇ ਵੀ ਆਵਾਜਾਈ ਨੂੰ ਮੋੜ ਦਿਤਾ ਗਿਆ, ਜਿੱਥੇ ਤਰਨਾਹ ਨਾਲੇ ਵਿਚ ਅਚਾਨਕ ਹੜ੍ਹ ਆਉਣ ਕਾਰਨ ਇਕ ਪੁਲ ਦੇ ਦੋ ਖੰਭਿਆਂ ਨੂੰ ਨੁਕਸਾਨ ਪਹੁੰਚਿਆ। ਅਧਿਕਾਰੀਆਂ ਨੇ ਦਸਿਆ ਕਿ ਸਾਵਧਾਨੀ ਦੇ ਤੌਰ ’ਤੇ, ਡੋਡਾ ਅਤੇ ਕਿਸ਼ਤਵਾੜ ਜ਼ਿਲ੍ਹਿਆਂ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲ ਦਿਨ ਲਈ ਬੰਦ ਕਰ ਦਿਤੇ ਗਏ ਸਨ। ਉਨ੍ਹਾਂ ਕਿਹਾ ਕਿ ਲਗਾਤਾਰ ਮੀਂਹ ਕਾਰਨ ਚਨਾਬ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ।

ਮੌਸਮ ਵਿਭਾਗ ਦੇ ਬੁਲਾਰੇ ਨੇ ਦਸਿਆ ਕਿ ਵੈਸ਼ਨੋ ਦੇਵੀ ਤੀਰਥ ਸਥਾਨ ’ਤੇ ਜਾਣ ਵਾਲੇ ਸ਼ਰਧਾਲੂਆਂ ਦੇ ਆਧਾਰ ਕੈਂਪ ਕਟੜਾ ’ਚ 315.4 ਮਿਲੀਮੀਟਰ ਬਾਰਿਸ਼ ਹੋਈ, ਜੋ ਹੁਣ ਤਕ ਦੀ ਸਭ ਤੋਂ ਜ਼ਿਆਦਾ ਹੈ। ਬੁਲਾਰੇ ਨੇ ਕਿਹਾ, “1980 ਤੋਂ ਬਾਅਦ ਸਭ ਤੋਂ ਜ਼ਿਆਦਾ ਬਾਰਿਸ਼ ਹੋਈ ਹੈ।”

ਅਧਿਕਾਰੀਆਂ ਨੇ ਦੱਸਿਆ ਕਿ ਖਰਾਬ ਮੌਸਮ ਕਾਰਨ ਰਿਆਸੀ ਜ਼ਿਲ੍ਹੇ ’ਚ ਤ੍ਰਿਕੁਟਾ ਪਹਾੜੀਆਂ ’ਤੇ ਸਥਿਤ ਮਾਤਾ ਵੈਸ਼ਨੋ ਦੇਵੀ ਮੰਦਰ ਲਈ ਹੈਲੀਕਾਪਟਰ ਅਤੇ ਬੈਟਰੀ ਕਾਰ ਸੇਵਾਵਾਂ ਨੂੰ ਵੀ ਮੁਅੱਤਲ ਕਰ ਦਿਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਵੈਸ਼ਨੋ ਦੇਵੀ ਦੀ ਯਾਤਰਾ ਸੁਚਾਰੂ ਢੰਗ ਨਾਲ ਜਾਰੀ ਹੈ, ਪਰ ਜ਼ਮੀਨ ਖਿਸਕਣ ਦੀ ਸੰਭਾਵਨਾ ਦੇ ਮੱਦੇਨਜ਼ਰ ਮੰਦਰ ਵਲ ਜਾਣ ਵਾਲੀ ਨਵੀਂ ਬੈਟਰੀ ਕਾਰ ਦੇ ਰਸਤੇ ਨੂੰ ਬੰਦ ਕਰ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖਰਾਬ ਮੌਸਮ ਕਾਰਨ ਹੈਲੀਕਾਪਟਰ ਸੇਵਾ ਵੀ ਬੰਦ ਕਰ ਦਿਤੀ ਗਈ ਹੈ। ਅਧਿਕਾਰੀ ਨੇ ਦਸਿਆ ਕਿ ਕਠੂਆ ਅਤੇ ਸਾਂਬਾ ’ਚ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ। ਉਨ੍ਹਾਂ ਦਸਿਆ ਕਿ ਜੰਮੂ ’ਚ ਤਵੀ, ਚਨਾਬ ਅਤੇ ਇਸ ਦੀਆਂ ਸਹਾਇਕ ਨਦੀਆਂ ਦਾ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ।



ਭਾਰਤੀ ਮੌਸਮ ਵਿਭਾਗ ਨੇ ਅਗਲੇ ਸੱਤ ਦਿਨਾਂ ਤਕ ਜੰਮੂ-ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ’ਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ।

ਜੰਮੂ ਸਥਿਤ ਆਈ.ਐਮ.ਡੀ. ਕੇਂਦਰ ਦੇ ਚੇਅਰਮੈਨ ਮਹਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸ਼ਾਸਤ ਪ੍ਰਦੇਸ਼ ’ਚ ਆਉਣ ਵਾਲੇ ਹਫ਼ਤੇ ’ਚ ਭਾਰੀ ਮੀਂਹ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਜੰਮੂ-ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ’ਚ ਭਾਰੀ ਮੀਂਹ ਪਿਆ ਹੈ। ਮਹਿੰਦਰ ਸਿੰਘ ਨੇ ਕਿਹਾ, “ਕਟੜਾ ’ਚ ਸਭ ਤੋਂ ਵੱਧ 315.4 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ, ਜਿਸ ਨੂੰ ਬਹੁਤ ਭਾਰੀ ਬਾਰਸ਼ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।” ਉਨ੍ਹਾਂ ਦਸਿਆ ਕਿ ਇਸ ਖੇਤਰ ’ਚ ਪਿਛਲੇ 43 ਸਾਲਾਂ ’ਚ ਸਭ ਤੋਂ ਵੱਧ ਬਾਰਸ਼ ਦਰਜ ਕੀਤੀ ਗਈ ਹੈ।

# ਸੂਬਿਆਂ ਦੀ ਹੋਰ ਵੰਡ ਹਰਗਿਜ਼ ਨਾ ਕੀਤੀ ਜਾਵੇ

**ਅਭੀਜੀਤ ਭੱਟਾਚਾਰੀਆ**




ਦੋ ਵਿਦੇਸ਼ੀ ਅਖ਼ਬਾਰਾਂ ‘ਦਿ ਗਾਰਡੀਅਨ’ (16 ਮਈ) ਅਤੇ ‘ਦਿ ਨਿਊ ਯਾਰਕ ਟਾਈਮਜ਼’ ਵਿੱਚ ਛਪੀਆਂ ਖ਼ਬਰਾਂ ਤੋਂ ਕੋਈ ਵੀ ਪਰੇਸ਼ਾਨ ਹੋ ਸਕਦਾ ਹੈ, ਕਿਉਂਕਿ ਭਾਰਤੀ ਮੁੱਖ ਧਾਰਾ ਮੀਡੀਆ ਤਾਂ ਤਰਕਮੁਖੀ ਰੁਕਾਵਟਾਂ ਦਾ ਸਾਹਮਣਾ ਕਰਦਾ ਹੋਇਆ ਜਾਪਦਾ ਹੈ। ਲੰਡਨ ਤੋਂ ਛਪਦੇ ‘ਦਿ ਗਾਰਡੀਅਨ’ ਦੀ ਸੁਰਖੀ ਹੈ: ‘ਅਲਹਿਦਗੀ (ਵੰਡ) ਹੀ ਇੱਕੋ-ਇੱਕ ਜਵਾਬ ਹੈ। ਮਨੀਪੁਰ ਹਿੰਸਾ ਨੇ ਭਾਰਤ ਵਿੱਚ ਵੱਖਰੇ ਸੂਬੇ ਦੀ ਮੰਗ ਨੂੰ ਹੁਲਾਰਾ ਦਿੱਤਾ।’ ਅਮਰੀਕੀ ਅਖ਼ਬਾਰ ‘ਦਿ ਨਿਊ ਯਾਰਕ ਟਾਈਮਜ਼’ ਦੀ ਭਾਸ਼ਾ ਵੀ ਚਿੰਤਿਤ ਕਰਨ ਵਾਲੀ ਹੈ: ‘ਉੱਭਰਦਾ ਹੋਇਆ ਭਾਰਤ ਵੀ, ਇੱਕ ਦੂਰ-ਦੁਰਾਡੇ ਖੇਤਰ ਵਿੱਚ ਖ਼ੂਨ ਨਾਲ ਲਥਪਥ ਮੈਦਾਨ-ਏ-ਜੰਗ ਹੈ’। ਇਹ ਕਿੰਨਾ ਹੈਰਾਨ ਕਰਨ ਤੇ ਉਲਟ ਪ੍ਰਭਾਵ ਪਾਉਣ ਵਾਲਾ ਹੈ।

‘ਦਿ ਗਾਰਡੀਅਨ’ ਵੱਲੋਂ ਭਾਰਤੀ ਸੂਬੇ ਲਈ ਵਰਤੇ ਗਏ ਇਨ੍ਹਾਂ ਸ਼ਬਦਾਂ ਕਿ ‘ਅਲਹਿਦਗੀ ਹੀ ਇੱਕੋ-ਇੱਕ ਹੱਲ ਹੈ’ ਦਾ ਹੱਲ ਤਲਾਸ਼ਣ ਲਈ ਡੂੰਘਾਈ ਨਾਲ ਗ਼ੌਰ ਕਰਨ ਵਾਸਤੇ ਮੈਂ ਭਾਰਤੀ ਸੰਵਿਧਾਨ ਵੱਲ ਰੁਖ਼ ਕੀਤਾ। ਦਰਅਸਲ, ਇਸ ਮੌਕੇ ਉਤੇ ਸ਼ਬਦ ‘ਅਲਹਿਦਗੀ’ ਬਹੁਤ ਖ਼ਤਰਨਾਕ ਤੇ ਬੇਤੁਕਾ ਵਿਚਾਰ ਹੈ, ਕਿਉਂਕਿ ਬੀਤੇ 50 ਸਾਲਾਂ ਦੌਰਾਨ ਭਾਰਤੀ ਆਗੂਆਂ ਦੇ ਛੋਟੇ ਜਿਹੇ ਸਮੂਹ ਦੀ ਸੋਚ ਵਿੱਚ ਭਾਰਤੀ ਲੋਕਾਂ ਨੂੰ ਗਾਂਧੀ ਦੇ ਅਹਿੰਸਾ ਦੇ ਰਾਹ ਉਤੇ ਚੱਲਦਿਆਂ ਆਪਸ ਵਿੱਚ ਇਕਜੁੱਟ ਕਰਨ ਪੱਖੋਂ ਠੋਸ ਫ਼ੈਸਲੇ ਲੈਣ ਵਿੱਚ ਭਾਰੀ ਕਮੀ ਦਿਖਾਈ ਦਿੰਦੀ ਹੈ। ਇਸ ਦੀ ਥਾਂ ਦੇਸ਼ ਦੀ ਅਦੂਰਦਰਸ਼ੀ ਲੀਡਰਸ਼ਿਪ ਇੱਕ ਤੋਂ ਬਾਅਦ ਦੂਜੇ ਸੂਬੇ ਨੂੰ ਵੰਡਣ ਲਈ ਜ਼ਿੰਮੇਵਾਰ ਹੈ ਅਤੇ ਇਹ ਅਜਿਹੇ ਫ਼ੈਸਲੇ ਹਨ, ਜਿਨ੍ਹਾਂ ਨੂੰ ਦੁਬਾਰਾ ਬਦਲਿਆ ਨਹੀਂ ਜਾ ਸਕਦਾ। ਇਹ ਸਾਰਾ ਕੁਝ ਬਹੁਤ ਖ਼ੂਬਸੂਰਤੀ ਨਾਲ ਤਿਆਰ ਕੀਤੇ ਗਏ ਸੰਵਿਧਾਨ ਦੀ ਹੋਂਦ ਦੇ ਬਾਵਜੂਦ ਹੋਇਆ ਹੈ, ਇੱਕ ਅਜਿਹਾ ਸੰਵਿਧਾਨ ਜਿਸ ਦੇ ਹੋਣ ਦੀ ਕੋਈ ਜਮਹੂਰੀਅਤ ਸੰਭਵ ਤੌਰ ’ਤੇ ਕਲਪਨਾ ਹੀ ਕਰ ਸਕਦੀ ਹੈ। ਸਾਲ ਦਰ ਸਾਲ, ਆਗੂਆਂ ਦੇ ਇਸ ਸਮੂਹ ਨੇ ਦੇਸ਼ ਦਾ ਭੱਠਾ ਬਿਠਾ ਕੇ ਰੱਖ ਦਿੱਤਾ ਹੈ ਅਤੇ ਉਨ੍ਹਾਂ ਦੇਸ਼ ਵਿੱਚ ਅਲਹਿਦਗੀ ਤੇ ਫੁੱਟ ਦੇ ਅਜਿਹੇ ਬੀਜ ਬੀਜ ਦਿੱਤੇ, ਜਿਨ੍ਹਾਂ ਨੇ ਦੇਸ਼ ਦੇ ਇੱਕ ਬੜੇ ਵੱਡੇ ਹਿੱਸੇ ਉਤੇ ਮਾੜਾ ਅਸਰ ਪਾਇਆ ਹੈ।

ਇਸੇ ਹਵਾਲੇ ਨਾਲ ਮੈਨੂੰ 25 ਨਵੰਬਰ, 1949 ਨੂੰ ਮਹਾਨ ਵਿਦਵਾਨ ਡਾ. ਭੀਮ ਰਾਓ ਅੰਬੇਡਕਰ ਵੱਲੋਂ ਬੋਲੇ ਗਏ ਸ਼ਬਦ ਚੇਤੇ ਆਉਂਦੇ ਹਨ। ਜਦੋਂ ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਕਿਹਾ ਸੀ, “ਕੋਈ ਸੰਵਿਧਾਨ ਭਾਵੇਂ ਕਿੰਨਾ ਵੀ ਵਧੀਆ ਕਿਉਂ ਨਾ ਹੋਵੇ, ਇਸ ਦਾ ਉਸ ਸੂਰਤ ਵਿੱਚ ਮਾੜਾ ਨਿਕਲਣਾ ਯਕੀਨੀ ਹੈ, ਜੇ ਇਸ (ਸੰਵਿਧਾਨ) ਨੂੰ ਲਾਗੂ ਕਰਨ ਵਾਲੇ ਲੋਕ ਮਾੜੇ ਹੋਣ। ਇਸੇ ਤਰ੍ਹਾਂ ਕੋਈ ਸੰਵਿਧਾਨ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਇਸ ਦਾ ਉਸ ਸੂਰਤ ਵਿੱਚ ਚੰਗਾ ਸਾਬਤ ਹੋਣਾ ਯਕੀਨੀ ਹੈ, ਜੇ ਇਸ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਹੋਣਗੇ।” ਹਕੀਕਤ ਤੁਹਾਡੇ ਸਾਹਮਣੇ ਹੈ। ਸਾਲ 1950 ਤੋਂ 2021 ਦੇ ਅਖ਼ੀਰ ਤੱਕ (71 ਸਾਲਾਂ ਵਿੱਚ) ਸੰਵਿਧਾਨ ਵਿੱਚ 105 ਵਾਰ ਤਰਮੀਮਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਦੇ ਉਲਟ, ਅਮਰੀਕੀ ਸੰਵਿਧਾਨ ਵਿੱਚ 1789 ਤੋਂ 2023 ਤੱਕ (234 ਸਾਲਾਂ ਦੌਰਾਨ) ਮਹਿਜ਼ 27 ਸੋਧਾਂ ਨੂੰ ਹੀ ਮਨਜ਼ੂਰੀ ਦਿੱਤੀ ਗਈ ਹੈ।

ਸਭ ਤੋਂ ਵਧੀਆ ਅਤੇ ਬਹੁਤ ਹੀ ਸ਼ਲਾਘਾਯੋਗ ਗੱਲ ਇਹ ਹੈ ਕਿ ‘ਅਮਰੀਕੀ ਫੈਡਰੇਸ਼ਨ’ (ਅਮਰੀਕੀ ਸੰਘ) ਨੂੰ ਉੱਥੋਂ ਦੀ ਸੁਪਰੀਮ ਕੋਰਟ ਵੱਲੋਂ (ਟੈਕਸਸ ਬਨਾਮ ਵ ?ਹਾਈਟ 1869 ਦੇ ਫ਼ੈਸਲੇ ਵਿੱਚ) ‘ਨਾ ਤੋੜੇ ਜਾ ਸਕਣ ਵਾਲੇ ਸੂਬਿਆਂ ਦਾ ਨਾ ਤੋੜਿਆ ਜਾ ਸਕਣ ਵਾਲਾ ਸੰਘ’ ਕਰਾਰ ਦਿੱਤਾ ਗਿਆ ਹੈ। ਇਸ ਵਿੱਚ ਦੋ ਕਥਨ ਸ਼ਾਮਲ ਹਨ: ‘(ੳ) ਸੰਘ ਨੂੰ ਆਪਣੀ ਮਰਜ਼ੀ ਨਾਲ ਸੰਘ ਤੋਂ ਵੱਖ ਹੋਣ ਵਾਲੇ ਕਿਸੇ ਸੂਬੇ ਵੱਲੋਂ ਖ਼ਤਮ ਨਹੀਂ ਕੀਤਾ ਜਾ ਸਕਦਾ’ ਅਤੇ (ਅ) ‘ਫੈਡਰਲ ਸਰਕਾਰ ਲਈ ਇਹ ਮੁਮਕਿਨ ਨਹੀਂ ਕਿ ਉਹ ਅਮਰੀਕਾ ਦੇ ਨਕਸ਼ੇ ਨੂੰ ਬਦਲਣ ਦੀ ਕੋਸ਼ਿਸ਼ ਕਰੇ ਅਤੇ ਜਿਸ ਤਹਿਤ ਉਹ ਸੂਬਿਆਂ ਨੂੰ ਜਿਵੇਂ ਕਿ ਉਹ ਸਮਝੌਤੇ ਦੇ ਸਮੇਂ ਮੌਜੂਦ ਸਨ ਵਿੱਚੋਂ ਨਾ ਤਾਂ ਸਬੰਧਤ ਸੂਬੇ ਦੀ ਵਿਧਾਨ ਸਭਾ ਦੀ ਸਹਿਮਤੀ ਤੋਂ ਬਿਨਾਂ ਤੋੜ ਕੇ ਵੱਖਰਾ ਸੂਬਾ ਬਣਾ ਸਕਦੀ ਹੈ ਤੇ ਨਾ ਹੀ ਸੂਬੇ ਵਿੱਚ ਕੋਈ ਤਬਦੀਲੀ ਕਰ ਸਕਦਾ ਹੈ।’

ਭਾਰਤ ਵਿੱਚ ਉਂਝ ਚੀਜ਼ਾਂ ਇਸ ਦੌਰਾਨ ਬੜੀ ਤੇਜ਼ੀ ਨਾਲ ਬਦਲੀਆਂ ਹਨ। ਕਈ ਵਾਰ ਤਾਂ ਜਿਸ ਢੰਗ ਨਾਲ ਸਾਰਾ ਕੁਝ ਵਾਪਰਿਆ ਹੈ, ਉਸ ਤੋਂ ਸੰਵਿਧਾਨਕ ਤੌਰ ’ਤੇ ਜਾਗਰੂਕ, ਇਮਾਨਦਾਰ ਅਤੇ ਕਾਨੂੰਨ ਨੂੰ ਮੰਨਣ ਵਾਲੇ ਨਾਗਰਿਕ ਵੀ ਇਸ ਕਾਰਨ ਹੈਰਾਨ ਰਹਿ ਜਾਂਦੇ ਹਨ ਕਿ ਕੁਝ ਧਿਰਾਂ ਨੇ ਕਿਵੇਂ ਲਗਾਤਾਰ ਨਸਲੀ, ਭਾਸ਼ਾਈ, ਕਬਾਇਲੀ ਭਾਈਚਾਰੇ, ਜਾਤਾਂ, ਗੋਤਾਂ ਅਤੇ ਫ਼ਿਰਕੂ ਆਧਾਰ ਉਤੇ ਕਿਵੇਂ ਨਾਜ਼ੁਕ ਤੇ ਜਜ਼ਬਾਤੀ ਪੱਤੇ ਖੇਡੇ ਹਨ। ਅਜਿਹਾ ਕਰਦੇ ਸਮੇਂ ਉਨ੍ਹਾਂ ਭਾਰਤੀ ਸਰਜ਼ਮੀਨ ਦੇ ਬਹੁਤ ਹੀ ਸੰਵੇਦਨਸ਼ੀਲ ਇਲਾਕਿਆਂ, ਜਿਵੇਂ ਕਿ ਸਰਹੱਦੀ ਸੂਬਿਆਂ ਆਦਿ ਦਾ ਵੀ ਖ਼ਿਆਲ ਨਹੀਂ ਰੱਖਿਆ। ਇਸ ਤਰ੍ਹਾਂ ਸੂਬਿਆਂ ਦੀ ‘ਕਾਂਟ-ਛਾਂਟ ਤੇ ਸਿਰਜਣਾ’ ਭਵਿੱਖ ਲਈ ਆਤਮ ਵਿਸ਼ਵਾਸ ਭਰਪੂਰ ਰਹਿਣ ਦੀ ਬਹੁਤੀ ਗੁੰਜਾਇਸ਼ ਨਹੀਂ ਦਿੰਦੀ। ਅਜਿਹਾ ਇਸ ਕਾਰਨ ਵੀ ਹੈ ਕਿ ਭਾਰਤੀ ਸੰਘ ਵਿੱਚ ਸੂਬੇ ‘ਨਾ ਤੋੜੀਆਂ ਜਾ ਸਕਣਯੋਗ’ ਇਕਾਈਆਂ ਨਹੀਂ ਹਨ। ਭਾਰਤੀ ਸੰਸਦ ਨੇ ਬੀਤੇ ਸਮੇਂ ਦੌਰਾਨ ਜਿਸ ਤਰ੍ਹਾਂ ਬੜੀ ਆਸਾਨੀ ਨਾਲ ਸੂਬਿਆਂ ਦੇ ਨਾਂ ਤੇ ਉਨ੍ਹਾਂ ਦੀ ਗਿਣਤੀ ਬਦਲੀ ਹੈ, ਉਹ ਹੈਰਾਨ ਕਰਨ ਵਾਲੀ ਹੈ। ਉਂਝ ਇਸ ਦੀ ਸ਼ੁਰੂਆਤ ਕਾਫ਼ੀ ਪ੍ਰਭਾਵਸ਼ਾਲੀ ਸੀ, ਜਦੋਂ ਰਾਜ ਮੁੜਗਠਨ ਐਕਟ, 1956 ਤਹਿਤ ਸੂਬਿਆਂ ਦੀ ਗਿਣਤੀ 27 ਤੋਂ ਘਟਾ ਕੇ 14 ਕਰ ਦਿੱਤੀ ਗਈ। ਪਰ ਅਫ਼ਸੋਸ, ਇਸ ਤੋਂ ਬਾਅਦ ਖ਼ਾਸਕਰ ਸਰਹੱਦੀ ਸੂਬਿਆਂ ਨੂੰ ਨਵੇਂ ਸੂਬੇ ਬਣਾਉਣ ਲਈ ਵੱਡੇ ਪੱਧਰ ’ਤੇ ਵੰਡਿਆ ਤੇ ਕਾਂਟਿਆ-ਛਾਂਟਿਆ ਗਿਆ। ਇਸ ਦੌਰਾਨ ਪੰਜਾਬ (ਪਾਕਿਸਤਾਨ ਦਾ ਸਰਹੱਦੀ ਸੂਬਾ), ਅਸਾਮ (ਚੀਨ, ਬਰਮਾ, ਭੂਟਾਨ ਤੇ ਬੰਗਲਾਦੇਸ਼ ਦਾ ਸਰਹੱਦੀ), ਬਿਹਾਰ (ਨੇਪਾਲ ਦਾ ਸਰਹੱਦੀ), ਉੱਤਰ ਪ੍ਰਦੇਸ਼ (ਨੇਪਾਲ ਤੇ ਤਿੱਬਤੀ) ਅਤੇ ਬਾਂਬੇ (ਪਾਕਿਸਤਾਨ ਦਾ ਸਰਹੱਦੀ) ਨੂੰ ਵੰਡ ਕੇ ਛੋਟੇ ਸੂਬੇ ਬਣਾਏ ਗਏ। ਅਜਿਹੇ ਬਣਾਏ ਗਏ ਸੂਬਿਆਂ ਵਿੱਚ ਨਾਗਾਲੈਂਡ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼, ਮਨੀਪੁਰ, ਤ੍ਰਿਪੁਰਾ, ਮੇਘਾਲਿਆ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਗੁਜਰਾਤ ਸ਼ਾਮਲ ਹਨ। ਇਸ ਦੌਰਾਨ ਸਿਰਫ਼ ਦੋ ਗ਼ੈਰ-ਸਰਹੱਦੀ ਸੂਬਿਆਂ ਨੂੰ ਹੀ ਵੰਡਿਆ ਗਿਆ, ਜਿਸ ਤਹਿਤ ਮੱਧ ਪ੍ਰਦੇਸ਼ ਨੂੰ ਵੰਡ ਕੇ ਚਾਰੇ ਪਾਸਿਉਂ ਜ਼ਮੀਨ ਨਾਲ ਘਿਰਿਆ ਸੂਬਾ ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਨੂੰ ਵੰਡ ਕੇ ਚਾਰੇ ਪਾਸਿਉਂ ਜ਼ਮੀਨ ਨਾਲ ਘਿਰਿਆ ਸੂਬਾ ਤਿਲੰਗਾਨਾ ਬਣਾਇਆ ਗਿਆ।

ਭਾਰਤੀ ਸੰਵਿਧਾਨ ਦੀ ਧਾਰਾ 1 ਤੋਂ 4 ਦੀ ਧਿਆਨ ਨਾਲ ਘੋਖ ਕੀਤੇ ਜਾਣ ਤੋਂ ਸਾਹਮਣੇ ਆਉਂਦਾ ਹੈ ਕਿ ਅਮਰੀਕੀ ਸੰਵਿਧਾਨ ਦੇ ਉਲਟ ਭਾਰਤੀ ਸੰਵਿਧਾਨ ਸੂਬਿਆਂ ਨੂੰ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਉਨ੍ਹਾਂ ਦੀ ਇਲਾਕਾਈ ਅਖੰਡਤਾ ਨੂੰ ਪ੍ਰਭਾਵਿਤ ਕੀਤੇ ਜਾਣ ਖ਼ਿਲਾਫ਼ ਕੋਈ ਗਾਰੰਟੀ ਨਹੀਂ ਦਿੰਦਾ। ਮੈਨੂੰ ਜਾਪਦਾ ਹੈ ਕਿ ਇਸ ਤੋਂ ਭਵਿੱਖ ਵਿੱਚ ਬਹੁਤ ਭਾਰੀ ਉਲਝਣਾਂ ਪੈਦਾ ਹੋ ਸਕਦੀਆਂ ਹਨ, ਖ਼ਾਸਕਰ ਸਰਹੱਦੀ ਸੂਬਿਆਂ ਵਿੱਚ ਮੁਕਾਬਲੇ ਦੀ ਸਿਆਸਤ ਇੱਕੋ ਝਟਕੇ ਨਾਲ ਟਕਰਾਅਮੁਖੀ ਬਣ ਜਾਵੇਗੀ।

ਜ਼ਰਾ ਗ਼ੌਰ ਕਰੋ। ਅਸੀਂ ਸਰਹੱਦੀ ਸੂਬਿਆਂ ਨਾਲ ਛੇੜਖਾਨੀ ਕੀਤੀ ਅਤੇ ਸੋਚਿਆ ਕਿ ਸਮੱਸਿਆਵਾਂ ਹੱਲ ਹੋ ਜਾਣਗੀਆਂ। ਪਰ ਕੀ ਸੱਚਮੁੱਚ ਅਜਿਹਾ ਹੋਇਆ ? ਅੱਜ ਸਾਨੂੰ ਇੱਕ ਵਿਸ਼ਾਲ ਤਸਵੀਰ ਉਤੇ ਧਿਆਨ ਧਰਨਾ ਚਾਹੀਦਾ ਹੈ ਅਤੇ ਨਾਲ ਹੀ ਇਸ ਗੱਲ ਲਈ ਇਤਫ਼ਾਕ ਰਾਇ ਬਣਾਉਣ ਲਈ ਇੱਕ ਆਲ ਪਾਰਟੀ ਮੀਟਿੰਗ ਸੱਦਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਕਿਸੇ ਵੀ ਸੂਬੇ ਨੂੰ ਇੱਕ ਹੋਰ ਛੋਟਾ ਸੂਬਾ ਸਿਰਜਣ ਲਈ ਵੰਡਿਆ ਨਹੀਂ ਜਾਵੇਗਾ, ਖ਼ਾਸਕਰ ਚੀਨ, ਬਰਮਾ, ਬੰਗਲਾਦੇਸ਼, ਭੂਟਾਨ, ਨੇਪਾਲ ਅਤੇ ਪਾਕਿਸਤਾਨ ਨਾਲ ਲੱਗਦੇ ਕਿਸੇ ਸੂਬੇ ਨੂੰ ਤਾਂ ਬਿਲਕੁਲ ਵੀ ਨਹੀਂ। ਅਜਿਹੀ ਆਲ ਪਾਰਟੀ ਕਾਨਫਰੰਸ ਦੇ ਨਾਲ ਹੀ ਆਬਾਦੀ ਦੀ ਗਿਣਤੀ, ਭੂਗੋਲ, ਨਸਲ ਆਦਿ ਦੇ ਮਾਹਿਰਾਂ ਨੂੰ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਇਸੇ ਪ੍ਰਸੰਗ ਵਿੱਚ ਮਨੀਪੁਰ ਵਿੱਚੋਂ ਵੀ ਕਿਸੇ ਕਿਸਮ ਦੀ ਵੰਡ ਜਾਂ ਵੱਖਵਾਦ ਨੂੰ ਕਿਸੇ ਵੀ ਕੀਮਤ ਉਤੇ ਨਹੀਂ ਕੀਤਾ ਜਾਣਾ ਚਾਹੀਦਾ। ਜੇ ਅਜਿਹੀ ਕਿਸੇ ਵੀ ਮੰਗ ਨੂੰ ਮੰਨ ਲਿਆ ਜਾਂਦਾ ਹੈ, ਤਾਂ ਇਸ ਨਾਲ ਦੇਸ਼ ਭਰ ਵਿੱਚ ਹੋਰ ਵੀ ਅਜਿਹੀਆਂ ਵੱਡੇ ਪੱਧਰ ਉਤੇ ਉੱਠਣ ਵਾਲੀਆਂ ਮੰਗਾਂ ਲਈ ਰਸਤੇ ਖੁੱਲ੍ਹ ਜਾਣਗੇ। ਦੇਸ਼ ਦੇ ਸਰਹੱਦੀ ਇਲਾਕਿਆਂ ਵਿੱਚ ਬਹੁਤ ਸਾਰੇ ਅਜਿਹੇ ਖੇਤਰੀ ਤੇ ਉਪ ਖੇਤਰੀ ਆਗੂ ਘਾਤ ਲਾਈ ਬੈਠੇ ਹਨ, ਜਿਹੜੇ ਆਪਣੇ ਭਿਆਨਕ ਏਜੰਡਿਆਂ ਨੂੰ ਅਮਲੀ ਰੂਪ ਦੇਣ ਲਈ ਇੱਕ ਮੌਕੇ ਦੀ ਤਾਕ ਵਿੱਚ ਹਨ। ਇਸ ਤਰ੍ਹਾਂ ਭਾਰਤ ਦੇ ਚੀਨ ਵਰਗੇ ਆਪਣੇ ਦੁਸ਼ਮਣਾਂ, ਜਿਹੜੇ ਬਿਨਾਂ ਸ਼ੱਕ ਭਾਰਤ ਦੇ ਪੱਕੇ ਦੁਸ਼ਮਣ ਹਨ, ਦੇ ਜਾਲ ਵਿੱਚ ਫਸ ਜਾਣ ਦਾ ਖ਼ਤਰਾ ਹੈ। ਇਸ ਲਈ ਮਨੀਪੁਰ ਵਰਗਾ ਸੰਕਟ, ਜਿਹੜਾ ਕਿ ਨਸਲੀ ਤੇ ਜਾਤੀ ਗਰੁੱਪਾਂ ਦਰਮਿਆਨ ਤਿੱਖੀ ਵੰਡ ਤੇ ਫੁੱਟ ਦੇ ਸੰਕੇਤ ਦੇ ਰਿਹਾ ਹੈ, ਵਿੱਚ ਫ਼ੌਰੀ ਤੌਰ ’ਤੇ ਸੁਲ੍ਹਾ ਸਫ਼ਾਈ ਦਾ ਅਮਲ ਸ਼ੁਰੂ ਕੀਤੇ ਜਾਣ ਦੀ ਲੋੜ ਹੈ, ਤਾਂ ਕਿ ਦੁਸ਼ਮਣ ਤਾਕਤਾਂ ਨੂੰ ਫ਼ੌਰੀ ਸਪੱਸ਼ਟ ਸੁਨੇਹਾ ਦਿੱਤਾ ਜਾ ਸਕੇ ਕਿ ਦੇਸ਼ ਨੇ ਇਹ ਫ਼ੈਸਲਾ ਕੀਤਾ ਹੈ ਕਿ ‘ਹੋਰ ਭਾਵੇਂ ਕੁਝ ਵੀ ਹੋ ਜਾਵੇ, ਪਰ ਹੁਣ ਕਿਸੇ ਸੂਬੇ ਦੀ ਕੋਈ ਵੰਡ ਨਹੀਂ’ ਕੀਤੀ ਜਾਵੇਗੀ।

ਵਿਅੰਗਮਈ ਢੰਗ ਨਾਲ ਮਨੀਪੁਰ ਤੋਂ ਕਿਤੇ ਦੂਰ ਖ਼ਤਰੇ ਦੀ ਇੱਕ ਹੋਰ ਤਲਵਾਰ ਲਟਕ ਰਹੀ ਹੈ - ਉਹ ਇਹ ਕਿ ਆਖ਼ਰ ਲੱਦਾਖ਼ ਦੇ ਆਗੂ ਖ਼ਿੱਤੇ ਨੂੰ ਸੂਬੇ ਦਾ ਦਰਜਾ ਦਿੱਤੇ ਜਾਣ ਦੀ ਮੰਗ ਕਿਉਂ ਕਰ ਰਹੇ ਹਨ ? ਇਸ ਨੂੰ ਯੂਟੀ ਵਜੋਂ ਵਿਸ਼ੇਸ਼ ਦਰਜਾ ਦਿੱਤੇ ਜਾਣ ਦੀ ਗੱਲ ਤਾਂ ਸਮਝੀ ਜਾ ਸਕਦੀ ਹੈ, ਪਰ ਦਿੱਲੀ ਤੋਂ ਬੜੀ ਦੂਰ ਇੱਕ ਹੋਰ ਛੋਟੇ ਪਹਾੜੀ ਸੂਬੇ ਦੀ ਸਿਰਜਣਾ ਨੂੰ ਹਰ ਹਾਲ ‘ਨਾਂਹ’ ਹੀ ਆਖਿਆ ਜਾਣਾ ਚਾਹੀਦਾ ਹੈ। ਕੇਂਦਰ ਨੂੰ ਹੁਣ ਪੈਰ ਜ਼ਮੀਨ ਉਤੇ ਟਿਕਾਉਣੇ ਚਾਹੀਦੇ ਹਨ ਅਤੇ ਅਜਿਹੇ ਸਾਰੇ ਇਲਾਕਾਈ ਆਗੂ ਜਿਹੜੇ ਆਪਣੀਆਂ ਸਲਤਨਤਾਂ ਕਾਇਮ ਕਰਨ ਦੇ ਸੁਪਨੇ ਦੇਖ ਰਹੇ ਹਨ, ਨੂੰ ਸਾਫ਼ ਕਰ ਦੇਣਾ ਚਾਹੀਦਾ ਹੈ ਕਿ ਜ਼ਮੀਨੀ ਹਕੀਕਤ ਹੁਣ ਮੁਲਕ ਨੂੰ ਹੋਰ ਸੂਬੇ ਬਣਾਉਣ ਦੀ ਇਜਾਜ਼ਤ ਨਹੀਂ ਦਿੰਦੀ। ਸੰਵਿਧਾਨ ਦੀ ਧਾਰਾ 4 ਦੇਸ਼ ਦੀ ਸੰਸਦ ਨੂੰ ‘ਨਵਾਂ ਸੂਬਾ ਬਣਾਉਣ’, ‘ਸੂਬੇ ਦਾ ਰਕਬਾ ਵਧਾਉਣ’, ‘ਸੂਬੇ ਦਾ ਰਕਬਾ ਘਟਾਉਣ’, ‘ਸੂਬੇ ਦੀਆਂ ਹੱਦਾਂ ਵਿੱਚ ਕਾਂਟ-ਛਾਂਟ ਕਰਨ’ ਅਤੇ ‘ਸੂਬੇ ਦਾ ਨਾਂ ਬਦਲਣ’ ਦਾ ਅਖ਼ਤਿਆਰ ਦਿੰਦੀ ਹੈ, ਪਰ ਅਸਲ ਵਿੱਚ ਹੁਣ ਵੰਡੇ ਜਾਣ ਦਾ ਨਹੀਂ ਸਗੋਂ ਇਕਮੁੱਠ ਹੋਣ ਦਾ ਵੇਲਾ ਹੈ।

# ਸੰਵਿਧਾਨ ਉਲੰਘਣਾ ਅਤੇ ਰਾਜਪਾਲਾਂ ਰਾਹੀਂ ਸਿਆਸਤ

ਭਾਰਤੀ ਸੰਵਿਧਾਨ ਵਿਚ ਡਾ. ਬੀਆਰ ਅੰਬੇਦਕਰ ਦੀ ਆਗਵਾਈ ਵਿਚ ਸੰਵਿਧਾਨ ਘਾੜਿਆਂ ਨੇ ਦੋ ਅਹੁਦੇ ਅਤਿ ਅਹਿਮ, ਪ੍ਰੌਢ, ਸੰਵਿਧਾਨ ਦੀ ਰਾਖੀ ਕਰਨ, ਭਾਰਤੀ ਲੋਕਤੰਤਰ ਨੂੰ ਸਿਹਤਮੰਦ ਰੀਤੀ-ਰਿਵਾਜਾਂ, ਉੱਚਤਮ ਮਿਸਾਲਾਂ, ਦੂਰ ਦ੍ਰਿਸ਼ਟੀ ਭਰਭੂਰ ਦ੍ਰਿਸ਼ਟੀਕੋਣ ਰਾਹੀਂ ਮਜ਼ਬੂਤ ਅਤੇ ਸਥਿਰਤਾ ਦੀ ਕਾਇਮੀ ਦੀ ਕਾਮਨਾ ਕੀਤੀ ਸੀ। ਇਹ ਸਨ ਦੇਸ਼ ਦੇ ਰਾਸ਼ਟਰਪਤੀ ਅਤੇ ਰਾਜਾਂ ਦੇ ਰਾਜਪਾਲਾਂ (ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੇ ਉੱਪ ਰਾਜਪਾਲ) ਦੀ ਨਿਯੁਕਤੀ ਲੇਕਿਨ ਹੁਣ ਤੱਕ ਦਾ ਸੰਵਿਧਾਨਕ ਅਮਲ ਇਹ ਦਰਸਾਉਂਦਾ ਹੈ ਕਿ ਜਿੱਥੇ ਅੱਜ ਰਾਸ਼ਟਰਪਤੀ ਦਾ ਪਦ 'ਨਾਮਾਤਰ ਮੁਖੀ' ਜਾਂ 'ਰਬੜ ਦੀ ਮੋਹਰ' ਬਣ ਕੇ ਰਹਿ ਗਿਆ ਹੈ ਜਦ ਕਿ ਰਾਜਪਾਲ ਰਾਜਾਂ ਵਿਚ 'ਪਥਾੜੇ ਦੀ ਜੜ੍ਹ' ਖਾਸ ਕਰ ਕੇ ਜਿਨ੍ਹਾਂ ਰਾਜਾਂ ਵਿਚ ਕੇਂਦਰੀ ਸੱਤਾਧਾਰੀ ਪਾਰਟੀ ਜਾਂ ਗਠਜੋੜ ਵਿਰੋਧੀ ਪਾਰਟੀਆਂ ਜਾਂ ਗਠਜੋੜਾਂ ਦਾ ਸ਼ਾਸਨ ਹੈ, ਅੰਦਰ ਨਿੱਤ ਗੈਰ-ਸੰਵਿਧਾਨਕ ਦਖ਼ਲ ਦਾ ਕਾਰਨ ਬਣ ਚੁੱਕਾ ਹੈ ਜਿਸ ਕਰ ਕੇ ਰਾਜਨੀਤਕ, ਸੰਵਿਧਾਨਕ, ਪ੍ਰਸ਼ਾਸਨਕ, ਵਿਧਾਨਕ ਟਕਰਾਅ ਕਰ ਕੇ ਰਾਜਾਂ ਦੇ ਵਿਕਾਸ ਤੇ ਲਗਾਤਾਰ ਮੰਦ ਪ੍ਰਭਾਵ ਪੈਂਦਾ ਹੈ।

ਸੰਵਿਧਾਨਕ ਤੌਰ 'ਤੇ ਦੇਖਣ, ਸੁਣਨ, ਪੜ੍ਹਨ ਵਿਚ ਭਾਰਤੀ ਰਾਸ਼ਟਰਪਤੀ ਕੋਲ ਵਿਸ਼ਾਲ ਸ਼ਕਤੀਆਂ ਹਨ। ਦੇਸ਼ ਦਾ ਸੰਵਿਧਾਨਕ ਮੁਖੀ, ਤਿੰਨ ਸੈਨਾਵਾਂ ਦਾ ਕਮਾਂਡਰ ਇਨ ਚੀਫ, ਪ੍ਰਧਾਨ ਮੰਤਰੀ ਤੇ ਕੈਬਨਿਟ ਮੰਤਰੀਆਂ, ਰਾਜਪਾਲਾਂ ਸਮੇਤ ਅਨੇਕ ਨਿਯੁਕਤੀਆਂ, ਸੰਕਟਕਾਲੀਨ ਵਿਵਸਥਾ, ਪਾਰਲੀਮੈਂਟ ਵਿਚ ਪਾਸ ਬਿੱਲਾਂ ਨੂੰ ਮਨਜ਼ੂਰੀ ਦੇਣਾ ਆਦਿ। ਪ੍ਰਧਾਨ ਮੰਤਰੀਆਂ ਲਈ ਜ਼ਰੂਰੀ ਹੈ ਕਿ ਉਹ ਕੈਬਨਿਟ ਦੇ ਨੀਤੀ ਫੈਸਲਿਆਂ, ਵਿਦੇਸ਼ ਯਾਤਰਾ 'ਤੇ ਜਾਣ ਤੋਂ ਪਹਿਲਾਂ ਅਤੇ ਵਾਪਸੀ 'ਤੇ ਵਿਦੇਸ਼ੀ ਦੇਸ਼ਾਂ ਨਾਲ ਸਮਝੌਤਿਆਂ, ਸਬੰਧਾਂ, ਵਿਦੇਸ਼ ਨੀਤੀ ਸਬੰਧੀ ਰਾਸ਼ਟਰਪਤੀ ਨੂੰ ਮਿਲ ਕੇ ਜਾਣਕਾਰੀ ਦੇਣ।

ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦਾ ਵਾਹ-ਵਾਸਤਾ ਪਹਿਲੇ ਤਿੰਨ ਪ੍ਰਧਾਨ ਮੰਤਰੀਆਂ ਨਾਲ ਰਿਹਾ। ਇਨ੍ਹਾਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ ਅਤੇ ਇੰਦਰਾ ਗਾਂਧੀ ਸ਼ਾਮਿਲ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਜਿਥੇ ਪੰਡਿਤ ਨਹਿਰੂ ਕੈਬਨਿਟ ਫੈਸਲਿਆਂ ਅਤੇ ਵਿਦੇਸ਼ੀ ਦੌਰਿਆਂ ਸਬੰਧੀ 100 ਪ੍ਰਤੀਸ਼ਤ ਜਾਣਕਾਰੀ ਦਿੰਦੇ ਸਨ, ਸ਼ਾਸਤਰੀ ਵੇਲੇ ਇਹ ਘਟ ਕੇ 75 ਅਤੇ ਇੰਦਰਾ ਗਾਂਧੀ ਵੇਲੇ 25 ਪ੍ਰਤੀਸ਼ਤ, ਭਾਵ ਨਾਮਾਤਰ ਰਹਿ ਗਈ। ਜੂਨ, 1975 ਵੇਲੇ ਦੇਸ਼ ਵਿਚ ਐਮਰਜੈਂਸੀ ਲਾਉਣ ਦੀ ਮਨਜ਼ੂਰੀ ਵੇਲੇ ਰਾਸ਼ਟਰਪਤੀ ਫਖਰੁਦੀਨ ਅਲੀ ਅਹਿਮਦ ਨੇ ਜ਼ਰਾ ਚੂੰ-ਚਾਂ ਨਹੀਂ ਕੀਤੀ। ਸਾਕਾ ਨੀਲਾ ਤਾਰਾ (ਜੂਨ 1984) ਵੇਲੇ ਇੰਦਰਾ ਗਾਂਧੀ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਜ਼ਰਾ ਭਿਣਕ ਨਹੀਂ ਲੱਗਣ ਦਿਤੀ। ਨਵੀਂ ਪਾਰਲੀਮੈਂਟ ਬਿਲਡਿੰਗ ਦੇ 28 ਮਈ, 2023 ਨੂੰ ਉਦਘਾਟਨ ਵੇਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਬੁਲਾਉਣ ਦੀ ਜ਼ਹਿਮਤ ਨਹੀਂ ਕੀਤੀ। ਇਥੋਂ ਪਤਾ ਲੱਗਦਾ ਹੈ ਕਿ ਭਾਰਤੀ ਰਾਸ਼ਟਰਪਤੀ ਵਿਸ਼ਾਲ ਸੰਵਿਧਾਨਕ ਸ਼ਕਤੀਆਂ ਦੇ ਬਾਵਜੂਦ ਨਾਮਾਤਰ ਮੁਖੀ ਬਣ ਕੇ ਰਹਿ ਗਿਆ ਹੈ।

ਦੂਜੇ ਪਾਸੇ ਰਾਜਪਾਲ ਰਾਜਾਂ ਵਿਚ ਆਪਣੇ ਆਪ ਨੂੰ ਤਾਕਤਵਰ ਰਾਜਨੀਤਕ ਅਤੇ ਸੰਵਿਧਾਨਕ ਸੱਤਾ ਸਥਾਪਿਤ ਕਰ ਰਿਹਾ ਹੈ। ਰਾਜ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਕੇਂਦਰ ਵਲੋਂ ਨਿਯੁਕਤ ਰਾਜਪਾਲ ਟਿੱਚ ਜਾਣਦਾ ਹੈ। ਕੇਂਦਰ ਦੀ ਸ਼ਹਿ 'ਤੇ ਅੰਨ੍ਹਾ ਹੋਇਆ ਰਾਜਪਾਲ 'ਚੁਣੇ' ਅਤੇ 'ਨਿਯੁਕਤ' ਬੰਦੇ ਦਾ ਫਰਕ ਨਹੀਂ ਸਮਝ ਰਿਹਾ।

ਅੱਜ ਹਾਲ ਇਹ ਹੈ ਕਿ ਤਾਮਿਲਨਾਡੂ, ਤਿਲੰਗਾਨਾ, ਪੰਜਾਬ, ਪੱਛਮੀ ਬੰਗਾਲ, ਕੇਰਲ, ਦਿੱਲੀ, ਮਹਾਰਾਸ਼ਟਰ ਆਦਿ ਵਿਚ ਕੇਂਦਰ ਦੇ ਰਾਜਾਂ ਅੰਦਰ ਪ੍ਰਤੀਨਿਧਾਂ ਵਜੋਂ ਸੰਵਿਧਾਨਕ ਵਿਵਸਥਾ ਅਨੁਸਾਰ ਨਿਯੁਕਤ ਕੀਤੇ ਰਾਜਪਾਲ ਜਾਂ ਉਪ ਰਾਜਪਾਲ ਆਪਣੀਆਂ ਸੰਵਿਧਾਨਕ ਹੱਦਾਂ ਉਲੰਘ ਰਹੇ ਹਨ। ਮਹਾਰਾਸ਼ਟਰ ਵਿਚ ਉਧਵ ਠਾਕਰੇ (ਸ਼ਿਵ ਸੈਨਾ) ਦੀ ਅਗਵਾਈ ਵਾਲੀ ਸਰਕਾਰ ਦਾ ਭੋਗ ਪਾਇਆ ਗਿਆ। ਤਾਮਿਲਨਾਡੂ, ਪੱਛਮੀ ਬੰਗਾਲ, ਪੰਜਾਬ ਆਦਿ ਵਿਚ ਵਿਧਾਨ ਸਭਾਵਾਂ ਦੇ ਪਾਸ ਬਿੱਲ ਰੋਕਣ, ਤਾਮਿਲਨਾਡੂ ਵਿਧਾਨ ਮੰਡਲ ਦੇ ਸਾਂਝੇ ਸੈਸ਼ਨ ਵਿਚ ਸਰਕਾਰ ਦੇ ਤਿਆਰ ਭਾਸ਼ਣ ਦੇ ਕਈ ਨੁਕਤੇ ਨਾ ਬੋਲਣੇ, ਕੇਰਲ ਤੇ ਪੰਜਾਬ ਵਿਚ ਪ੍ਰੈੱਸ ਕਾਨਫਰੰਸਾਂ ਬੁਲਾ ਕੇ ਸਰਕਾਰਾਂ ਦੀ ਆਲੋਚਨਾ ਕਰਨਾ ਸੰਵਿਧਾਨ ਦੀ ਉਲੰਘਣਾ ਹੀ ਨਹੀਂ ਬਲਕਿ ਸਨਮਾਨ ਤੇ ਪਾਲਣ ਦੀ ਅਵੱਗਿਆ ਕਰ ਕੇ ਠੇਸ ਪਹੁੰਚਾਈ ਗਈ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਤਾਮਿਲਨਾਡੂ ਦੇ ਇਕ ਮੰਤਰੀ ਸੈਂਥਲ ਬਾਲਾਜੀ ਦੀ ਕੈਬਨਿਟ ਵਿਚੋਂ ਬਰਖਾਸਤਗੀ ਦੇ ਹੁਕਮ ਚਾੜ੍ਹ ਦਿਤੇ। ਵੱਖਰੀ ਗੱਲ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਦਖਲ ਕਰ ਕੇ 'ਆਨ ਹੋਲਡ' ਵਿਵਸਥਾ ਵਿਚ ਰੱਖ ਲਏ ਅਤੇ ਕਾਨੂੰਨੀ ਸਲਾਹ ਲੈਣੀ ਸ਼ੁਰੂ ਕੀਤੀ।

ਸੰਵਿਧਾਨ ਦੀ ਧਾਰਾ 164 ਅਨੁਸਾਰ ਰਾਜਪਾਲ ਲਈ ਕਿਸੇ ਵੀ ਮੰਤਰੀ ਨੂੰ ਨਿਯੁਕਤ ਜਾਂ ਬਰਖਾਸਤ ਕਰਨ ਲਈ ਮੁੱਖ ਮੰਤਰੀ ਦੀ ਸਲਾਹ ਲੈਣੀ ਜ਼ਰੂਰੀ ਹੈ। ਤਾਮਿਲਨਾਡੂ ਦੇ ਰਾਜਪਾਲ ਆਰਐੱਨ ਰਵੀ ਨੇ ਮੁੱਖ ਮੰਤਰੀ ਐੱਮਕੇ ਸਟਾਲਿਨ ਦੀ ਰਾਇ ਨਾ ਲੈ ਕੇ ਗੈਰ-ਸੰਵਿਧਾਨਕ ਫੈਸਲਾ ਕਰ ਲਿਆ। ਐਸਾ ਆਜ਼ਾਦ ਭਾਰਤ ਦੇ ਕਾਲ ਵਿਚ ਪਹਿਲੀ ਵਾਰ ਹੋਇਆ ਹੈ। ਐਸੇ ਰਾਜਪਾਲ ਨੂੰ ਤੁਰੰਤ ਪਦ ਮੁਕਤ ਕਰਨਾ ਚਾਹੀਦਾ ਹੈ। ਇਹ ਭਾਰਤ ਦੇ ਸੰਵਿਧਾਨ ਦੀ ਘੋਰ ਅਵੱਗਿਆ ਹੈ।

ਤਾਮਿਲਨਾਡੂ ਦੇ ਮੰਤਰੀ ਸੈਂਥਲ ਬਾਲਾਜੀ ਦਾ ਵੀ ਇਹ ਨੈਤਿਕ ਫਰਜ਼ ਬਣਦਾ ਸੀ ਕਿ ਉਹ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਭਾਰਤੀ ਦੰਡ ਨਿਯਮਾਵਲੀ ਦੀਆਂ ਕਈ ਧਾਰਾਵਾਂ ਤਹਿਤ ਕੇਸ ਚੱਲਣ, ਈਡੀ ਵਲੋਂ 14 ਜੂਨ 2023 ਨੂੰ ਗ੍ਰਿਫਤਾਰ ਕਰਨ ਕਰ ਕੇ ਅਸਤੀਫਾ ਦੇ ਦਿੰਦੇ। ਇਵੇਂ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਧੀਆ, ਸਿਹਤ ਮੰਤਰੀ ਸਤੇਂਦਰ ਜੈਨ ਜੋ ਜੇਲ੍ਹ ਵਿਚ ਬੰਦ ਹਨ, ਪੰਜਾਬ ਦੇ ਫੂਡ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂ ਚੱਕ ਜਿਸ 'ਤੇ ਬਦਫੈਲੀ ਦਾ ਦੋਸ਼ ਕੌਮੀ ਦਲਿਤ ਕਮਿਸ਼ਨ ਪਾਸ ਚੱਲ ਰਿਹਾ ਹੈ, ਦੇ ਮਾਮਲਿਆਂ ਵਿਚ ਦੇਖਣ ਨੂੰ ਮਿਲ ਰਿਹਾ ਹੈ।



ਦਰਬਾਰਾ ਸਿੰਘ ਕਾਹਲੋਂ
94170-94034

ਰਾਜਪਾਲ ਸੰਵਿਧਾਨ ਦੀ ਧਾਰਾ 159 ਅਨੁਸਾਰ ਸੰਵਿਧਾਨ ਅਤੇ ਕਾਨੂੰਨ ਦੀ ਰਾਖੀ ਲਈ ਸਹੁੰ ਚੁੱਕਦਾ ਹੈ। ਧਾਰਾ 161 ਅਧੀਨ ਯੂਨੀਵਰਸਿਟੀਆਂ ਦਾ ਚਾਂਸਲਰ, ਸਜ਼ਾ ਮੁਆਫੀ ਜਾਂ ਸਸਪੈਂਨਸ਼ਨ, ਧਾਰਾ 155 ਰਾਜਪਾਲ ਦੀ ਨਿਯੁਕਤੀ, ਧਾਰਾ 156 ਰਾਜਪਾਲ ਦੇ 5 ਸਾਲ ਕਾਰਜਕਾਲ, ਧਾਰਾ 158 ਅਨੁਸਾਰ ਰਾਜ ਦੇ ਲੋਕਾਂ ਦੀ ਭਲਾਈ ਅਤੇ ਸੇਵਾ, ਧਾਰਾ 163 (1) ਮੁੱਖ ਮੰਤਰੀ ਅਤੇ ਕੈਬਨਿਟ ਦੀ ਸਲਾਹ ਨਾਲ ਕੰਮ ਕਰਨਾ ਸ਼ਾਮਿਲ ਹਨ। ਧਾਰਾ 153 ਅਨੁਸਾਰ ਹਰ ਰਾਜ ਜਾਂ ਗੁਆਂਢੀ ਰਾਜਾਂ ਦੇ ਰਾਜਪਾਲ ਵਜੋਂ ਨਿਯੁਕਤੀ, ਧਾਰਾ 154 ਉਸ ਦੀਆਂ ਕਾਰਜਕਾਰੀ ਸ਼ਕਤੀਆਂ ਦਾ ਵਰਨਣ ਹੈ। ਸ਼ਮਸ਼ੇਰ ਸਿੰਘ ਬਨਾਮ ਪੰਜਾਬ ਰਾਜ ਕੇਸ ਵਿਚ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਕਾਰਜਕਾਰੀ ਸ਼ਕਤੀਆਂ ਰਾਜ ਵਿਚ ਕੈਬਨਿਟ ਕੋਲ ਹੋਣਗੀਆਂ, ਰਾਜਪਾਲ ਸਿਰਫ ਰਾਜ ਦਾ ਸੰਵਿਧਾਨਕ ਮੁਖੀ ਹੋਵੇਗਾ।

ਸੰਵਿਧਾਨ ਦੇ ਪਹਿਲੇ ਆਰਟੀਕਲ ਵਿਚ ਦਰਜ 'ਭਾਰਤ ਰਾਜਾਂ ਦਾ ਸੰਘ ਹੋਵੇਗਾ' ਨੂੰ ਰਾਜਪਾਲ ਭੁੱਲ ਜਾਂਦੇ ਹਨ। ਰਾਜਾਂ ਦੇ ਇਸ ਸੰਘ ਨੂੰ ਫੈਡਰਲਿਜ਼ਮ ਕਿਹਾ ਜਾਂਦਾ ਹੈ। ਇਹ ਰਾਜ, ਕੇਂਦਰ, ਸਮਵਰਤੀ ਸੂਚੀ ਹੀ ਨਹੀਂ; ਪੂਰਨ ਇਕਸੁਰਤਾ, ਸਹਿਣਸ਼ੀਲਤਾ, ਆਪਸੀ ਸਮਝ, ਅਨੇਕਤਾ ਵਿਚ ਏਕਤਾ ਵਿਵਸਥਾ ਨੂੰ ਪ੍ਰਭਾਸ਼ਿਤ ਕਰਦਾ ਹੈ। ਰਾਜਪਾਲ ਰਾਜਾਂ ਅਤੇ ਕੇਂਦਰ ਦਰਮਿਆਨ ਕੜੀ ਦੇ ਕੰਮ ਲਈ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਕਰੀਬ 1967 ਤੱਕ ਰਾਜਾਂ ਦੇ ਮੁੱਖ ਮੰਤਰੀ ਜਿਨ੍ਹਾਂ ਵਿਚ ਬਹੁਤੇ ਦੇਸ਼ ਦੀ ਆਜ਼ਾਦੀ ਦੇ ਸੂਰਮੇ ਸਨ, ਬਹੁਤ ਤਾਕਤਵਰ ਹੁੰਦੇ ਸਨ। ਰਾਜਪਾਲ ਮਹਿਜ਼ ਨਾਮਾਤਰ ਮੁਖੀ ਹੁੰਦੇ ਸਨ। ਮੁੱਖ ਮੰਤਰੀ ਦੇ ਜਾਹੋ-ਜਲਾਲ ਵੱਲ ਦੇਖ ਕੇ ਰਾਜਪਾਲ ਰਸ਼ਕ ਕਰਦੇ ਅਤੇ ਮੂੰਹ ਨਹੀਂ ਸਨ ਖੋਲ੍ਹਦੇ ਲੇਕਿਨ 1967 ਵਿਚ ਆਮ ਚੋਣਾਂ ਬਾਅਦ ਰਾਜਾਂ ਵਿਚ ਮਿਲੀਆਂ-ਜੁਲੀਆਂ ਸਰਕਾਰਾਂ, ਰਾਜਨੀਤਕ ਭਗਦੜ, 'ਆਇਆ ਰਾਮ-ਗਿਆ ਰਾਮ' ਕਰ ਕੇ ਰਾਜਪਾਲ ਰਾਜਾਂ ਦੇ ਪ੍ਰਸ਼ਾਸਨ ਦੇ ਗਾਰਡੀਅਨ ਬਣ ਬੈਠੇ। ਰਾਜ ਸਰਕਾਰਾਂ ਨੂੰ ਬਸਤੀਵਾਦੀ ਇੰਡੀਆ ਐਕਟ-1935 ਅਨੁਸਾਰ ਬਹੁਮਤ ਦੇ ਭੰਬਲਭੂਸੇ ਅਧੀਨ ਬਰਖਾਸਤ ਕਰਨ ਲੱਗੇ। ਕੇਂਦਰ ਅੰਦਰ ਇੰਦਰਾ ਗਾਂਧੀ ਸਰਕਾਰ ਇਨ੍ਹਾਂ ਦੀ ਪਿੱਠ ਪੂਰਦੀ। 1977 ਵਿਚ ਸੱਤਾ ਵਿਚ ਆਈ ਜਨਤਾ ਪਾਰਟੀ ਸਰਕਾਰ ਦੇ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਨੇ ਵੀ ਉਹੀ ਗੈਰ-ਸੰਵਿਧਾਨਕ ਕਾਰਜ ਜਾਰੀ ਰਖਿਆ। ਹੁਣ ਮੋਦੀ ਸਰਕਾਰ ਵੇਲੇ ਵੀ ਉਹੀ ਖੇਡ ਜਾਰੀ ਹੈ।

23 ਮਈ 1982 ਨੂੰ ਰਾਜਪਾਲ ਤਾਪਸੇ ਨੇ ਹਰਿਆਣਾ ਵਿਚ ਮਰਜ਼ੀ ਕਰਦੇ ਚੌਧਰੀ ਭਜਨ ਲਾਲ ਨੂੰ ਸਰਕਾਰ ਬਣਾਉਣ ਦਾ ਸੱਦਾ ਦਿਤਾ। ਉਸ ਪਾਸ ਬਹੁਮਤ ਨਹੀਂ ਸੀ। ਗੁੱਸੇ ਵਿਚ ਲਾਲ-ਪੀਲੇ ਚੌਧਰੀ ਦੇਵੀ ਲਾਲ ਰਾਜ ਭਵਨ ਅੰਦਰ ਜਾ ਵੜੇ ਅਤੇ ਸ਼ਕਤੀ ਪ੍ਰਦਰਸ਼ਨ ਕੀਤਾ। 2 ਜੁਲਾਈ 1984 ਵਿਚ ਜੰਮੂ ਕਸ਼ਮੀਰ ਦੇ ਰਾਜਪਾਲ ਜਗਮੋਹਨ ਨੇ ਫਾਰੂਕ ਅਬਦੁੱਲਾ ਸਰਕਾਰ ਬਰਤਰਫ ਕਰ ਕੇ ਜੀਐੱਮ ਸ਼ਾਹ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿਤੀ। ਆਂਧਰਾ ਪ੍ਰਦੇਸ਼ ਅੰਦਰ ਐੱਨਟੀ ਰਾਮਾਰਾਓ ਦੀ ਥਾਂ ਧੱਕੇ ਨਾਲ ਭਾਸਕਰ ਰਾਓ ਨੂੰ ਮੁੱਖ ਮੰਤਰੀ ਬਣਾ ਦਿਤਾ ਜੋ ਤੈਅ 30 ਦਿਨਾਂ ਅੰਦਰ ਬਹੁਮਤ ਸਾਬਤ ਕਰਨ ਤੋਂ ਭੱਜ ਗਿਆ। ਮਈ 1987 ਵਿਚ ਸੁਰਜੀਤ ਸਿੰਘ ਬਰਨਾਲਾ, 21 ਅਪਰੈਲ 1989 ਵਿਚ ਕਰਨਾਟਕ 'ਚ ਐੱਸਆਰ ਬੋਮਈ, 28 ਨਵੰਬਰ 1990 ਨੂੰ ਅਸਾਮ ਵਿਚ ਗਣਪ੍ਰੀਸ਼ਦ ਦੀ ਪ੍ਰਫੁਲ ਕੁਮਾਰ ਮਹੰਤਾ ਸਰਕਾਰਾਂ ਬਹੁਮਤ ਦੇ ਬਾਵਜੂਦ ਰਾਜਪਾਲਾਂ ਤੋੜੀਆਂ। ਦੂਸਰੇ ਪਾਸੇ ਮੁੱਖ ਮੰਤਰੀਆਂ ਦੀ ਸ਼ਿਫਾਰਸ਼ 'ਤੇ ਮਰਜ਼ੀ ਨਾਲ ਵਿਧਾਨ ਸਭਾ ਭੰਗ ਕਰਨ ਦੇ ਗੈਰ-ਸੰਵਿਧਾਨਕ ਫ਼ੈਸਲੇ ਕੀਤੇ। ਨਵੰਬਰ 1967 ਵਿਚ ਰਾਜਪਾਲ ਜੈ ਸੁਖ ਹਾਥੀ ਨੇ ਲਛਮਣ ਸਿੰਘ ਗਿੱਲ ਦਲਬਦਲੀ ਵੇਲੇ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਦੀ ਸਿਫਾਰਸ਼ 'ਤੇ ਵਿਧਾਨ ਸਭਾ ਨਾ ਤੋੜੀ ਜਦਕਿ ਸੰਨ 1972 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਫਾਰਸ਼ 'ਤੇ ਭੰਗ ਕਰ ਦਿਤੀ। ਬਿਹਾਰ ਅੰਦਰ ਰਾਜਪਾਲ ਡੀਕੇ ਬਰੂਆ ਨੇ ਮੁੱਖ ਮੰਤਰੀ ਕਪੂਰੀ ਠਾਕਰ ਦੀ ਸਿਫਾਰਸ਼ ਠੁਕਰਾਈ ਅਤੇ ਉਸ ਦੀ ਥਾਂ ਮੁੱਖ ਮੰਤਰੀ ਬਣਾਏ ਭੋਲਾ ਪਾਸਵਾਨ ਦੀ ਮੰਨ ਲਈ। ਇਹ ਕਿਸ ਵਿਧਾਨ ਦੀ ਪਾਲਣਾ ਹੋ ਰਹੀ ਸੀ?

ਸ਼ਮਸ਼ੇਰ ਸਿੰਘ ਬਨਾਮ ਪੰਜਾਬ ਕੇਸ ਵਿਚ ਸੁਪਰੀਮ ਕੋਰਟ ਦੇ 7 ਮੈਂਬਰੀ ਬੈਂਚ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਰਾਜਪਾਲ ਸਭ ਸ਼ਕਤੀਆਂ ਮੁੱਖ ਮੰਤਰੀ ਦੀ ਸਲਾਹ ਨਾਲ ਵਰਤਦਾ ਹੈ। ਕਿਸੇ ਤਰ੍ਹਾਂ ਰਾਜ ਵਿਚ ਸਮਾਨੰਤਰ ਸਰਕਾਰ ਕਾਇਮ ਨਹੀਂ ਕਰ ਸਕਦਾ ਜਾਂ ਚਲਾ ਸਕਦਾ। ਜਸਟਿਸ ਰਣਜੀਤ ਸਿੰਘ ਸਰਕਾਰੀਆ ਕਮਿਸ਼ਨ ਨੇ ਰਾਜਪਾਲਾਂ ਦੀ ਨਿਯੁਕਤੀ ਲੋਕ ਸਭਾ ਸਪੀਕਰ, ਉੱਪ ਰਾਸ਼ਟਰਪਤੀ ਅਤੇ ਰਾਜ ਦੇ ਮੁੱਖ ਮੰਤਰੀ ਦੀ ਸਲਾਹ 'ਤੇ ਕਰਨ ਦੀ ਸ਼ਿਫਾਰਸ਼ ਕੀਤੀ ਸੀ। ਰਾਜਪਾਲ ਕਿਰਿਆਤਮਕ ਰਾਜਨੀਤੀ ਤੋਂ ਦੂਰ ਹੋਣਾ ਚਾਹੀਦਾ ਹੈ। ਰਾਜਪਾਲਾਂ ਦੀ ਆਜ਼ਾਦਾਨਾ ਕਾਰਗੁਜ਼ਾਰੀ ਸਬੰਧੀ ਧਾਰਾ 157 ਵਿਚ ਸੋਧ ਦੀ ਲੋੜ ਹੈ। ਨਿਯੁਕਤੀ ਸਬੰਧੀ ਵਿਸ਼ੇਸ਼ ਯੋਗਤਾ ਤੈਅ ਹੋਣੀ ਚਾਹੀਦੀ ਹੈ। ਇਸ ਦਾ ਬਸਤੀਵਾਦੀ ਪਿਛੋਕੜ ਨੇਸਤੋ-ਨਾਬੂਦ ਕਰਨਾ ਜ਼ਰੂਰੀ ਹੈ। ਬੇਲਗਾਮ ਰਾਜਪਾਲਾਂ ਨੂੰ ਲਗਾਮ ਦੇਣ ਲਈ ਰਾਜ ਵਿਧਾਨ ਸਭਾਵਾਂ ਵਿਚ ਬਿੱਲ ਅਤੇ ਮਤੇ ਪਾਸ ਹੋ ਰਹੇ ਹਨ। ਡਾ. ਬੀਆਰ ਅੰਬੇਡਕਰ ਨੇ ਸਹੀ ਕਿਹਾ ਸੀ, "ਸੰਵਿਧਾਨ ਸਿਰਫ ਪਿੰਜਰ ਹੈ ਜਿਸ 'ਤੇ ਸਾਨੂੰ ਰੋਜ਼ਾਨਾ ਮਿਲ ਕੇ ਮਾਸ ਚੜ੍ਹਾਉਣਾ ਪਵੇਗਾ।" ਰਾਜਪਾਲ ਪਦ ਸਬੰਧੀ ਇਹ ਕਵਾਇਦ ਜਾਰੀ ਹੈ। ਕੇਂਦਰ ਅਤੇ ਰਾਜ ਸਰਕਾਰ ਨੂੰ ਮਿਲ ਬੈਠ ਕੇ ਰਾਜਾਂ ਅਤੇ ਮੁਲਕ ਹਿੱਤ ਵਿਚ ਖੂਬਸੂਰਤ ਰਾਜਪਾਲ ਪਦ ਦੇ ਨਵ-ਨਿਰਮਾਣ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਕਦੇ ਕੋਈ ਟਕਰਾਅ ਪੈਦਾ ਨਾ ਹੋਵੇ।




*ਸ਼ਮਸ਼ੇਰ ਸਿੰਘ ਬਨਾਮ ਪੰਜਾਬ ਕੇਸ ਵਿਚ ਸੁਪਰੀਮ ਕੋਰਟ ਦੇ 7 ਮੈਂਬਰੀ ਬੈਂਚ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਰਾਜਪਾਲ ਸਭ ਸ਼ਕਤੀਆਂ ਮੁੱਖ ਮੰਤਰੀ ਦੀ ਸਲਾਹ ਨਾਲ ਵਰਤਦਾ ਹੈ। ਕਿਸੇ ਤਰ੍ਹਾਂ ਰਾਜ ਵਿਚ ਸਮਾਨੰਤਰ ਸਰਕਾਰ ਕਾਇਮ ਨਹੀਂ ਕਰ ਸਕਦਾ ਜਾਂ ਚਲਾ ਸਕਦਾ। ਜਸਟਿਸ ਰਣਜੀਤ ਸਿੰਘ ਸਰਕਾਰੀਆ ਕਮਿਸ਼ਨ ਨੇ ਰਾਜਪਾਲਾਂ ਦੀ ਨਿਯੁਕਤੀ ਲੋਕ ਸਭਾ ਸਪੀਕਰ, ਉੱਪ ਰਾਸ਼ਟਰਪਤੀ ਅਤੇ ਰਾਜ ਦੇ ਮੁੱਖ ਮੰਤਰੀ ਦੀ ਸਲਾਹ 'ਤੇ ਕਰਨ ਦੀ ਸ਼ਿਫਾਰਸ਼ ਕੀਤੀ ਸੀ।*

# ਖ਼ੁਦ ਨੂੰ ਕਾਨੂੰਨ ਤੋਂ ਉਪਰ ਸਮਝਦਾ ਹੈ ਗਾਂਧੀ ਪਰਿਵਾਰ

-ਸੁਰਿੰਦਰ ਕਿਸ਼ੋਰ



ਕਾਨੂੰਨ ਅਤੇ ਨਿਯਮਾਂ ਦੀ ਉਲੰਘਣਾ ਕਰਨ ਦੇ ਬਾਵਜੂਦ ਇਸ ਦਾ ਨਤੀਜਾ ਭੁਗਤਣ ਤੋਂ ਬਚ ਨਿਕਲਣਾ ਨਹਿਰੂ-ਗਾਂਧੀ ਪਰਿਵਾਰ ਦੀ ਖ਼ਾਸ ਫ਼ਿਤਰਤ ਰਹੀ ਹੈ। ਪਹਿਲਾਂ ਇਹ ਪਰਿਵਾਰ ਇਸ 'ਚ ਸਫਲ ਹੁੰਦਾ ਰਿਹਾ ਹੈ ਪਰ ਇਸ ਵਾਰ ਪਰਿਵਾਰ ਖ਼ੁਦ ਨੂੰ ਮੁਸ਼ਕਲ 'ਚ ਫਸਿਆ ਦੇਖ ਰਿਹਾ ਹੈ। ਤਾਜ਼ਾ ਮਾਮਲਾ ਮੋਦੀ ਸਰਨੇਮ 'ਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਟਿੱਪਣੀ ਨਾਲ ਜੁੜਿਆ ਹੈ। ਜੇ ਰਾਹੁਲ ਗਾਂਧੀ ਨੂੰ ਇਸ ਮਾਮਲੇ 'ਚ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ ਤਾਂ ਕਾਨੂੰਨ ਦੇ ਸ਼ਿਕੰਜੇ 'ਚੋਂ ਬਚ ਨਿਕਲਣ ਵਾਲੀ ਪਰਿਵਾਰ ਦੀ ਪਰੰਪਰਾ ਟੁੱਟ ਜਾਵੇਗੀ।

ਇਸ ਸਿਲਸਿਲੇ ਦੀ ਸ਼ੁਰੂਆਤ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਦੌਰ ਤੋਂ ਹੀ ਹੋ ਗਈ ਸੀ। ਨਹਿਰੂ ਸਰਕਾਰ ਦੇ ਦੌਰ 'ਚ ਹੋਏ ਜੀਪ ਘਪਲੇ ਦੀ ਜਾਂਚ ਲਈ ਬਣੀ ਕਮੇਟੀ ਨੂੰ ਇਸ 'ਚ ਗੜਬੜੀ ਮਿਲੀ ਪਰ ਉਸ ਰਿਪੋਰਟ ਨੂੰ ਠੰਢੇ ਬਸਤੇ 'ਚ ਪਾ ਦਿੱਤਾ ਗਿਆ। ਬਾਅਦ 'ਚ ਇਹ ਜਾਣਕਾਰੀ ਆਈ ਕਿ ਜੀਪ ਸਪਲਾਈ ਕਰਨ ਵਾਲੀ ਬ੍ਰਿਟਿਸ਼ ਕੰਪਨੀ ਨਾਲ ਸੌਦਾ ਸ਼ੱਕੀ ਸੀ। ਉਸ ਕੰਪਨੀ ਤੋਂ ਜੀਪ ਖ਼ਰੀਦ ਦੇ ਸੌਦੇ ਦਾ ਨਿਰਦੇਸ਼ ਪ੍ਰਧਾਨ ਮੰਤਰੀ ਦਫ਼ਤਰ ਤੋਂ ਹੀ ਸਿੱਧਾ ਲੰਡਨ ਸਥਿਤ ਹਾਈ ਕਮਿਸ਼ਨ ਨੂੰ ਦਿੱਤਾ ਗਿਆ ਸੀ। ਉਦੋਂ ਹਾਈ ਕਮਿਸ਼ਨਰ ਰਹੇ ਵੀਕੇ ਕ੍ਰਿਸ਼ਨ ਮੈਨਨ ਨੇ ਆਪਣੇ ਦਸਤਖ਼ਤਾਂ ਨਾਲ ਜੀਪ ਖ਼ਰੀਦ ਦਾ ਸੌਦਾ ਕੀਤਾ ਜਦਕਿ ਉਸ ਸਮਝੌਤੇ 'ਤੇ ਦਸਤਖ਼ਤ ਸਬੰਧਤ ਅਧਿਕਾਰੀ ਦੇ ਹੋਣੇ ਚਾਹੀਦੇ ਸਨ। ਉਸ ਕੰਪਨੀ ਨੂੰ ਇਕ ਲੱਖ 72 ਹਜ਼ਾਰ ਪਾਊਂਡ ਅਡਵਾਂਸ ਵੀ ਦੇ ਦਿੱਤੇ ਗਏ।

ਜਦੋਂ ਜੀਪ ਘਪਲੇ 'ਤੇ ਹੰਗਾਮਾ ਹੋਇਆ ਤਾਂ ਮੈਨਨ ਖ਼ਿਲਾਫ਼ ਕਾਰਵਾਈ ਦੀ ਬਜਾਏ 3 ਫਰਵਰੀ, 1956 ਨੂੰ ਉਨ੍ਹਾਂ ਨੂੰ ਕੇਂਦਰ 'ਚ ਬਿਨਾਂ ਵਿਭਾਗ ਤੋਂ ਮੰਤਰੀ ਬਣਾ ਦਿੱਤਾ ਗਿਆ। ਅਗਲੇ ਸਾਲ ਉਨ੍ਹਾਂ ਨੂੰ ਰੱਖਿਆ ਮੰਤਰੀ ਬਣਾਇਆ ਗਿਆ। ਮੈਨਨ ਨੂੰ ਸੰਤੁਸ਼ਟ ਇਸ ਲਈ ਰੱਖਿਆ ਗਿਆ ਤਾਂ ਕਿ ਜੀਪ ਘਪਲੇ ਦਾ ਦਾਗ਼ ਕਿਸੇ ਹੋਰ ਹਸਤੀ 'ਤੇ ਨਾ ਲੱਗੇ। ਹਾਲਾਂਕਿ ਮੈਨਨ ਨੇ ਜੀਪ ਘਪਲੇ ਦੀ ਅਸਲੀ ਕਹਾਣੀ 1969 'ਚ ਇਕ ਪੱਤਰਕਾਰ ਨੂੰ ਦੱਸੀ ਜੋ ਚੋਣ ਰੈਲੀਆਂ 'ਚ ਮੈਨਨ ਲਈ ਦੋਭਾਸ਼ੀਏ ਦਾ ਕੰਮ ਕਰ ਰਹੇ ਸਨ। ਮੈਨਨ ਉਦੋਂ ਬੰਗਾਲ ਦੇ ਮਿਦਨਾਪੁਰ ਤੋਂ ਲੋਕ ਸਭਾ ਦੀ ਜ਼ਿਮਨੀ ਚੋਣ ਲੜ ਰਹੇ ਸਨ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕਹਾਣੀ ਤਾਂ ਬਹੁਤ ਪੁਰਾਣੀ ਵੀ ਨਹੀਂ ਹੈ। ਇਲਾਹਾਬਾਦ ਹਾਈ ਕੋਰਟ ਨੇ 1975 'ਚ ਉਨ੍ਹਾਂ ਦੀ ਲੋਕ ਸਭਾ ਲਈ ਚੋਣ ਰੱਦ ਕਰ ਦਿੱਤੀ। ਉਨ੍ਹਾਂ ਨੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ ਅਜਿਹੇ ਹਾਲਾਤ ਬਣਾ ਦਿੱਤੇ ਕਿ ਐਮਰਜੈਂਸੀ ਲਾ ਦਿੱਤੀ। ਉਸ ਦੌਰਾਨ ਤਮਾਮ ਜ਼ਿਆਦਤੀਆਂ ਦੇ ਬਾਵਜੂਦ ਉਹ ਕਾਨੂੰਨੀ ਸ਼ਿਕੰਜੇ 'ਚੋਂ ਬਚ ਨਿਕਲੀ।

ਸਪੱਸ਼ਟ ਹੈ ਕਿ ਇਹ ਪਰਿਵਾਰ ਹਮੇਸ਼ਾ ਖ਼ੁਦ ਨੂੰ ਨਿਯਮ-ਕਾਨੂੰਨ ਤੋਂ ਉੱਪਰ ਮੰਨਦਾ ਰਿਹਾ ਪਰ ਹੁਣ ਹਾਲਾਤ ਬਦਲ ਰਹੇ ਹਨ। ਪਹਿਲਾਂ ਕਾਂਗਰਸ ਪੂਰਨ ਬਹੁਮਤ ਨਾਲ ਸੱਤਾ 'ਚ ਰਹਿੰਦੀ ਸੀ ਪਰ ਹੁਣ ਉਸ ਕੋਲ ਲੋਕ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਬਣਾਉਣ ਦੀ ਯੋਗਤਾ ਵੀ ਨਹੀਂ ਰਹੀ। ਯਾਦ ਰਹੇ ਕਿ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੈਸ਼ਨਲ ਹੈਰਾਲਡ ਮਾਮਲੇ 'ਚ ਜ਼ਮਾਨਤ 'ਤੇ ਹਨ। ਇਸ ਪਰਿਵਾਰ ਦੇ ਮੈਂਬਰਾਂ ਨਾਲ ਇਕ ਰੁਝਾਨ ਇਹ ਵੀ ਰਿਹਾ ਹੈ ਕਿ ਭਾਵੇਂ ਹੀ ਉਨ੍ਹਾਂ 'ਤੇ ਕਾਰਵਾਈ ਅਦਾਲਤਾਂ ਕਰਨ ਪਰ ਉਨ੍ਹਾਂ ਦੇ ਹਮਾਇਤੀ ਇਸ ਨੂੰ ਸਰਕਾਰਾਂ ਅਤੇ ਵਿਰੋਧੀ ਪਾਰਟੀਆਂ ਦੀ ਸਾਜ਼ਿਸ਼ ਦੇ ਰੂਪ 'ਚ ਪ੍ਰਚਾਰ ਕਰਦੇ ਆਏ ਹਨ।

1977 'ਚ ਇੰਦਰਾ ਗਾਂਧੀ ਦੀ ਗ੍ਰਿਫ਼ਤਾਰੀ ਵਿਰੁੱਧ ਕਾਂਗਰਸੀਆਂ ਨੇ ਮੁਰਾਰਜੀ ਦੇਸਾਈ ਸਰਕਾਰ ਖ਼ਿਲਾਫ਼ ਹੰਗਾਮਾ ਕੀਤਾ ਸੀ। ਇਸੇ ਤਰ੍ਹਾਂ ਕਾਂਗਰਸੀਆਂ ਨੇ ਰਾਹੁਲ ਗਾਂਧੀ ਖ਼ਿਲਾਫ਼ ਅਦਾਲਤੀ ਫ਼ੈਸਲੇ ਨੂੰ ਲੈ ਕੇ ਮੋਦੀ ਸਰਕਾਰ ਖ਼ਿਲਾਫ਼ ਹੰਗਾਮਾ ਕੀਤਾ ਅਤੇ ਇਸ ਨੂੰ ਜਾਰੀ ਰੱਖਿਆ ਹੋਇਆ ਹੈ। ਐਮਰਜੈਂਸੀ ਦੀਆਂ ਜ਼ਿਆਦਤੀਆਂ ਖ਼ਿਲਾਫ਼ ਮੁਰਾਰਜੀ ਦੇਸਾਈ ਸਰਕਾਰ ਨੇ ਸ਼ਾਹ ਕਮਿਸ਼ਨ ਗਠਿਤ ਕੀਤਾ ਸੀ। ਸੰਜੈ ਗਾਂਧੀ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਸ਼ਾਹ ਕਮਿਸ਼ਨ ਦੀ ਸੁਣਵਾਈ ਵਾਲੀ ਜਗ੍ਹਾ 'ਤੇ ਜਾ ਕੇ ਭਾਰੀ ਭੰਨਤੋੜ ਕੀਤੀ ਸੀ। 1979 'ਚ ਮੁਰਾਰਜੀ ਦੇਸਾਈ ਸਰਕਾਰ ਡਿੱਗ ਗਈ। ਇੰਦਰਾ ਗਾਂਧੀ ਨੇ ਕਾਂਗਰਸ ਦੀ ਬਾਹਰੀ ਹਮਾਇਤ ਨਾਲ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਵਾਇਆ।

ਜਦੋਂ ਇੰਦਰਾ ਗਾਂਧੀ ਨੇ ਚਰਨ ਸਿੰਘ ਨੂੰ ਸੰਦੇਸ਼ ਭਿਜਵਾਇਆ ਕਿ ਸੰਜੈ ਗਾਂਧੀ ਖ਼ਿਲਾਫ਼ ਮੁਰਾਰਜੀ ਸਰਕਾਰ ਦੇ ਦੌਰ 'ਚ ਸ਼ੁਰੂ ਕੀਤੇ ਮੁਕੱਦਮੇ ਵਾਪਸ ਕਰਵਾ ਲਓ ਤਾਂ ਚਰਨ ਸਿੰਘ ਇਸ ਲਈ ਤਿਆਰ ਨਹੀਂ ਹੋਏ। ਇੰਦਰਾ ਗਾਂਧੀ ਨੇ ਹਮਾਇਤ ਵਾਪਸ ਲੈ ਲਈ ਤੇ ਚਰਨ ਸਿੰਘ ਸਰਕਾਰ ਡਿੱਗ ਗਈ। ਫਿਰ 1980 'ਚ ਇੰਦਰਾ ਗਾਂਧੀ ਸੱਤਾ 'ਚ ਵਾਪਸ ਆਈ ਤਾਂ ਸੰਜੈ ਗਾਂਧੀ ਖ਼ਿਲਾਫ਼ ਮਾਮਲਿਆਂ 'ਚ ਢਿੱਲ ਵਰਤਣੀ ਸ਼ੁਰੂ ਕਰ ਦਿੱਤੀ ਗਈ ਤੇ ਆਖ਼ਰ ਨਾ ਕੇਵਲ ਸੰਜੈ ਗਾਂਧੀ ਸਗੋਂ ਵੀਸੀ ਸ਼ੁਕਲ ਜਿਹੇ ਉਨ੍ਹਾਂ ਦੇ ਸਾਥੀ ਵੀ ਬਰੀ ਹੋ ਗਏ।

ਬੋਫਰਜ਼ ਤੋਪ ਖ਼ਰੀਦ 'ਚ ਦਲਾਲੀ ਅਤੇ ਘਪਲੇ ਦੇ ਦਾਗ਼ ਵੀ ਨਹਿਰੂ-ਗਾਂਧੀ ਪਰਿਵਾਰ ਦੇ ਦਾਮਨ 'ਤੇ ਪਏ। ਰਾਜੀਵ ਗਾਂਧੀ ਵੀ ਇਸ ਦੇ ਦਾਇਰੇ 'ਚ ਆਏ। ਉਸ ਖ਼ਰੀਦ 'ਚ ਦਲਾਲੀ ਦੇ ਭੁਗਤਾਨ ਦੀ ਗੱਲ ਸੀ ਜਦਕਿ ਦਲਾਲੀ ਲੈਣ ਦੀ ਭਾਰਤ ਸਰਕਾਰ ਨੇ ਪਹਿਲਾਂ ਹੀ ਮਨਾਹੀ ਕਰ ਰੱਖੀ ਸੀ। ਵੀਪੀ ਸਿੰਘ ਸਰਕਾਰ 'ਚ ਉਸ ਮਾਮਲੇ 'ਚ ਐੱਫਆਈਆਰ ਦਰਜ ਹੋਈ। ਵੀਪੀ ਸਿੰਘ ਸਰਕਾਰ ਡਿੱਗਣ ਤੋਂ ਬਾਅਦ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਨੇ ਬਾਹਰੋਂ ਹਮਾਇਤ ਦੇ ਕੇ ਚੰਦਰਸ਼ੇਖਰ ਸਰਕਾਰ ਬਣਵਾਈ। ਸਰਕਾਰ ਬਣਦਿਆਂ ਹੀ ਰਾਜੀਵ ਗਾਂਧੀ ਨੇ ਚੰਦਰਸ਼ੇਖਰ 'ਤੇ ਇਹ ਦਬਾਅ ਪਾਇਆ ਕਿ ਉਹ ਬੋਫਰਜ਼ ਕੇਸ ਨੂੰ ਠੰਢੇ ਬਸਤੇ 'ਚ ਪਾ ਦੇਣ। ਚੰਦਰਸ਼ੇਖਰ ਨੇ ਅਜਿਹਾ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਰਾਜੀਵ ਗਾਂਧੀ ਨੂੰ ਇਸ ਦੀ ਬਿਲਕੁਲ ਉਮੀਦ ਨਹੀਂ ਸੀ। ਉਨ੍ਹਾਂ ਨੇ ਚੰਦਰਸ਼ੇਖਰ ਨੂੰ ਸੁਨੇਹਾ ਭਿਜਵਾਇਆ ਕਿ ਅਸਤੀਫ਼ਾ ਵਾਪਸ ਲੈ ਲਓ ਪਰ ਚੰਦਰਸ਼ੇਖਰ ਨੇ ਇਹ ਕਹਿੰਦਿਆਂ ਉਨ੍ਹਾਂ ਦੀ ਗੱਲ ਠੁਕਰਾ ਦਿੱਤੀ ਕਿ 'ਰਾਜੀਵ ਜੀ, ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਮਜ਼ਾਕ ਦਾ ਵਿਸ਼ਾ ਨਾ ਬਣਾਓ।'

ਵਾਜਪਾਈ ਸਰਕਾਰ ਦੌਰਾਨ ਸੀਬੀਆਈ ਨੇ ਬੋਫਰਜ਼ ਮਾਮਲੇ ਨੂੰ ਲੈ ਕੇ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕੀਤੀ। ਰਾਜੀਵ ਗਾਂਧੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦਾ ਨਾਂ ਚਾਰਜਸ਼ੀਟ ਦੇ ਦੂਜੇ ਕਾਲਮ 'ਚ ਦਰਜ ਸੀ ਜਿਵੇਂ ਕਿ ਮ੍ਰਿਤਕ ਮੁਲਜ਼ਮ ਨਾਲ ਹੁੰਦਾ ਹੈ। ਫਰਵਰੀ, 2004 'ਚ ਜਦੋਂ ਦਿੱਲੀ ਹਾਈ ਕੋਰਟ ਨੇ ਬੋਫਰਜ਼ ਮਾਮਲੇ 'ਚ ਰਾਜੀਵ ਗਾਂਧੀ ਅਤੇ ਹੋਰਨਾਂ ਖ਼ਿਲਾਫ਼ ਰਿਸ਼ਵਤਖੋਰੀ ਦੇ ਦੋਸ਼ ਖ਼ਾਰਜ ਕਰ ਦਿੱਤੇ ਤਾਂ ਵਾਜਪਾਈ ਸਰਕਾਰ ਨੇ ਉਸ ਹੁਕਮ ਖ਼ਿਲਾਫ਼ ਸੁਪਰੀਮ ਕੋਰਟ 'ਚ ਅਪੀਲ ਕਰਨ 'ਚ ਦੇਰ ਕਰ ਦਿੱਤੀ। ਇਸ ਦਰਮਿਆਨ ਡਾ. ਮਨਮੋਹਨ ਸਿੰਘ ਦੀ ਅਗਵਾਈ 'ਚ ਸਰਕਾਰ ਬਣ ਗਈ। ਉਸ ਸਰਕਾਰ ਨੂੰ ਅਪੀਲ ਦੀ ਉਮੀਦ ਬੇਮਾਅਨੀ ਹੀ ਸੀ। ਉਸ ਦੌਰਾਨ ਇਸ ਮਾਮਲੇ 'ਚ ਇਕ ਅਜੀਬ ਗੱਲ ਜ਼ਰੂਰ ਹੋਈ ਕਿ ਨਵੰਬਰ 2019 'ਚ ਆਮਦਨ ਕਰ ਵਿਭਾਗ ਨੇ ਬੋਫਰਜ਼ ਦਲਾਲ ਬਿਨ ਚੱਢਾ ਦੇ ਮੁੰਬਈ ਸਥਿਤ ਫਲੈਟ ਨੂੰ ਤਕਰੀਬਨ 12 ਕਰੋੜ ਰੁਪਏ 'ਚ ਨਿਲਾਮ ਕਰ ਦਿੱਤਾ ਕਿਉਂਕਿ ਆਮਦਨ ਕਰ ਟ੍ਰਿਬਿਊਨਲ ਨੇ ਪਤਾ ਲਾ ਲਿਆ ਸੀ ਕਿ ਬੋਫਰਜ਼ ਸੌਦੇ 'ਚ ਦਲਾਲੀ ਲਈ ਗਈ ਸੀ। ਉਸ ਰਕਮ 'ਤੇ ਭਾਰਤ 'ਚ ਕਰ ਦੇਣਦਾਰੀ ਵੀ ਬਣਦੀ ਸੀ। ਮਨਮੋਹਨ ਸਿੰਘ ਦੇ ਕਾਰਜਕਾਲ 'ਚ ਹੀ ਸੁਬਰਾਮਣੀਅਮ ਸਵਾਮੀ ਦੀ ਪਟੀਸ਼ਨ 'ਤੇ ਨੈਸ਼ਨਲ ਹੈਰਾਲਡ ਮਾਮਲੇ 'ਚ ਅਦਾਲਤ ਅਤੇ ਏਜੰਸੀਆਂ ਨੇ ਨਹਿਰੂ-ਗਾਂਧੀ ਪਰਿਵਾਰ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ। ਅਸਲ 'ਚ ਤਾਂ ਇਹ ਪੂਰਾ ਮਾਮਲਾ ਸਵਾਮੀ, ਅਦਾਲਤ ਅਤੇ ਪਰਿਵਾਰ ਵਿਚਾਲੇ ਹੈ। ਫਿਰ ਵੀ ਕਾਂਗਰਸ ਇਸ ਨੂੰ ਸਿਆਸੀ ਰੰਗ ਦੇਣ ਤੋਂ ਬਾਜ਼ ਨਹੀਂ ਆ ਰਹੀ।

ਸ਼ਾਇਦ ਪਰਿਵਾਰ ਇਸੇ ਭਰਮ 'ਚ ਹੈ ਕਿ ਉਹ ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਪਰੇ ਹੈ। ਪਤਾ ਨਹੀਂ ਇਹ ਪ੍ਰਵਿਰਤੀ ਇਸ ਪਰਿਵਾਰ ਅਤੇ ਪਾਰਟੀ ਨੂੰ ਕਿੱਥੇ ਲੈ ਜਾਵੇਗੀ? ਬਿਹਤਰ ਇਹੋ ਹੋਵੇਗਾ ਕਿ ਗਾਂਧੀ ਪਰਿਵਾਰ ਆਪਣੇ ਆਪ ਨੂੰ ਕਾਨੂੰਨ ਅਤੇ ਸੰਵਿਧਾਨ ਤੋਂ ਉੱਪਰ ਨਾ ਸਮਝੇ।

# ਕੌਣ ਕਹਿੰਦੈ ਨਹੀਂ ਹੈ ਪੰਜਾਬ 'ਚ ਨਹੀਂ ਕੋਈ ਕੰਮ !

-ਹਰਦੀਪ ਸਿੰਘ ਜਟਾਣਾ

ਗਰਮੀ ਦੇ ਦਿਨਾਂ 'ਚ ਕਿਸੇ ਬਿਜਲੀ ਮਕੈਨਿਕ ਨੂੰ ਫੋਨ ਕਰੋ ਤਾਂ ਕਹੂ ਅਜੇ ਤਿੰਨ ਦਿਨ ਤਾਂ ਭੋਰਾ ਟਾਈਮ ਨ੍ਹੀਂ ਜੀ। ਜੇ ਜਮਾਂ ਹੀ ਨਹੀਂ ਸਰਦਾ ਤਾਂ ਤੁਸੀਂ ਕੂਲਰ ਦੁਕਾਨ 'ਤੇ ਲੈ ਆਓ। ਮੈਂ ਆਪੇ ਕਿਸੇ ਤੋਂ ਚੈੱਕ ਕਰਵਾ ਕੇ ਠੀਕ ਕਰਵਾ ਦਿਊਂ। ਮੰਦੀ ਕਿਸਮਤ ਨੂੰ ਜੇ ਤੁਹਾਡਾ ਏਸੀ ਕੰਮ ਛੱਡ ਗਿਆ ਤਾਂ ਹਫ਼ਤਾ ਭਰ ਤੁਹਾਡੀ ਫ਼ਰਿਆਦ 'ਤੇ ਗ਼ੌਰ ਨਹੀਂ ਕੀਤੀ ਜਾਣੀ। ਘਰਾਂ ਦੀ ਬਿਜਲੀ ਸਪਲਾਈ ਚੈੱਕ ਕਰਨ ਵਾਲੇ ਮਿਸਤਰੀ ਪਹਿਲਾਂ ਤਾਂ ਤੁਹਾਡਾ ਫੋਨ ਹੀ ਨਹੀਂ ਚੁੱਕਦੇ। ਜੇ ਚੁੱਕ ਵੀ ਲੈਣ ਤਾਂ ਕਹਿਣਗੇ ਕਿ ਕੱਲ੍ਹ ਨੂੰ ਮੇਜਰ ਦੇ ਛੱਤ ਪੈਣੀ ਹੈ ਜੀ, ਓਸ ਤੋਂ ਬਾਅਦ ਹੀ ਆ ਹੋਣੈ। ਮਕਾਨ ਉਸਾਰੀ ਵਾਲਾ ਰਾਜ ਮਿਸਤਰੀ ਕਹੂ ਕਿ ਚਾਰ ਮਹੀਨਿਆਂ ਬਾਅਦ ਤਾਂ ਸਮਾਂ ਨਿਕਲ ਆਊ। ਓਦੂੰ ਪਹਿਲਾਂ ਤਾਂ ਮੁਸ਼ਕਲ ਹੈ ਜੀ। ਸਪਸ਼ਟੀਕਰਨ ਵਜੋਂ ਨਾਲ ਹੀ ਕਹੂ ਕਿ ਆਹ ਲੇਬਰ ਨੇ ਸਾਡੀ ਤਾਂ ਮੱਤ ਮਾਰ ਰੱਖੀ ਹੈ ਜੀ। ਕਦੇ ਪੂਰੇ ਆਉਂਦੇ ਹੀ ਨਹੀਂ। ਜਦੋਂ ਆਉਂਦੇ ਨੇ, ਉਦੋਂ ਕੋਈ ਕਿਸ਼ਤ ਭਰਨ ਭੱਜ ਜਾਂਦੈ ਤੇ ਕੋਈ ਘਰਵਾਲੀ ਨੂੰ ਦਵਾਈ ਦਿਵਾਉਣ।

ਦਰਜੀ ਅੱਠ ਦਿਨ ਤੋਂ ਪਹਿਲਾਂ ਇਕਹਿਰੀ ਸਿਉਣ ਵੀ ਨਹੀਂ ਮਾਰਦਾ। ਭਾਵੇਂ ਸਿਲਾਈ ਲਈ ਹਫ਼ਤਾ ਭਰ ਪਹਿਲਾਂ ਕੱਪੜੇ ਫੜਾ ਕੇ ਵੇਖ ਲਿਓ, ਦੇਣਗੇ ਜਮਾਂ ਸਾਮੇਂ ਦਿਨ। ਇਕ ਤਾਂ ਹਮਾਤੜ ਨੇ ਸਾਰਾ ਟੱਬਰ ਲੈ ਕੇ ਪੰਜਾਹ ਕਿਲੋਮੀਟਰ ਦੂਰ ਵਿਆਹ ਸਮਾਗਮ 'ਚ ਜਾਣਾ ਹੁੰਦੈ ਤੇ ਦੂਸਰੇ ਪਾਸੇ ਦਿੱਤੇ ਸਮੇਂ 'ਤੇ ਵੀ ਦਰਜੀ ਦੀ ਦੁਕਾਨ ਦੀ ਨੁੱਕਰ 'ਚ ਬੈਠੀ ਇਕ ਔਰਤ ਕਮੀਜ਼ ਨੂੰ ਬਟਨ ਲਗਾਈ ਜਾਂਦੀ ਹੁੰਦੀ ਹੈ। ਪਲੰਬਰ ਤਾਂ ਥਿਉਂਦਾ ਹੀ ਨਹੀਂ। ਜੇ ਬਾਹਲਾ ਜ਼ੋਰ ਦਿਉ ਤਾਂ ਆਖੂ ਕਿ ਨਾਜਰ ਦੀ ਫਿਟਿੰਗ ਕਰ ਕੇ ਕੱਢੂੰ ਵਕਤ। ਚਾਰ-ਪੰਜ ਦਿਨਾਂ ਬਾਅਦ ਜਦੋਂ ਪਲੰਬਰ ਜੀ ਮਹਾਰਾਜ ਪ੍ਰਗਟ ਹੁੰਦੇ ਹਨ ਤਾਂ ਪੂਰੇ ਚਾਲੀ ਕਿੱਲੋ ਭਾਰ ਵਾਲਾ ਤਰਪਾਲ ਦਾ ਝੋਲਾ ਰੱਖ ਕੇ ਕਹਿਣਗੇ, ਜਿਹੜੇ ਬਿਨਾਂ ਜਮਾਂ ਨੀਂ ਸਰਦਾ, ਉਹ ਕੰਮ ਕਰਵਾ ਲਓ ਜੀ ਪਹਿਲਾਂ, ਬਾਕੀ ਕੰਮ ਮੈਂ ਬੰਤੇ ਦੀ ਕੋਠੀ ਦੀਆਂ ਸੀਵਰੇਜ ਵਾਲੀਆਂ ਪਾਈਪਾਂ ਪਾ ਕੇ ਕਰੂੰ। ਰਾਜਸਥਾਨੀ ਚਰਵਾਹਿਆਂ ਦੀਆਂ ਗਊਆਂ ਦੇ ਟੱਲਾਂ ਵਾਂਗ ਖੜਕਦੀਆਂ ਚਾਬੀਆਂ ਦੀ ਥੱਲ-ਪਥੱਲ ਕਰ ਕੇ ਇਕ ਵਿੰਗਾ ਜਾ ਰੈਂਚ ਘੁਮਾਉਂਦਿਆਂ ਵਿੱਚੇ ਤਿੰਨ-ਚਾਰ ਫੋਨ ਸੁਣ ਜਾਂਦੇ ਨੇ। ਫੋਨ 'ਤੇ ਉਹੀ ਰਟ ਬਾਈ, ਅਜੇ ਤਿੰਨ ਦਿਨ ਨੀਂ ਆਇਆ ਜਾਣਾ। ਇਹੀ ਹਾਲ ਲੋਹੇ ਦੀ ਟੁੱਟ-ਭੱਜ ਠੀਕ ਕਰਨ ਵਾਲਿਆਂ ਦਾ ਹੈ।

ਤੁਸੀਂ ਲੋਹੇ ਵਾਲੇ ਮੰਜੇ ਦੀ ਬਾਹੀ ਨੂੰ ਨਿੱਕਾ ਜਿਹਾ ਟੁੱਚ ਲਵਾਉਣ ਚਲੇ ਜਾਓ, ਕਹਿਣਗੇ ਕਿ ਬਾਬਾ ਧਰਜਾ, ਕੱਲ੍ਹ ਨੂੰ ਭੇਜ ਦੇਈਂ ਕਿਸੇ ਨੂੰ। ਕਾਰਾਂ ਵਾਲੇ ਮਕੈਨਿਕ ਕਹਿਣਗੇ ਕਿ ਅਜੇ ਤਾਂ ਮੂਹਰੇ ਪਹਿਲਾਂ ਹੀ ਪੰਜ ਗੱਡੀਆਂ ਖੜ੍ਹੀਆਂ ਨੇ। ਜੇ ਜਲਦੀ ਕੰਮ ਨਿੱਬੜ ਗਿਆ ਤਾਂ ਮੈਂ ਚੌਥੇ ਤੈਨੂੰ ਆਪ ਹੀ ਫੋਨ ਕਰਦੂੰ। ਜੇ ਪੰਜਵੇਂ ਦਿਨ ਖ਼ੁਦ ਫੋਨ ਕਰ ਕੇ ਪੁੱਛੀਏ ਤਾਂ ਕਹਿਣਗੇ ਕਿ ਕੰਮ ਬਾਹਲਾ ਸੀ। ਭੁੱਲ ਗਏ ਜੀ। ਬਿਸਕੁਟ ਕੱਢਣ ਵਾਲੇ ਸਾਰਾ-ਸਾਰਾ ਦਿਨ ਬਠਾਈ ਰੱਖਦੇ ਨੇ। ਓਧਰੋਂ ਅਖ਼ੀਰਲੀ ਬੱਸ ਤੁਰਦੀ ਹੁੰਦੀ ਹੈ ਤੇ ਇੱਧਰੋਂ ਬਿਸਕੁਟਾਂ ਵਾਲਾ ਕਾਹਲੀ ਨਾਲ ਬਿਸਕੁਟ ਪੀਪੇ 'ਚ ਥੁੰਨੀ ਜਾਂਦਾ ਹੁੰਦੈ। ਕੰਪਿਊਟਰਾਂ ਦੀ ਮੁਰੰਮਤ ਵਾਲੇ ਕਹਿਣਗੇ, "ਅੰਕਲ, ਹੁਣ ਨਵਾਂ ਹੀ ਖ਼ਰੀਦ ਲਓ। ਛੱਡੋ ਪੁਰਾਣੇ ਦਾ ਖਹਿੜਾ। ਨਾਲੇ ਮੇਰਾ ਮਕੈਨਿਕ ਪੰਜ ਦਿਨਾਂ ਤੋਂ ਛੁੱਟੀ 'ਤੇ ਹੈ ਤੇ ਅਜੇ ਦੋ ਦਿਨ ਹੋਰ ਆਸ ਨੀਂ ਵਾਪਸ ਆਉਣ ਦੀ।" ਮੋਬਾਈਲ ਠੀਕ ਕਰਨ ਵਾਲੇ ਕਹਿਣਗੇ ਕਿ ਸਰ, ਭੇਜ ਦਿੰਨੇ ਆ ਜੀ ਅੱਗੇ ਸਰਵਿਸ ਸੈਂਟਰ। ਜੇ ਗੱਲ ਬਣੀ ਤਾਂ ਠੀਕ ਹੋ ਜਾਊ ਨਹੀਂ ਤਾਂ ਫਿਰ ਨਵਾਂ ਹੀ ਲੈਣਾ ਪਊ। ਬੰਬੂਕਾਟ ਵਾਲਾ ਮਿਸਤਰੀ ਕਹੂ 'ਖੜ੍ਹਾ ਕਰਜੋ ਜੀ, ਔਹ ਚਿੱਟੇ ਸਕੂਟਰ ਬਾਅਦ ਵੇਖਾਂਗੇ ਖੋਲ੍ਹ ਕੇ। ਜਦੋਂ ਚੈੱਕ ਕਰ ਲਿਆ ਤਾਂ ਘੰਟੀ ਮਾਰਦੂੰ ਮੈਂ ਆਪ ਹੀ। ਜੁੱਤਿਆਂ ਦੀ ਮੁਰੰਮਤ ਵਾਲਾ ਕਹੂ ਕਿ ਲਿਫ਼ਾਫ਼ੇ 'ਚ ਪਾ ਕੇ ਰੱਖ ਜਾਓ ਜੀ। ਜੇ ਕੋਈ ਹੋਰ ਕੰਮ ਹੈ ਤਾਂ ਕਰ ਆਓ। ਘੰਟੇ-ਦੋ ਘੰਟੇ 'ਚ ਵਾਪਸੀ 'ਤੇ ਤਿਆਰ ਹੋਣਗੇ ਪਰ ਤਿਆਰ ਹੁੰਦੇ ਦੂਸਰੇ ਦਿਨ ਵੀ ਨਹੀਂ। ਜੇ ਥੋੜ੍ਹੇ ?ਹ ਮੋਟੇ ਰੈਲੇ ਮਿਲਦੇ ਨੇ ਤਾਂ ਘੜੀ ਸਾਜ ਜ਼ਰੂਰ ਤੁਰੰਤ ਕੰਮ ਸ਼ੁਰੂ ਕਰ ਦਿੰਦੇ ਹਨ। ਖੱਬੀ ਅੱਖ 'ਤੇ ਸ਼ੀਸ਼ੇ ਵਾਲਾ ਟੋਪਾ ਜਿਹਾ ਚੜ੍ਹਾ ਕੇ ਨੰਗੀ ਅੱਖ ਨਾਲ ਕੁਨੱਖਾ ਜਿਹਾ ਝਾਕਦੇ ਕਹਿਣਗੇ, ਦੋਵੇਂ ਸੈੱਲ ਗਏ ਜੀ। ਕਬੂਤਰ ਦੀ ਬਿੱਠ ਕੁ ਜਿੰਨੇ ਬਟਨ ਜਿਹੇ ਸਟੀਲ ਦੀ ਕੌਲੀ 'ਚ ਸੁੱਟਦੇ ਮੁੜ ਸਵਾਲ ਕਰਨਗੇ 'ਪਹਿਲਾਂ ਕੀਹਤੋਂ ਪਵਾਏ ਸੀ?' ਨਾਲ ਹੀ ਕਹਿਣਗੇ 'ਇਨ੍ਹਾਂ 'ਚ ਵੀ ਬਾਹਲੀ ਠੱਗੀ ਐ ਜੀ। ਕਿਸੇ ਪੱਕੇ ਬੰਦੇ ਤੋਂ ਕਰਵਾਇਆ ਕਰੋ ਇਹੋ ਜਿਹਾ ਕੰਮ।' ਘੜੀ ਦੀ ਚੇਨ ਨੂੰ ਦੋ-ਤਿੰਨ ਹੁਝਕੇ ਜੇ ਮਾਰਕੇ ਕਹਿਣਗੇ 'ਆਹ ਲਓ ਤੀਹ ਰੁਪਏ ਦੇ ਦਿਉ ਜੀ।'

ਖੇਤ ਦੇ ਕਿਸੇ ਕੰਮ-ਧੰਦੇ ਲਈ ਦੋ-ਚਾਰ ਮਜ਼ਦੂਰ ਲੱਭਣ ਤੁਰ ਪਓ ਤਾਂ ਕੋਈ ਵੀ ਨਹੀਂ ਮਿਲਦਾ। ਕੋਈ ਕਹੂ ਕਿ ਮੈਂ ਤਾਂ ਜੀ ਮਿਸਤਰੀ ਨਾਲ ਪੱਕਾ ਲੱਗਿਆ ਹੋਇਆਂ। ਕੋਈ ਕਹੂ ਤਾਇਆ ਅੱਜ ਤਾਂ ਮੈਂ ਜਾਊਂ ਬਘੇਲੇ ਦੇ ਸਪਰੇਅ ਕਰਨ ਤੇ ਕੱਲ੍ਹ ਨੂੰ ਮਿੱਠੂ ਕੀ ਪਾਣੀ ਦੀ ਵਾਰੀ ਐ। ਪਰਸੋਂ ਆ ਜੂੰ ਜੇ ਕਹੇ ਤਾਂ। ਇਸ ਤਰ੍ਹਾਂ ਦੇ ਹਾਲਾਤ ਹੀ ਬਾਕੀ ਕੰਮਾਂ-ਧੰਦਿਆਂ ਦੇ ਨੇ। ਮਾਹਰ ਅਤੇ ਸਹੀ ਸਮੇਂ ਸਹੀ ਢੰਗ ਨਾਲ ਕੰਮ ਕਰਨ ਵਾਲੇ ਲੱਭਦੇ ਹੀ ਨਹੀਂ।

ਇਕ ਪਾਸੇ ਤਾਂ ਪੰਜਾਬ 'ਚ ਕੰਮਾਂ-ਕਾਰਾਂ ਦੀ ਇਹ ਹਾਲਤ ਹੈ ਕਿ ਵਿਸ਼ਵ ਦੇ ਆਬਾਦੀ 'ਚ ਮੋਹਰੀ ਦੇਸ਼ ਦੇ ਸਭ ਤੋਂ ਖ਼ੁਸ਼ਹਾਲ ਰਹੇ ਸੂਬੇ 'ਚ ਵੀ ਕੋਈ ਕੰਮ ਮੌਕੇ 'ਤੇ ਨੀਂ ਹੁੰਦਾ। ਹਰ ਕੋਈ ਮਾਹਰ ਲੇਬਰ, ਕਾਮਿਆਂ ਦੀ ਥੁੜ੍ਹ ਦਾ ਰੋਣਾ ਰੋਂਦੈ ਤੇ ਦੂਸਰੇ ਪਾਸੇ ਪੰਜਾਬ ਤੋਂ ਹੋਰਨਾਂ ਮੁਲਕਾਂ ਨੂੰ ਪਰਵਾਸ ਕਰ ਰਹੇ ਵੱਡੀ ਗਿਣਤੀ ਵਿਚ ਲੋਕਾਂ ਦਾ ਕਹਿਣਾ ਹੁੰਦਾ ਹੈ ਕਿ ਪੰਜਾਬ 'ਚ ਕੋਈ ਕੰਮ-ਧੰਦਾ ਹੀ ਨਹੀਂ ਰਿਹਾ। ਵਿਹਲੀ ਨੌਜਵਾਨ ਪੀੜ੍ਹੀ ਹੋਰ ਕਰੇ ਕੀ? ਜਦੋਂ ਪੰਜਾਬ 'ਚ ਕੋਈ ਭਵਿੱਖ ਹੀ ਨਹੀਂ ਦਿਸ ਰਿਹਾ ਤਾਂ ਬੱਚੇ ਕਿੱਧਰ ਜਾਣ। ਸਰਕਾਰਾਂ ਤਾਂ ਕੁਝ ਕਰਦੀਆਂ ਨਹੀਂ। ਨਾਲੇ ਬੱਚਿਆਂ ਨੂੰ ਗਾਈਡ ਕਰਨ ਵਾਲਾ ਵੀ ਕੋਈ ਨਹੀਂ। ਨਾਲੇ ਹੁਣ ਹੈ ਹੀ ਕੀ ਇੱਧਰ, ਮਰਦੇ ਹੋਰ ਕੀ ਕਰਨ ਵਗੈਰਾ-ਵਗੈਰਾ ਤੱਥ ਪੇਸ਼ ਕਰ ਕੇ ਖ਼ੁਦ ਨੂੰ ਸਹੀ ਠਹਿਰਾ ਕੇ ਤਸੱਲੀ ਦਿੱਤੀ ਜਾਂਦੀ ਹੈ ਜਿਸ ਨੂੰ ਮੈਂ ਤਾਂ ਝੂਠੀ ਤਸੱਲੀ ਹੀ ਕਹੂੰਗਾ। ਅਸਲ ਵਿਚ ਪੰਜਾਬ 'ਚ ਕੰਮਾਂ ਦੀ ਘਾਟ ਨਹੀਂ। ਮਾਹਰ ਤੇ ਮਿਹਨਤੀ ਕਾਮਿਆਂ ਦੀ ਜ਼ਰੂਰ ਘਾਟ ਹੈ।

ਜੇ ਪੰਜਾਬ 'ਚ ਕੋਈ ਕੰਮ ਨਾ ਹੁੰਦਾ ਤਾਂ ਲੱਖਾਂ ਦੀ ਗਿਣਤੀ 'ਚ ਪਰਵਾਸੀ ਮਜ਼ਦੂਰ ਪੰਜਾਬ 'ਚ ਕਿਉਂ ਆਉਂਦੇ? ਤੁਸੀਂ ਜਿਹੜੇ ਪਾਸੇ ਮਰਜ਼ੀ ਨਜ਼ਰ ਮਾਰੋ ਤੁਹਾਨੂੰ ਕਾਰਖਾਨਿਆਂ, ਹੋਟਲਾਂ, ਢਾਬਿਆਂ, ਮੈਰਿਜ ਪੈਲੇਸਾਂ, ਸ਼ਰਾਬ ਦੀਆਂ ਦੁਕਾਨਾਂ, ਪੈਟਰੋਲ ਪੰਪਾਂ, ਉਸਾਰੀ ਸਥਾਨਾਂ, ਰਿਕਸ਼ਿਆਂ, ਸਬਜ਼ੀ ਮੰਡੀਆਂ, ਦਾਣਾ ਮੰਡੀਆਂ, ਲੇਬਰ ਚੌਕਾਂ ਸਮੇਤ ਹਰ ਥਾਂ ਨੱਬੇ ਫ਼ੀਸਦੀ ਪਰਵਾਸੀ ਲੋਕ ਹੀ ਕੰਮ ਕਰਦੇ ਮਿਲਣਗੇ। ਜਦੋਂ ਕਿਸੇ ਨੂੰ ਇਹ ਸਭ ਦੱਸਦੇ ਹਾਂ ਤਾਂ ਅੱਗੋਂ ਜਵਾਬ ਮਿਲਦਾ ਹੈ, "ਜੀ ਆਪਣੇ ਲੇਬਰ ਦਾ ਪੂਰਾ ਮੁੱਲ ਨਹੀਂ ਮਿਲਦਾ। ਇੱਥੇ ਬੰਦਾ ਅੱਠ ਘੰਟੇ ਕੰਮ ਕਰ ਕੇ ਜਾਂ ਤਾਂ ਰੋਟੀ ਖਾ ਸਕਦੈ ਜਾਂ ਕੱਪੜੇ-ਲੀੜੇ ਸਵਾ ਸਕਦੈ ਤੇ ਜਾਂ ਫਿਰ ਸ਼ਰਾਬ ਪੀ ਸਕਦੈ ਪਰ ਕਨੇਡਾ 'ਚ ਕੰਮ ਕਰ ਕੇ ਬੰਦਾ ਸਾਰਾ ਕੁਝ ਕਰ ਕੇ ਵੀ ਚਾਰ ਪੈਸੇ ਜੋੜ ਲੈਂਦੈ।" ਉਨ੍ਹਾਂ ਨੂੰ ਕੌਣ ਸਮਝਾਵੇ ਕਿ ਮਾਂ-ਬਾਪ, ਸਕੇ-ਸਬੰਧੀ, ਜ਼ਮੀਨ-ਜਾਇਦਾਦ, ਦਾਦੇ-ਪੜਦਾਦਿਆਂ ਦੇ ਘਰ-ਘਾਟ, ਪੰਜਾਬ ਦਾ ਸੋਹਣਾ ਵਿਰਸਾ, ਰਿਸ਼ਤੇ-ਨਾਤੇ ਤੇ ਪਿੰਡਾਂ ਦੀਆਂ ਸੱਥਾਂ ਦੀ ਕੁਰਬਾਨੀ ਦੇ ਕੇ ਬੰਦਾ ਜੇ ਚਾਰ ਡਾਲਰ ਜੋੜ ਵੀ ਲਊ ਤਾਂ ਉਨ੍ਹਾਂ ਨਾਲ ਇਨ੍ਹਾਂ ਵਿੱਚੋਂ ਇਕ ਚੀਜ਼ ਵੀ ਖ਼ਰੀਦੀ ਨਹੀਂ ਜਾ ਸਕਦੀ। ਬਾਕੀ ਵਿਦੇਸ਼ਾਂ ਵਿਚ ਓਵਰਟਾਈਮ ਲਾ-ਲਾ ਕੇ ਜਿਹੜੇ ਪਰਿਵਾਰਕ ਰਿਸ਼ਤੇ ਤਿੜਕਦੇ ਹਨ, ਉਨ੍ਹਾਂ ਬਾਰੇ ਤਾਂ ਪਰਵਾਸੀ ਭਰਾ ਹੀ ਦੱਸ ਸਕਦੇ ਹਨ।

# ਅਮਰੀਕਾ ਦੀ ਜੇਲ ਵਿਚੋਂ ਫਰਾਰ ਹੋਇਆ ਕੈਦੀ ਹਫਤੇ ਬਾਅਦ ਵੀ ਪੁਲਿਸ ਦੇ ਨਹੀਂ ਆਇਆ ਕਾਬੂ

### *200 ਅਧਿਕਾਰੀ ਤੇ 15 ਏਜੰਸੀਆਂ ਭਾਲ ਵਿਚ ਜੁੱਟੀਆਂ*



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਰਾਜ ਉਤਰ ਪੱਛਮੀ ਪੈਨਸਿਲਵਾਨੀਆ ਦੀ ਇਕ ਜੇਲ ਵਿਚੋਂ ਫਰਾਰ ਹੋਇਆ ਮਾਈਕਲ ਬੁਰਹਮ ਨਾਮੀ ਕੈਦੀ ਹਫਤੇ ਬਾਅਦ ਵੀ ਪੁਲਿਸ ਦੇ ਕਾਬੂ ਨਹੀਂ ਆਇਆ ਹੈ। ਬੁਰਹਮ ਅਗਜ਼ਨੀ ਤੇ ਚੋਰੀ ਦੇ ਮਾਮਲੇ ਵਿਚ ਜੇਲ ਵਿਚ ਬੰਦ ਸੀ। ਪੁਲਿਸ ਦਾ ਕਹਿਣਾ ਹੈ ਕਿ ਬੁਰਹਮ ਨਿਊਯਾਰਕ ਵਿਚ ਮਈ ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਵੀ ਸ਼ੱਕੀ ਦੋਸ਼ੀ ਹੈ। ਪੁਲਿਸ ਉਸ ਦੀ ਵੱਡੀ ਪੱਧਰ ਉਪਰ ਭਾਲ ਕਰ ਰਹੀ ਹੈ। ਬੁਰਹਮ ਦੀ ਭਾਲ ਦੌਰਾਨ ਜੰਗਲੀ ਖੇਤਰ ਵਿਚੋਂ ਪੁਲਿਸ ਦੇ ਹੱਥ ਇਕ ਬੈਗ ਲੱਗਾ ਹੈ ਜੋ ਤਰਪਾਲ ਨਾਲ ਢੱਕਿਆ ਹੋਇਆ ਸੀ। ਇਕ ਪੁਲਿਸ ਅਧਿਕਾਰੀ ਨੇ ਕਿਹਾ ਹੈ ਕਿ ਯਕੀਨਨ ਤੌਰ 'ਤੇ ਇਹ ਬੈਗ ਬੁਰਹਮ ਦਾ ਹੈ। ਇਸ ਬੈਗ ਵਿਚ ਕਪੜੇ, ਕੁਝ ਖਾਣ ਪੀਣ ਦੀਆਂ ਚੀਜਾਂ ਤੇ ਹੋਰ ਸਮਾਨ ਹੈ। ਸਟੇਟ ਪੁਲਿਸ ਦੇ ਲੈਫਟੀਨੈਂਟ ਕਰਨਲ ਜਾਰਜ ਬੀਵਨਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਬੈਗ ਵਾਰਨ ਸ਼ਹਿਰ ਦੇ ਨੇੜੇ ਜੰਗਲੀ ਖੇਤਰ ਵਿਚੋਂ ਮਿਲਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬੁਰਹਮ ਜੰਗਲੀ ਖੇਤਰ ਵਿਚ ਜੀਣ ਦਾ ਹੁਨਰ ਰਖਦਾ ਹੈ ਤੇ ਜੋ ਸਬੂਤ ਮਿਲੇ ਹਨ ਉਨਾਂ ਤੋਂ ਇਹ ਵਿਸ਼ਵਾਸ਼ ਕਰਨਾ ਬਿਲਕੁਲ ਵਾਜਬ ਹੈ ਉਹ ਇਸ ਖੇਤਰ ਵਿਚ ਹੀ ਕਿਤੇ ਲੁੱਕਿਆ ਹੋ ਸਕਦਾ ਹੈ। ਉਸ ਦੀ ਭਾਲ ਵਿਚ 200 ਲਾਅ ਇਨਫੋਸਮੈਂਟ ਜਵਾਨ ਤੇ 15 ਏਜੰਸੀਆਂ ਲੱਗੀਆਂ ਹੋਈਆਂ ਹਨ।

# ਪੁਲਿਸ ਨੇ ਨਸ਼ਿਆਂ ਦਾ ਵਿਰੋਧ ਕਰਨ ਵਾਲ ਝੋਟਾ ਤਾਂ ਬਹੁਤ ਛੇਤੀ ਫੜਿਆ

### *ਨਸ਼ਾ ਸਮੱਗਲਰਾਂ ਨਾਲ ਮਿਲਕੇ ਨਸ਼ਿਆਂ ਦਾ ਵਪਾਰੀ ਅਦਾਲਤ ਤੋਂ ਭਗੌੜਾ ਰਾਜ ਜੀਤ ਕਦੋਂ ਫੜਨਾ*



ਸਿਆਸੀ ਪੁਸ਼ਤਪਨਾਹੀ ਤੇ ਪੁਲੀਸ ਦੇ ਕੁਝ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਪਿਛਲੇ ਦੋ ਤਿੰਨ ਕੁ ਦਹਾਕਿਆਂ ਤੋਂ ਸ਼ੁਰੂ ਹੋਇਆ ਕੰਮ ਅਨੇਕਾਂ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਰੁਕ ਰਿਹਾ। ਪੰਜਾਬ ਵਿੱਚ ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਹਰ ਪਾਰਟੀ ਦਾ ਇਹੀ ਪ੍ਰਚਾਰ ਹੁੰਦਾ ਹੈ ਕਿ ਨਸ਼ਿਆਂ ਨੂੰ ਰੋਕਾਗੇ ਨਸ਼ੇ ਨਹੀਂ ਵਿਕਣ ਦੇਵਾਂਗੇ ਪਰ ਰਾਜ ਗੱਦੀ ਉੱਤੇ ਬਹਿ ਕੇ ਕਿਹੜਾ ਨਸ਼ਾ... ਜਦੋਂ ਕੋਈ ਵੀ ਪੁਲੀਸ ਅਫਸਰ ਪੰਜਾਬ ਵਿੱਚ ਵੱਡਾ ਅਹੁਦਾ ਸਾਭਦਾ ਹੈ ਉਹਦਾ ਵੀ ਇਹੀ ਬਿਆਨ ਹੁੰਦਾ ਕਿ ਨਸ਼ਾ ਨਹੀਂ ਵਿਕਣ ਦੇਣਾ। ਕੋਈ ਜਿਲੇ ਦਾ ਐਸ.ਐਸ.ਪੀ ਡੀ.ਐਸ.ਪੀ ਥਾਣਾ ਮੁੱਖੀ ਇੱਥੋਂ ਤੱਕ ਕਿ ਚੌਕੀ ਦਾ ਲੱਗਣ ਵਾਲਾ ਇੰਚਾਰਜ ਵੀ ਇਹੀ ਕਹਿੰਦਾ ਕਿ ਨਸ਼ੇ ਨਹੀਂ ਵਿਕਣ ਦੇਣੇ ਪਰ ਵਿਕੀ ਫਿਰ ਵੀ ਜਾ ਰਹੇ ਹਨ ਉਹ ਵੀ ਸ਼ਰੇਆਮ ਕੀ ਸਮਝੀਏ ? ਪੰਜਾਬ ਪੁਲੀਸ ਵਿੱਚ ਬਹੁਤ ਆਹਲਾ ਅਫਸਰ ਵੀ ਹਨ ਜੋ ਗਲਤ ਕੰਮਾਂ ਤੇ ਨਸ਼ੇ ਵਿਰੁੱਧ ਵਧੀਆ ਕੰਮ ਕਰਦੇ ਹਨ ਪਰ ਕਈ ਵਾਰ ਸਿਆਸੀ ਦਬਾਅ ਕਾਰਨ ਮਜਬੂਰ ਵੀ ਹੋ ਜਾਂਦੇ ਹਨ। ਪਰ ਇਸੇ ਪੁਲੀਸ ਵਿੱਚ ਕੁਝ ਅਜਿਹੀਆਂ ਕਾਲੀਆਂ ਭੇਡਾਂ ਵੀ ਹਨ ਜੋ ਨਸ਼ੇ ਤੇ ਹੋਰ ਗਲਤ ਕੰਮਾਂ ਵਿੱਚ ਪੈ ਕੇ ਪੈਸੇ ਦੇ ਲਾਲਚ ਵਿੱਚ ਵਰਦੀ ਨੂੰ ਵੀ ਦਾਗ਼ ਲਾਉਂਦੇ ਹਨ ਤੇ ਪੁਲੀਸ ਦੀ ਬਦਨਾਮੀ ਵੀ , ਬਹੁਤ ਨਾਮ ਹਨ ਜਿਨ੍ਹਾਂ ਪੁਲੀਸ ਨੂੰ ਬਦਨਾਮ ਕੀਤਾ ਤੇ ਕਰ ਵੀ ਰਹੇ ਹਨ। ਇਸ ਵੇਲੇ ਚਰਚਾ ਵਿੱਚ ਹਨ ਪੁਲੀਸ ਅਫਸਰ ਰਾਜ ਜੀਤ ਸਿੰਘ ਜਿਸ ਦਾ ਨਾਮ ਨਸ਼ੇ ਵਿੱਚ ਬੋਲਦਾ ਸੀ ਤੇ ਉਸਦੇ ਚੇਲੇ ਪੁਲੀਸ ਵਾਲਿਆਂ ਨੇ ਵੀ ਨਸ਼ਿਆਂ ਵਿੱਚ ਕਈ ਤਰੀਕੇ ? ਰੱਜ ਕੇ ਕਮਾਈ ਕੀਤੀ। ਇੱਥੋਂ ਤੱਕ ਕਿ ਇਸ ਵੇਲੇ ਰਾਜ ਜੀਤ ਅਦਾਲਤੀ ਪ੍ਰਕਿਰਿਆ ਵਿੱਚ ਭਗੌੜਾ ਹੈ ਤੇ ਤਿੰਨ ਚਾਰ ਮਹੀਨਿਆਂ ਤੋਂ ਪੁਲੀਸ ਨੂੰ ਲੱਭ ਨਹੀ ਰਿਹਾ ਜਾਂ ਪੁਲੀਸ ਲੱਭਦੀ ਹੀ ਨਹੀਂ। ਹੁਣ ਪੰਜਾਬ ਵਿੱਚ ਨਸ਼ਿਆਂ ਤੋਂ ਦੁਖੀ ਲੋਕ ਆਪ ਹੀ ਨਸ਼ਾ ਤਸਕਰਾਂ ਨੂੰ ਫੜਨ ਲੱਗੀ ਤਾਂ ਪੁਲੀਸ ਨੂੰ ਹਜ਼ਮ ਨਹੀਂ ਹੋ ਰਿਹਾ ਕਿਉਕਿ ਕਮਾਈ ਰੁਕ ਗਈ। ਧੱਕਾ ਤੇ ਹਨੇਰ ਦੇਖੋ ਪਰਵਿੰਦਰ ਝੋਟੇ ਵਰਗੇ ਨੌਜਵਾਨ ਨਸ਼ਾ ਵੇਚਣ ਵਾਲਿਆਂ ਨੂੰ ਫੜ ਰਹੇ ਹਨ ਤੇ ਪੁਲਿਸ ਉਨ੍ਹਾਂ ਨੂੰ ਹੀ ਫੜ ਝੂਠੇ ਕੇਸ ਪਾ ਕੇ ਅੰਦਰ ਦੇ ਰਹੀ ਹੈ। ਨਾਨਕ ਸਿੰਘ ਜਿਹੇ ਪੁਲੀਸ ਅਫਸਰ ਜੋ ਨਸ਼ਾ ਰੋਕਣ ਵਾਲਿਆਂ ਨੂੰ ਹੀ ਫੜ ਰਹੇ ਹਨ ਉਹ ਰਾਜ ਜੀਤ ਜਿਹੇ ਨਸ਼ਿਆਂ ਦੇ ਮਾਮਲੇ ਵਿੱਚ ਭਗੌੜੇ ਪੁਲੀਸ ਵਾਲੇ ਨੂੰ ਕਦੋਂ ਫੜਨਗੇ। ਨਹੀ ਹਰਗਿਜ਼ ਨਹੀਂ ਕਿਉਂਕਿ ਬੇਈਮਾਨ ਜਿੰਦਾਬਾਦ ਹਨ।

**ਬਲਬੀਰ ਸਿੰਘ ਬੱਬੀ**
700 910 7300

# ਇਕਸਾਰ ਨਾਗਰਿਕ ਜ਼ਾਬਤੇ ਸੰਬੰਧੀ ਸਿੱਖ ਪੰਥ ਦਾ ਦ੍ਰਿਸ਼ਟੀਕੋਣ ਕੀ ਹੋਵੇ ?



**ਭਾਈ ਹਰਿਸਿਮਰਨ ਸਿੰਘ**

1. ਆਬਾਦੀ ਪੱਖੋਂ ਵਿਸ਼ਵ ਦੀ ਸਭ ਤੋਂ ਵੱਧ ਵਸੋਂ ਵਾਲਾ ਭਾਰਤ ਕਈ ਹੋਰ ਛੋਟੇ-ਵੱਡੇ ਦੇਸ਼ਾਂ ਵਾਂਗ ਇਕ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਸੱਭਿਆਚਾਰਕ ਅਤੇ ਬਹੁ-ਕੌਮੀ ਦੇਸ਼ ਹੈ। ਭਾਰਤ ਦੀ ਅਜਿਹੀ ਸਮਾਜਿਕ ਬਣਤਰ ਕੁਦਰਤ ਦੇ ਵੰਨ-ਸੁਵੰਨਤਾਵਾਂ ਤੇ ਬਹੁਲਤਾ ਦੇ ਨਿਯਮ ਅਨੁਸਾਰ ਹਜ਼ਾਰਾਂ-ਲੱਖਾਂ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਸਮਝਿਆ ਜਾ ਸਕਦਾ ਹੈ ਕਿ ਜਿਵੇਂ ਕੁਦਰਤ ਵਿਚ ਵੱਖ-ਵੱਖ ਕਿਸਮਾਂ ਦੇ ਜਾਨਵਰਾਂ, ਬਨਸਪਤੀ ਤੇ ਪੰਛੀਆਂ ਆਦਿ ਵਿਚ ਵਿਭਿੰਨਤਾ ਹੈ ਅਤੇ ਉਹ ਕੁਦਰਤ ਦੇ ਨਿਯਮਾਂ ਅਨੁਸਾਰ ਆਪਸੀ ਪੂਰਕ ਸਾਂਝ ਵਿਚ ਇਕੱਠੇ ਰਹਿੰਦੇ ਹਨ, ਉਸੇ ਤਰ੍ਹਾਂ ਹੀ ਮਨੁੱਖ ਜਾਤੀ ਦੀਆਂ ਚਾਰ ਗੋਰੇ, ਕਾਲੇ, ਮੰਗੋਲੀਅਨ ਅਤੇ ਪੀਲੀ ਨਸਲ ਦੇ ਲੋਕ ਅਤੇ ਉਨ੍ਹਾਂ ਦੇ ਸੱਭਿਆਚਾਰਕ ਜੀਵਨ ਵਿਚ ਵੀ ਵੰਨ-ਸੁਵੰਨਤਾ ਅਤੇ ਵਿਭਿੰਨਤਾਵਾਂ ਹਨ। ਇਸੇ ਕਾਰਨ ਹੀ ਮਨੁੱਖ ਵਿਚ ਵੱਖ-ਵੱਖ ਬੋਲੀਆਂ, ਸੱਭਿਆਚਾਰਾਂ, ਰੀਤੀ-ਰਿਵਾਜਾਂ, ਧਰਮਾਂ ਅਤੇ ਕੌਮਾਂ ਦਾ ਵਿਕਾਸ ਅਤੇ ਉਤਪਤੀ ਯਕੀਨੀ ਬਣੀ ਸੀ (ਹੈ)। ਕੁਦਰਤ ਤੋਂ ਪ੍ਰੇਰਨਾ ਲੈ ਕੇ ਹੀ ਬਹੁ-ਪਰਤੀ ਮਨੁੱਖੀ ਜੀਵਨ ਆਪਸ ਵਿਚ ਪ੍ਰੇਮ-ਪਿਆਰ, ਆਪਸੀ ਸਤਿਕਾਰ ਅਤੇ 'ਸਭੇ ਸਾਂਝੀਵਾਲਤਾ' ਵਾਲਾ ਸਫ਼ਲ ਸਮਾਜਿਕ ਜੀਵਨ ਜੀਵਿਆ ਜਾ ਸਕਦਾ ਹੈ।

2. ਦੂਜੇ ਪਾਸੇ ਮਨੁੱਖੀ ਇਤਿਹਾਸ ਦੀ ਇਹ ਵੀ ਇਕ ਸੱਚਾਈ ਹੈ ਕਿ ਕੁਝ ਬਹੁ-ਗਿਣਤੀ ਨਾਲ ਸੰਬੰਧਿਤ ਤਾਕਤਾਂ ਕੁਦਰਤ ਦੇ 'ਸਰਬੱਤ ਦੇ ਸਤਿਕਾਰ' ਦੇ ਨਿਯਮ ਦੀ ਉਲੰਘਣਾ ਕਰਦੀਆਂ ਦੂਜੇ ਦੀ 'ਵਿਲੱਖਣਤਾ' ਦਾ ਤ੍ਰਿਸਕਾਰ ਕਰਦੀਆਂ ਆ ਰਹੀਆਂ ਹਨ। ਵਰਤਮਾਨ ਸਮੇਂ ਵਿਚ ਭਾਰਤ ਦੀ ਰਾਜਨੀਤੀ ਇਸੇ ਨਜ਼ਰੀਏ ਨੂੰ ਅੱਗੇ ਵਧਾ ਰਹੀ ਹੈ। 1947 ਵਿਚ ਅੰਗਰੇਜ਼ਾਂ ਵਲੋਂ ਭਾਰਤ ਦੀ ਵੰਡ ਕਰਵਾਉਣ ਉਪਰੰਤ ਸੱਤਾ ਕਾਂਗਰਸ ਨੂੰ ਸੌਂਪਣ ਉਪਰੰਤ ਰਾਜਨੀਤੀ ਦੇ ਸਮੀਕਰਨ ਬਦਲ ਗਏ, ਪਰ ਭਾਰਤ ਉੱਤੇ ਰਾਜ ਕਰਨ ਲਈ 1947 ਤੋਂ ਹੀ ਗਾਂਧੀਵਾਦੀ ਰਾਸ਼ਟਰਵਾਦੀਆਂ ਅਤੇ ਗੋਲਵਾਰਕਰ-ਸਾਵਰਕਰ ਪੱਖੀ ਰਾਸ਼ਟਰਵਾਦੀਆਂ ਵਿਚਕਾਰ ਲੜਾਈ ਚਲਦੀ ਆ ਰਹੀ ਹੈ। ਜਿੱਥੇ ਗਾਂਧੀਵਾਦੀ ਸੋਚ ਅਮਲ ਹਿੰਦੂਆਂ ਦੇ ਹਿੱਤਾਂ ਦੀ ਸੁਰੱਖਿਆ ਦੇ ਨਾਲ-ਨਾਲ ਭਾਰਤ ਦੀਆਂ ਮੁਸਲਿਮ, ਸਿੱਖ, ਦਲਿਤ, ਬੋਧੀ, ਜੈਨੀ ਤੇ ਆਦਿਵਾਸੀ ਲੋਕਾਂ ਦੀ ਹੋਂਦ, ਰਸਮਾਂ-ਰਿਵਾਜਾਂ ਅਤੇ ਜੀਵਨ ਕਦਰਾਂ-ਕੀਮਤਾਂ ਦਾ ਮਾਣ ਸਤਿਕਾਰ ਕਰਦੀ ਹੈ, ਉੱਥੇ ਸਾਵਰਕਰ ਸਮਰਥਕ ਰਾਸ਼ਟਰਵਾਦੀ ਸ਼ਕਤੀਆਂ ਦਿੱਲੀ ਉੱਤੇ ਭਾਰੀ ਬਹੁਮਤ ਨਾਲ ਰਾਜ ਕਰਨ ਦੇ ਜ਼ੋਰ ਨਾਲ ਹਿੰਦੂ ਰਾਸ਼ਟਰ ਦਾ ਰਾਜਸੀ ਏਜੰਡਾ ਲਾਗੂ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰਦੀਆਂ ਆ ਰਹੀਆਂ ਹਨ। ਇਸੇ ਵਿਚਾਰ ਉੱਤੇ ਚਲਦਿਆਂ 2014 ਅਤੇ 2019 ਵਿਚ ਭਾਰਤੀ ਜਨਤਾ ਪਾਰਟੀ ਨੇ ਹੋਰ ਗੱਲਾਂ ਦੇ ਨਾਲ-ਨਾਲ ਕਸ਼ਮੀਰ ਵਿਚ ਧਾਰਾ 370 ਖ਼ਤਮ ਕਰਨ ਤੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਦਾ ਵਾਅਦਾ ਪੂਰਾ ਕੀਤਾ ਹੈ, ਪਰ ਹੁਣ 'ਇਕ ਦੇਸ਼ ਇਕ ਕਾਨੂੰਨ' ਅਧੀਨ ਸਮਾਨ ਨਾਗਰਿਕ ਜ਼ਾਬਤਾ (ਯੂਨੀਫ਼ਾਰਮ ਸਿਵਲ ਕੋਡ) ਬਣਾਉਣ ਦੇ ਤੀਜੇ ਵੱਡੇ ਯਤਨ ਨੂੰ ਸਾਰੇ ਭਾਰਤੀਆਂ ਦੇ ਸਮਾਜਿਕ ਜੀਵਨ ਨੂੰ ਇਕਸਾਰ ਕਰਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣਾ ਚਾਹੀਦਾ ਹੈ। ਭਾਰਤੀ ਜਨਤਾ ਪਾਰਟੀ ਦਾ ਇਹ ਯਤਨ ਭਾਰਤ ਦੇ ਲੋਕਾਂ ਦੀ ਬਹੁ-ਪਰਤੀ ਵੰਨ-ਸੁਵੰਨਤਾ ਨੂੰ ਕਾਨੂੰਨ ਰਾਹੀਂ ਖ਼ਤਮ ਕਰਕੇ ਉਨ੍ਹਾਂ ਦੇ ਸਮਾਜਿਕ ਜੀਵਨ ਉੱਤੇ ਬਹੁਗਿਣਤੀ ਦੇ ਧਰਮ ਦੀਆਂ ਕਦਰਾਂ ਕੀਮਤਾਂ ਦੇ ਪ੍ਰਭਾਵ ਨੂੰ ਮਜ਼ਬੂਤ ਕਰਨਾ ਹੈ, ਜੋ ਕੁਦਰਤ ਦੇ ਬਹੁਲਤਾ ਤੇ ਇਕਸੁਰਤਾ ਵਾਲੇ ਨਿਯਮਾਂ ਅਤੇ ਸਿੱਖ ਫ਼ਿਲਾਸਫ਼ੀ ਦੀ ਮੂਲ ਭਾਵਨਾ ਤੋਂ ਉਲਟ ਹੈ।

3. ਇਸ ਵਿਚਾਰ ਵਿਚ ਕੋਈ ਸ਼ੱਕ ਨਹੀਂ ਕਿ ਹਰ ਰਾਜਸੀ ਪਾਰਟੀ ਸੱਤਾ ਵਿਚ ਆਉਣ ਜਾਂ ਟਿਕੇ ਰਹਿਣ ਲਈ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਏਜੰਡੇ ਉੱਤੇ ਕੰਮ ਕਰਦੀ ਰਹਿੰਦੀ ਹੈ। ਜਿਵੇਂ ਭਾਜਪਾ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਅਤੇ 44 ਧਾਰਾ ਅਧੀਨ ਸਮਾਨ ਨਾਗਰਿਕ ਜ਼ਾਬਤਾ ਲਿਆਉਣ ਦੀ ਗੱਲ ਕਰਦੀ ਹੈ, ਉਸ ਦੇ ਜਾਤਾਂ ਤੇ ਕਬੀਲਿਆਂ ਵਿਚ ਵੰਡੇ ਹਿੰਦੂਆਂ ਨੂੰ ਜੋ ਵੀ ਲਾਭ ਹੁੰਦੇ ਹੋਣ, ਉਹ ਆਪਣੀ ਥਾਂ ਹੋ ਸਕਦੇ ਹਨ, ਪਰ ਮੂਲ ਰੂਪ ਵਿਚ ਇਸ ਜ਼ਾਬਤੇ ਨੂੰ ਕਾਨੂੰਨ ਰਾਹੀਂ ਲਾਗੂ ਕਰਨ ਦਾ ਇਕੋ ਇਕ ਮਕਸਦ ਪਹਿਲਾਂ ਦੀ ਤਰ੍ਹਾਂ ਹਿੰਦੂ-ਮੁਸਲਿਮ ਬਹੁ ਗਿਣਤੀ-ਘੱਟ ਗਿਣਤੀ ਦੇ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਕਰਕੇ ਹਿੰਦੂਆਂ ਦੇ ਵੱਡੇ ਹਿੱਸੇ ਨੂੰ ਆਪਣੇ ਵੱਲ ਭੁਗਤਾ ਕੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣਾ ਹੈ। ਜਦੋਂ ਭਾਜਪਾ ਨੂੰ ਇਸ ਸੰਬੰਧੀ ਵਿਰੋਧੀ ਪਾਰਟੀਆਂ ਵਲੋਂ ਵੱਡੀ ਚੁਣੌਤੀ ਮਿਲੀ ਹੋਈ ਹੈ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਹੁਣ ਜਦੋਂ ਭਾਜਪਾ ਨੂੰ ਸੱਤਾ ਹੰਢਾਉਂਦਿਆਂ 10 ਸਾਲ ਦਾ ਸਮਾਂ ਹੋਣ ਵਾਲਾ ਹੈ ਤਾਂ ਇਹ ਪਾਰਟੀ ਆਪਣੇ ਵਿਕਾਸ ਕਾਰਜਾਂ ਜਾਂ ਹੋਰ ਅਜਿਹੀਆਂ ਪ੍ਰਾਪਤੀਆਂ ਨੂੰ ਆਪਣੀ ਵੋਟ ਸ਼ਕਤੀ ਦਾ ਆਧਾਰ ਕਿਉਂ ਨਹੀਂ ਬਣਾ ਰਹੀ ? ਕਿਉਂ ਭਾਰਤ ਦੀ ਧਰਮ ਨਿਰਪੱਖ ਰਾਜਨੀਤੀ ਦਾ ਧਰਮ-ਅਧਾਰਿਤ ਧਰੁਵੀਕਰਨ ਕੀਤਾ ਜਾ ਰਿਹਾ ਹੈ ? ਭਾਰਤ ਦੇ ਸੰਵਿਧਾਨ ਵਿਚ ਦਿੱਤੇ ਗਏ ਹੋਰ ਨਿਰਦੇਸ਼ਕ ਸਿਧਾਂਤਾਂ ਨੂੰ ਉਨ੍ਹਾਂ ਦੇ ਠੀਕ ਪ੍ਰਸੰਗ ਵਿਚ ਲਾਗੂ ਕਰਨ ਦੀ ਥਾਂ 'ਤੇ ਘੱਟ ਗਿਣਤੀਆਂ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਦੀ ਜਾਤੀ-ਸਮਾਜੀ ਜ਼ਿੰਦਗੀ ਨੂੰ ਇਸ ਜ਼ਾਬਤੇ ਦੀ ਆੜ ਹੇਠ ਇਕਸਾਰ ਕਰਨ ਦੀ ਕਾਹਲੀ ਕਿਉਂ ਦਿਖਾਈ ਜਾ ਰਹੀ ਹੈ ?

4. ਸਿੱਖ ਪੰਥ ਨੂੰ ਤਾਂ ਇਸ ਸਮੇਂ ਵੀ ਕਈ ਤਰ੍ਹਾਂ ਦੇ ਸੰਤਾਪ ਹੰਢਾਉਣੇ ਪੈ ਰਹੇ ਹਨ, ਜਿਸ ਲਈ ਭਾਰਤ ਤੇ ਵਿਸ਼ਵ ਦੀ ਇਸ ਵਿਸ਼ੇਸ਼ ਘੱਟ-ਗਿਣਤੀ ਨੂੰ ਸਗੋਂ ਵਧੇਰੇ ਸੁਚੇਤ ਹੋਣਾ ਪਵੇਗਾ। 1947 ਵਿਚ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਾਂਗਰਸ ਦੇ ਆਗੂਆਂ ਨੇ ਸਿੱਖ ਭਾਈਚਾਰੇ ਨਾਲ ਕਈ ਤਰ੍ਹਾਂ ਦੇ ਵਾਅਦੇ ਕੀਤੇ ਸਨ, ਜਿਨ੍ਹਾਂ ਦੀ ਬਾਅਦ ਵਿਚ ਪੂਰਤੀ ਨਹੀਂ ਹੋਈ। ਸੰਵਿਧਾਨ ਵਿਚ ਸਿੱਖਾਂ ਨੂੰ ਭਾਵੇਂ ਧਾਰਮਿਕ ਆਜ਼ਾਦੀ ਤਾਂ ਦਿੱਤੀ ਗਈ ਹੈ ਪਰ ਉਨ੍ਹਾਂ ਨੂੰ ਜਾਤੀ-ਸਮਾਜਿਕ-ਸੱਭਿਆਚਾਰਕ ਜੀਵਨ ਸੰਬੰਧੀ ਹਿੰਦੂਆਂ, ਬੋਧੀਆਂ ਤੇ ਜੈਨੀਆਂ ਨਾਲ ਜੋੜ ਦਿੱਤਾ ਗਿਆ ਸੀ। ਇਸੇ ਤਹਿਤ ਉਨ੍ਹਾਂ ਨੂੰ 1955 ਵਿਚ ਬਣੇ ਸਮਾਜਿਕ ਰੀਤੀ ਰਿਵਾਜਾਂ ਆਦਿ ਸੰਬੰਧੀ ਬਣੇ ਹਿੰਦੂ ਕਾਨੂੰਨਾਂ ਅਧੀਨ ਲਿਆਂਦਾ ਗਿਆ, ਜਦੋਂ ਕਿ 1937 ਵਿਚ ਮੁਸਲਮਾਨਾਂ ਲਈ ਬਣੇ ਵੱਖਰੇ ਪਰਸਨਲ ਲਾਅ ਕੋਡ ਅਧੀਨ ਉਨ੍ਹਾਂ ਸੰਬੰਧੀ ਫ਼ੈਸਲੇ ਲਏ ਜਾਂਦੇ ਹਨ। ਤੀਸਰਾ, ਇਨ੍ਹਾਂ ਲੰਘੇ 75 ਸਾਲਾਂ ਵਿਚ ਸਿੱਖਾਂ ਦੇ ਕਈ ਸੰਘਰਸ਼ਾਂ ਨੂੰ ਕੁਚਲਣ ਵਿਚ ਭਾਰਤੀ ਸਟੇਟ ਨੇ ਕੋਈ ਕਸਰ ਨਹੀਂ ਛੱਡੀ। ਚੌਥਾ, ਉਨ੍ਹਾਂ ਨੂੰ ਦੂਰਅੰਦੇਸ਼ ਅਤੇ ਮਿਆਰੀ ਲੀਡਰਸ਼ਿਪ ਵੀ ਨਹੀਂ ਮਿਲ ਸਕੀ। ਇਸ ਹਾਲਾਤ ਵਿਚ ਸਿੱਖਾਂ ਦੀ ਸਮਾਜਿਕ-ਸੱਭਿਆਚਾਰਕ ਹੋਂਦ ਤਾਂ ਪਹਿਲਾਂ ਹੀ ਖ਼ਤਰੇ ਵਿਚ ਪਈ ਹੋਈ ਹੈ। ਉਹ ਆਪਣੀ ਧਾਰਮਿਕ-ਸੱਭਿਆਚਾਰਕ ਹੋਂਦ ਬਚਾਉਣ ਦੇ ਨਾਲ-ਨਾਲ ਆਪਣੀ ਰਾਜਨੀਤਿਕ ਆਜ਼ਾਦੀ ਲਈ ਸੰਘਰਸ਼ ਕਰਦੇ ਆ ਰਹੇ ਹਨ। ਭਾਵੇਂ ਅਨੰਦ ਮੈਰਿਜ ਐਕਟ ਸਿੱਖ ਜੋੜਿਆਂ ਦੀ ਸ਼ਾਦੀ ਦੀ ਰਜਿਸਟਰੇਸ਼ਨ ਆਦਿ ਨੂੰ ਮਾਨਤਾ ਤਾਂ ਦਿੰਦਾ ਹੈ ਪਰ ਜਾਇਦਾਦ, ਵਿਰਾਸਤ ਤੇ ਪਰਿਵਾਰਕ ਮਸਲਿਆਂ ਵਿਚ ਤਾਂ ਉਨ੍ਹਾਂ ਉੱਤੇ ਹਿੰਦੂ ਕਾਨੂੰਨ ਹੀ ਲਾਗੂ ਹੁੰਦੇ ਹਨ।

5. ਇਸ ਹਾਲਾਤ ਵਿਚ ਸਾਹਮਣੇ ਆ ਰਹੇ ਸਮਾਨ ਨਾਗਰਿਕਤਾ ਜ਼ਾਬਤੇ ਸੰਬੰਧੀ ਸਿੱਖ ਪੰਥ ਦਾ ਕੀ ਦ੍ਰਿਸ਼ਟੀਕੋਣ ਹੋਏ, ਇਹ ਇਕ ਵੱਡਾ ਸਵਾਲ ਹੈ। ਜ਼ਾਹਿਰ ਹੈ ਕਿ ਸਿੱਖਾਂ ਨੂੰ ਆਪਣੀਆਂ ਹਰ ਤਰ੍ਹਾਂ ਦੀਆਂ ਆਜ਼ਾਦੀਆਂ ਅਤੇ ਹੋਂਦ ਨੂੰ ਬਚਾਉਣ ਲਈ ਅਤੇ ਦੇਸ਼ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਯਤਨਾਂ ਨੂੰ ਰੋਕਣ ਲਈ ਹੁਣ ਸੋਚ ਸਮਝ ਕੇ ਫ਼ੈਸਲੇ ਲੈਣੇ ਹੋਣਗੇ। ਉਨ੍ਹਾਂ ਨੂੰ ਜਿੱਥੇ ਇਸ ਸੰਭਾਵੀ ਬਿੱਲ ਦਾ ਵਿਰੋਧ ਕਰਦਿਆਂ ਦੂਜੀਆਂ ਭਾਰਤੀ ਧਾਰਮਿਕ-ਸਮਾਜਿਕ ਘੱਟ-ਗਿਣਤੀਆਂ ਨਾਲ ਖੜ੍ਹੇ ਹੋਣਾ ਪਏਗਾ, ਉੱਥੇ ਪੰਥਕ ਸੁਰ ਵਾਲੇ ਕਾਨੂੰਨੀ ਮਾਹਿਰਾਂ ਨੂੰ ਵੱਖਰਾ ਸਿੱਖ ਪਰਸਨਲ ਲਾਅ ਕੋਡ ਬਣਾਉਣ ਦੀ ਦਿਸ਼ਾ ਵਿਚ ਅੱਗੇ ਵਧਣਾ ਹੋਏਗਾ। ਯਕੀਨਨ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸਮਾਦੀ ਫ਼ਿਲਾਸਫ਼ੀ ਦੀ ਮੂਲ ਭਾਵਨਾ ਅਨੁਸਾਰ ਬਹੁਲਤਾ ਅਤੇ ਇਕਸੁਰਤਾ ਦੇ ਸਿਧਾਂਤਾਂ ਨੂੰ ਬਣਾਈ ਰੱਖਣ ਲਈ ਵੱਡੇ ਬਹੁ-ਪਰਤੀ ਸੰਘਰਸ਼ ਲੜਨੇ ਹੋਣਗੇ। ਉਨ੍ਹਾਂ ਨੂੰ ਮਨੁੱਖਤਾ ਨੂੰ ਕੁਦਰਤ ਅਨੁਸਾਰੀ ਜੀਵਨ ਜਿਊਣ ਲਈ ਸੰਸਾਰ ਪੱਧਰ 'ਤੇ ਵੱਡੀ ਲਹਿਰ ਖੜ੍ਹੀ ਕਰਨੀ ਹੋਏਗੀ।

# ਕਰਜ਼ਦਾਰ ਹੋ ਕੇ ਕੈਨੇਡਾ ਜਾਣ ਨਾਲੋਂ ਚੰਗਾ ਆਪਣੇ ਮੁਲਕ 'ਚ ਪੜ੍ਹਾਈ ਕਰ ਕੇ ਚੰਗੀ ਨੌਕਰੀ ਹਾਸਲ ਕੀਤੀ ਜਾਵੇ

-ਪ੍ਰਿੰਸੀਪਲ ਵਿਜੈ ਕੁਮਾਰ

ਆਸਟਰੇਲੀਆ, ਅਮਰੀਕਾ ਤੇ ਇੰਗਲੈਂਡ ਦੇ ਮੁਕਾਬਲੇ ਉਚੇਰੀ ਸਿੱਖਿਆ ਹਾਸਲ ਕਰਨ ਤੇ ਪੱਕੇ ਤੌਰ 'ਤੇ ਵਸਣ ਲਈ ਕੈਨੇਡਾ ਦੇ ਕਾਨੂੰਨ ਬਹੁਤੇ ਸਖ਼ਤ ਨਾ ਹੋਣ ਕਾਰਨ ਮੁੰਡਿਆਂ-ਕੁੜੀਆਂ ਦਾ ਇਸ ਮੁਲਕ 'ਚ ਆਉਣ ਦਾ ਰੁਝਾਨ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਕੈਨੇਡਾ 'ਚ ਮੁੰਡਿਆਂ-ਕੁੜੀਆਂ ਦੇ ਆਉਣ ਦੇ ਰੁਝਾਨ ਨੂੰ ਵੇਖਦੇ ਹੋਏ ਇਸ ਮੁਲਕ 'ਚ ਉਚੇਰੀ ਸਿੱਖਿਆ ਧੰਦਾ ਬਣਦੀ ਜਾ ਰਹੀ ਹੈ। ਵਿਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆ ਰਹੇ ਸਟੂਡੈਂਟਸ ਤੋਂ ਪੈਸਾ ਕਮਾਉਣ ਲਈ ਭਾਰਤ ਵਾਂਗ ਕੈਨੇਡਾ ਵਿਚ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਖੁੱਲ੍ਹ ਰਹੇ ਹਨ।

ਪਹਿਲਾਂ ਨਾਲੋਂ ਉਚੇਰੀ ਸਿੱਖਿਆ ਦਾ ਮਿਆਰ ਵੀ ਡਿੱਗ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਵਿਦੇਸ਼ਾਂ ਤੋਂ ਕੈਨੇਡਾ ਪੜ੍ਹਨ ਆ ਰਹੇ ਮੁੰਡਿਆਂ-ਕੁੜੀਆਂ ਨੂੰ ਇਸ ਦੇਸ਼ ਦੀ ਉਚੇਰੀ ਸਿੱਖਿਆ ਦੀਆਂ ਫੀਸਾਂ, ਪ੍ਰੀਖਿਆਵਾਂ, ਯੂਨੀਵਰਸਿਟੀਆਂ ਤੇ ਕਾਲਜਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਸੀਆਈਸੀਆਈ (ਕੈਨੇਡੀਅਨ ਇਨਫਰਮੇਸ਼ਨ ਸੈਂਟਰ ਫਾਰ ਇੰਟਰਨੈਸ਼ਨਲ ਕਰੇਡੇਟੀਆਲ) ਜੋ ਕੈਨੇਡਾ ਦੀ ਏਜੰਸੀ ਹੈ, ਅਨੁਸਾਰ ਕੈਨੇਡਾ ਵਿਚ 223 ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜ ਹਨ। ਜਿਹੜੇ ਬੱਚੇ ਇਸ ਮੁਲਕ 'ਚ ਉਚੇਰੀ ਸਿੱਖਿਆ ਹਾਸਲ ਕਰਨ ਦੇ ਉਦੇਸ਼ ਨਾਲ ਆਉਂਦੇ ਹਨ ਉਨ੍ਹਾਂ ਦੀ ਜਾਣਕਾਰੀ ਹਿੱਤ ਕੈਨੇਡਾ ਦੀਆਂ ਪਹਿਲੇ 10 ਸਥਾਨਾਂ 'ਤੇ ਆਉਣ ਵਾਲੀਆਂ ਸਰਕਾਰੀ ਯੂਨੀਵਰਸਿਟੀਆਂ ਇਸ ਤਰ੍ਹਾਂ ਹਨ : ਯੂਨੀਵਰਸਿਟੀ ਆਫ ਟੋਰਾਂਟੋ, ਬ੍ਰਿਟਿਸ਼ ਕੋਲੰਬੀਆ, ਮੇਗਿੱਲ, ਅਲਬਰਟਾ, ਵਾਟਰਲੂ ਸਾਈਮਨ ਫਰੇਜ਼ਰ, ਕੈਲਗਰੀ, ਯੌਰਕ ਤੇ ਮੌਂਟਰੀਅਲ। ਇਸੇ ਤਰ੍ਹਾਂ ਪਹਿਲੇ 10 ਸਥਾਨਾਂ 'ਤੇ ਆਉਣ ਵਾਲੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਇਸ ਤਰ੍ਹਾਂ ਹਨ : ਦਿ ਕਿੰਗਜ਼ ਯੂਨੀਵਰਸਿਟੀ, ਕੁਐਸਟ ਯੂਨੀਵਰਸਿਟੀ, ਯੌਰਕਵਿੱਲ ਯੂਨੀਵਰਸਿਟੀ, ਸਟੀਫਨ ਯੂਨੀਵਰਸਿਟੀ, ਐਮਬਰੋਸ ਯੂਨੀਵਰਸਿਟੀ, ਬੈਰਮੈਨ ਯੂਨੀਵਰਸਿਟੀ, ਨੌਰਥ ਈਸਟਰਨ ਯੂਨੀਵਰਸਿਟੀ, ਕੈਨੇਡੀਅਨ ਮੈਨੋਨਾਈਟ ਯੂਨੀਵਰਸਿਟੀ, ਰੇਡੀਮਰ ਯੂਨੀਵਰਸਿਟੀ ਤੇ ਟਾਈਨਡਲੇਂ ਯੂਨੀਵਰਸਿਟੀ। ਕੈਨੇਡਾ ਵਿਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਪਹਿਲੇ 10 ਸਥਾਨਾਂ ਵਾਲੇ ਕਾਲਜ ਇਸ ਤਰ੍ਹਾਂ ਹਨ : ਹੰਬਰ ਕਾਲਜ, ਡੋਗਲਾਸ ਕਾਲਜ, ਸੈਂਟੇਨੀਅਲ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ, ਸੈਰੀਡੈਨ ਕਾਲਜ, ਅਲਗੋਂਕਵਿਨ ਕਾਲਜ ਆਫ ਅਪਲਾਈਡ ਆਰਟ ਐਂਡ ਟੈਕਨਾਲੋਜੀ, ਸੇਂਟ ਲਾਰੈਂਸ ਕਾਲਜ ਓਨਟਾਰੀਓ, ਮੋਹਾਕ ਕਾਲਜ ਆਫ ਅਪਲਾਈਡ ਆਰਟ ਐਂਡ ਟੈਕਨਾਲੋਜੀ, ਜਾਰਜ ਬਰਾਊਨ ਕਾਲਜ, ਰੈੱਡ ਡੀਅਰ ਕਾਲਜ ਤੇ ਵਨੀਅਰ ਕਾਲਜ।



ਕੈਨੇਡਾ ਦੀ ਸੰਘੀ ਤੇ ਸੂਬਾਈ ਸਰਕਾਰਾਂ ਦੀਆਂ ਉਚੇਰੀ ਸਿੱਖਿਆ ਪ੍ਰਤੀ ਨੀਤੀਆਂ ਨੂੰ ਵੇਖਦਿਆਂ ਇੱਥੋਂ ਦੀ ਉਚੇਰੀ ਸਿੱਖਿਆ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਵਰਗ, ਉਨ੍ਹਾਂ ਮੁੰਡੇ-ਕੁੜੀਆਂ ਦਾ ਹੈ ਜੋ ਕੈਨੇਡਾ ਵਿਚ ਉੱਚ ਪੱਧਰ ਦੀ ਸਿੱਖਿਆ ਹਾਸਲ ਕਰ ਕੇ ਉੱਚ ਪੱਧਰ ਦੀਆਂ ਨੌਕਰੀਆਂ ਹਾਸਲ ਕਰ ਕੇ ਇੱਥੇ ਪੱਕੇ ਤੌਰ 'ਤੇ ਵਸਣ ਦੇ ਚਾਹਵਾਨ ਹੁੰਦੇ ਹਨ। ਇਸ ਵਰਗ ਦੇ ਬੱਚੇ ਸਿੱਖਿਆ ਲਈ ਉੱਚ ਪੱਧਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਚੋਣ ਕਰਦੇ ਹਨ। ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਹਫ਼ਤੇ ਵਿਚ ਪੰਜ ਦਿਨ ਕਲਾਸਾਂ ਲੱਗਦੀਆਂ ਹਨ। ਪੜ੍ਹਾਈ ਨੂੰ ਲੈ ਕੇ ਬੱਚਿਆਂ ਤੇ ਅਧਿਆਪਕਾਂ ਨੂੰ ਪੂਰੀ ਮਿਹਨਤ ਕਰਨੀ ਪੈਂਦੀ ਹੈ। ਬੱਚਿਆਂ ਦੀ ਹਾਜ਼ਰੀ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਹੁੰਦਾ। ਇਸ ਵਰਗ ਦੇ ਬਹੁਤ ਘੱਟ ਬੱਚੇ ਪੜ੍ਹਾਈ ਦੌਰਾਨ ਪੜ੍ਹਾਈ ਦਾ ਖ਼ਰਚਾ ਕੱਢਣ ਲਈ ਛੋਟੀਆਂ-ਮੋਟੀਆਂ ਨੌਕਰੀਆਂ ਕਰਦੇ ਹਨ। ਇਸ ਵਰਗ ਦੇ ਬੱਚੇ ਇੰਜੀਨੀਅਰਿੰਗ, ਮੈਡੀਕਲ, ਸੀਪੀਏ, ਐਮਸੀਏ, ਐਮਬੀਏ, ਵਕਾਲਤ ਦੀ ਪੜ੍ਹਾਈ ਕਰ ਕੇ ਆਈਟੀ, ਡਾਕਟਰੀ, ਬੈਂਕਾਂ, ਬੀਮੇ, ਟੈਕਸ, ਆਡਿਟ ਅਤੇ ਆਰਥਿਕ ਸਲਾਹਕਾਰ ਦੇ ਖੇਤਰ ਵਿਚ ਨੌਕਰੀਆਂ ਹਾਸਲ ਕਰਦੇ ਹਨ। ਇਨ੍ਹਾਂ ਖੇਤਰਾਂ ਵਿਚ ਉਹ ਚੰਗੀ ਕਮਾਈ ਕਰ ਕੇ ਇੱਥੇ ਚੰਗਾ ਰੁਤਬਾ ਹਾਸਲ ਕਰ ਲੈਂਦੇ ਹਨ।

ਦੂਜੇ ਵਰਗ ਵਿਚ ਉਹ ਬੱਚੇ ਆਉਂਦੇ ਹਨ ਜਿਨ੍ਹਾਂ ਨੇ ਉਚੇਰੀ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਪੜ੍ਹਾਈ ਦਾ ਖ਼ਰਚਾ ਕੱਢਣ ਲਈ ਨੌਕਰੀ ਵੀ ਕਰਨੀ ਹੁੰਦੀ ਹੈ। ਇਨ੍ਹਾਂ ਦਾ ਉਦੇਸ਼ ਪੜ੍ਹਾਈ ਕਰਨਾ ਘੱਟ ਤੇ ਇਸ ਮੁਲਕ ਵਿਚ ਨੌਕਰੀ ਹਾਸਲ ਕਰ ਕੇ ਪੱਕੇ ਤੌਰ 'ਤੇ ਵਸਣਾ ਵੱਧ ਹੁੰਦਾ ਹੈ। ਇਸ ਵਰਗ ਦੇ ਬੱਚੇ ਉਨ੍ਹਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਂਦੇ ਹਨ, ਜਿਨ੍ਹਾਂ 'ਚ ਕੰਮ ਕਰਨ ਲਈ ਵੱਧ ਤੋਂ ਵੱਧ ਸਮਾਂ ਮਿਲ ਸਕੇ। ਇਨ੍ਹਾਂ 'ਚ ਨਿਯਮ ਤੇ ਅਨੁਸ਼ਾਸਨ ਪੱਕੇ ਤਾਂ ਹੁੰਦੇ ਹਨ ਪਰ ਪਹਿਲੇ ਵਰਗ ਜਿਹੇ ਨਹੀਂ। ਇਨ੍ਹਾਂ 'ਚ ਪੜ੍ਹਾਈ ਦਾ ਪੱਧਰ ਵੀ ਪਹਿਲੇ ਵਰਗ ਜਿੰਨਾ ਉੱਚਾ ਨਹੀਂ ਹੁੰਦਾ। ਇਨ੍ਹਾਂ 'ਚ ਵੀ ਹਾਜ਼ਰੀ ਅਤੇ ਅਨੁਸ਼ਾਸਨ ਨੂੰ ਲੈ ਕੇ ਜ਼ਿਆਦਾ ਸਮਝੌਤਾ ਨਹੀਂ ਹੁੰਦਾ। ਤੀਜੇ ਵਰਗ ਵਿਚ ਉਹ ਕਾਲਜ ਤੇ ਯੂਨੀਵਰਸਿਟੀਆਂ ਆਉਂਦੇ ਹਨ ਜਿਨ੍ਹਾਂ ਦਾ ਉਦੇਸ਼ ਬੱਚਿਆਂ ਤੋਂ ਕੇਵਲ ਫੀਸਾਂ ਲੈਣਾ ਹੀ ਹੁੰਦਾ ਹੈ। ਇਨ੍ਹਾਂ ਵਿਚ ਉਹੀ ਬੱਚੇ ਦਾਖ਼ਲਾ ਲੈਂਦੇ ਹਨ ਜਿਨ੍ਹਾਂ ਨੇ ਕੈਨੇਡਾ ਵਿਚ ਪੱਕੇ ਹੋਣ ਲਈ ਸਰਟੀਫਿਕੇਟ ਲੈਣੇ ਹੁੰਦੇ ਹਨ। ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਬੱਚਿਆਂ ਦੀ ਹਾਜ਼ਰੀ ਤੇ ਅਨੁਸ਼ਾਸਨ ਦੇ ਨਿਯਮ ਜ਼ਿਆਦਾ ਪੱਕੇ ਨਹੀਂ ਹੁੰਦੇ। ਇਨ੍ਹਾਂ ਵਿਚ ਕਈ ਕਾਲਜ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ 'ਚ ਜਾਣਾ ਵੀ ਜ਼ਰੂਰੀ ਨਹੀਂ ਹੁੰਦਾ। ਇਨ੍ਹਾਂ 'ਚ ਬੱਚੇ ਛੋਟੇ-ਛੋਟੇ ਸਕਿਉਰਿਟੀ, ਬਿਜਲੀ, ਲੱਕੜੀ ਤੇ ਹੋਰ ਹੱਥੀਂ ਕੰਮ ਕਰਨ ਵਾਲੇ ਕੰਮਾਂ ਦੇ ਲਾਇਸੈਂਸ ਤੇ ਛੋਟੀਆਂ-ਮੋਟੀਆਂ ਨੌਕਰੀਆਂ ਲੈਣ ਲਈ ਦਾਖ਼ਲਾ ਲੈਂਦੇ ਹਨ। ਕਈ ਅਦਾਰੇ ਤਾਂ ਅਜਿਹੇ ਵੀ ਹਨ ਜੋ ਕੇਵਲ ਫੀਸ ਹੀ ਲੈਂਦੇ ਹਨ ਤੇ ਮਿੱਥੇ ਸਮੇਂ ਬਾਅਦ ਸਰਟੀਫਿਕੇਟ ਜਾਰੀ ਕਰ ਦਿੰਦੇ ਹਨ।

ਜੇਕਰ ਉਚੇਰੀ ਸਿੱਖਿਆ ਦੀਆਂ ਫੀਸਾਂ ਦੀ ਗੱਲ ਕੀਤੀ ਜਾਵੇ ਤਾਂ ਜਿਹੜੇ ਬੱਚੇ ਬਾਹਰਲੇ ਦੇਸ਼ਾਂ ਤੋਂ ਆ ਕੇ ਦਾਖ਼ਲਾ ਲੈਂਦੇ ਹਨ, ਉਨ੍ਹਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹਨ ਪਰ ਜਿਹੜੇ ਕੈਨੇਡਾ ਦੇ ਪੱਕੇ ਨਾਗਰਿਕ ਹਨ, ਉਨ੍ਹਾਂ ਦੇ ਬੱਚਿਆਂ ਦੀਆਂ ਫੀਸਾਂ ਅੱਧੀਆਂ ਹੋ ਜਾਂਦੀਆਂ ਹਨ। ਉੱਚ ਪੱਧਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਫੀਸਾਂ ਦੂਜੇ ਕਾਲਜਾਂ ਤੇ ਯੂਨੀਵਰਸਿਟੀਆਂ ਨਾਲੋਂ ਕਾਫ਼ੀ ਜ਼ਿਆਦਾ ਹਨ। ਬਾਰ੍ਹਵੀਂ ਜਮਾਤ ਵਿਚ ਬਹੁਤ ਚੰਗੇ ਅੰਕਾਂ ਵਾਲੇ ਬੱਚਿਆਂ ਨੂੰ ਵਜ਼ੀਫ਼ਾ ਵੀ ਮਿਲਦਾ ਹੈ। ਪਹਿਲੇ ਅਤੇ ਦੂਜੇ ਦਰਜੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਅੱਵਲ ਦਰਜੇ ਦੀਆਂ ਇਮਾਰਤਾਂ ਅਤੇ ਸਾਜ਼ੋ-ਸਾਮਾਨ ਹੁੰਦਾ ਹੈ। ਥਿਊਰੀ ਦੇ ਨਾਲ-ਨਾਲ ਪ੍ਰੈਕਟੀਕਲ ਗਿਆਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਮੈਡੀਕਲ ਖੇਤਰ ਦੀ ਪੜ੍ਹਾਈ ਲਈ ਜ਼ਿਆਦਾਤਰ ਬੱਚੇ ਯੂਐੱਸਏ, ਯੂਕੇ ਅਤੇ ਆਸਟ੍ਰੇਲੀਆ ਆਦਿ ਦੇਸ਼ਾਂ 'ਚ ਜਾਂਦੇ ਹਨ ਕਿਉਂਕਿ ਕੈਨੇਡਾ 'ਚ ਚੰਗੇ ਮੈਡੀਕਲ ਕਾਲਜਾਂ ਦੀ ਘਾਟ ਹੈ। ਵਿਦੇਸ਼ਾਂ ਤੋਂ ਆਏ ਬੱਚਿਆਂ ਨੂੰ ਮੈਡੀਕਲ ਖੇਤਰ ਵਿਚ ਨੌਕਰੀ ਲੈਣ ਲਈ ਇਸ ਮੁਲਕ ਦੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਸਾਡੇ ਮੁਲਕ ਦੇ ਬੀਡੀਐੱਸ, ਐੱਮਡੀਐੱਸ ਅਤੇ ਫਿਜ਼ੀਓਥੈਰੇਪੀ ਦੀਆਂ ਡਿਗਰੀਆਂ ਪਾਸ ਬੱਚੇ ਰਿਸੈਪਸ਼ਨਿਸਟ ਦੀ ਨੌਕਰੀ ਕਰਦੇ ਹਨ। ਕੈਨੇਡਾ 'ਚ ਉਚੇਰੀ ਸਿੱਖਿਆ ਦਾ ਮਿਆਰ ਲਗਪਗ ਸਾਡੇ ਮੁਲਕ ਵਰਗਾ ਹੀ ਹੈ। ਉਚੇਰੀ ਸਿੱਖਿਆ ਨਾਲ ਸਬੰਧਤ ਪ੍ਰੀਖਿਆ ਪ੍ਰਣਾਲੀ ਦੀ ਗੱਲ ਕਰੀਏ ਤਾਂ ਇੱਥੋਂ ਦੇ ਕਾਲਜਾਂ ਤੇ 'ਵਰਸਿਟੀਆਂ 'ਚ ਸਮੈਸਟਰ ਪ੍ਰਣਾਲੀ ਦੀ ਵਿਵਸਥਾ ਹੈ। ਇੱਥੋਂ ਦੀ ਪ੍ਰੀਖਿਆ ਪ੍ਰਣਾਲੀ ਸਾਡੇ ਦੇਸ਼ ਨਾਲੋਂ ਅੱਡ ਹੈ। ਹਰ ਮਹੀਨੇ ਹੋਣ ਵਾਲੇ ਟੈਸਟਾਂ, ਅਸਾਈਨਮੈਂਟਾਂ, ਕੁਇਜ਼ਾਂ ਅਤੇ ਪ੍ਰਾਜੈਕਟ ਦੇ ਕੁੱਲ ਅੰਕਾਂ ਨੂੰ ਜੋੜ ਕੇ ਸਮੈਸਟਰ ਦਾ ਨਤੀਜਾ ਬਣਦਾ ਹੈ। ਦੋ ਤੋਂ ਵੱਧ ਰੀ-ਅਪੀਅਰਾਂ ਆਉਣ ਨਾਲ ਸਮੈਸਟਰ 'ਚ ਫੇਲ੍ਹ ਕਰ ਦਿੱਤਾ ਜਾਂਦਾ ਹੈ। ਰੀ-ਅਪੀਅਰ ਦੇ ਪਰਚੇ ਦੇਣ ਲਈ ਕਾਫ਼ੀ ਫੀਸ ਭਰਨੀ ਪੈਂਦੀ ਹੈ।

ਨੀਵੇਂ ਦਰਜੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਅਧਿਆਪਕ ਬੱਚਿਆਂ ਨੂੰ ਹਾਜ਼ਰੀ ਅਤੇ ਪੜ੍ਹਾਈ ਲਈ ਮਜਬੂਰ ਨਹੀਂ ਕਰਦੇ। ਇਨ੍ਹਾਂ 'ਚ ਅਨੁਸ਼ਾਸਨ ਦੀ ਸਥਿਤੀ ਚੰਗੀ ਨਹੀਂ ਹੈ। ਉੱਚ ਪੱਧਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਹਾਜ਼ਰੀ ਦੇ ਵੀ ਅੰਕ ਹਨ। ਮਾਸਟਰ ਡਿਗਰੀਆਂ ਅਤੇ ਡਿਪਲੋਮਿਆਂ ਦੇ ਅੰਕ ਨਹੀਂ ਸਗੋਂ ਗਰੇਡ ਹੁੰਦੇ ਹਨ। ਇਸ ਮੁਲਕ ਵਿਚ ਪੱਕੇ ਹੋਣ ਲਈ ਡਿਗਰੀਆਂ 'ਚੋਂ ਆਏ ਗਰੇਡਾਂ ਦੇ ਅੰਕ ਲੱਗਦੇ ਹਨ। ਸਾਡੇ ਦੇਸ਼ 'ਚੋਂ ਕੈਨੇਡਾ ਵਿਚ ਉੱਚ ਸਿੱਖਿਆ ਪ੍ਰਾਪਤ ਕਰਨ ਆਉਣ ਵਾਲਿਆਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਤੇ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਕੈਨੇਡਾ ਵਿਚ ਚੰਗੀਆਂ ਨੌਕਰੀਆਂ ਹਾਸਲ ਕਰਨ ਲਈ ਪੂਰੀ ਮਿਹਨਤ ਕਰਨੀ ਚਾਹੀਦੀ ਹੈ। ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ। ਨਸ਼ਿਆਂ ਤੇ ਅਵਾਰਾਗਰਦੀ ਤੋਂ ਬਚਣਾ ਚਾਹੀਦਾ ਹੈ। ਜ਼ਮੀਨਾਂ ਵੇਚ ਕੇ ਤੇ ਬੈਂਕਾਂ ਦੇ ਨੱਕੋ-ਨੱਕ ਕਰਜ਼ਦਾਰ ਹੋ ਕੇ ਕੈਨੇਡਾ 'ਚ ਆਉਣ ਨਾਲੋਂ ਚੰਗਾ ਹੈ ਕਿ ਆਪਣੇ ਮੁਲਕ 'ਚ ਹੀ ਦਿਲ ਲਗਾ ਕੇ ਪੜ੍ਹਾਈ ਕੀਤੀ ਜਾਵੇ ਤੇ ਚੰਗੀ ਨੌਕਰੀ ਹਾਸਲ ਕੀਤੀ ਜਾਵੇ।

# ਜ਼ਮੀਰ ਅਤੇ ਜ਼ਮੀਨ ਵਿਚਲਾ ਫ਼ਾਸਲਾ

ਮੇਰਾ ਬਚਪਨ ਪਿੰਡ ਲੋਹਾਖੇੜਾ ਜ਼ਿਲ੍ਹਾ ਸੰਗਰੂਰ 'ਚ ਬੀਤਿਆ। ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਤੱਕ ਦੀ ਪੜ੍ਹਾਈ ਇੱਥੇ ਹੀ ਕੀਤੀ। ਇਸ ਕਰਕੇ ਮੈਨੂੰ ਪਿੰਡਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਹੋਣ ਦਾ ਸੁਭਾਗ ਪ੍ਰਾਪਤ ਹੈ। ਮੈਨੂੰ ਪਿੰਡ ਦੀ ਸਾਦਗੀ ਪਿਆਰੀ ਤੇ ਨਿਆਰੀ ਲੱਗਦੀ ਹੈ। ਪਿੰਡ 'ਚ ਰਹਿ ਕੇ ਜਿੱਥੇ ਪਿੰਡ ਦੀ ਨੁਹਾਰ ਦੇਖੀ, ਉੱਥੇ ਸੱਥਾਂ ਦੀ ਰੌਣਕ ਵੀ ਦੇਖੀ। ਛੇਵੀਂ ਜਮਾਤ ਤੋਂ ਦਸਵੀਂ ਤੱਕ ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਤੋਂ ਸਿੱਖਿਆ ਪ੍ਰਾਪਤ ਕੀਤੀ। ਗਰੈਜੂਏਸ਼ਨ ਐੱਸਡੀ ਕਾਲਜ ਬਰਨਾਲਾ ਤੋਂ ਕੀਤੀ, ਜਿੱਥੋਂ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਐੱਲਐੱਲਬੀ ਤੇ ਐੱਮਏ ਦੀ ਤਾਲੀਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹਾਸਲ ਕੀਤੀ। ਪਰਸ਼ੀਅਨ ਕੋਰਸ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੀ ਡਿਸਟਿਕਸ਼ਨ ਨਾਲ ਕੀਤਾ। ਐੱਲਐੱਲਐੱਮ (ਮਾਸਟਰ ਡਿਗਰੀ) ਕਾਨੂੰਨ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਹਾਸਲ ਕੀਤੀ।

1990 'ਚ ਮੈਨੂੰ ਜੁਡੀਸ਼ੀਅਲ ਅਧਿਕਾਰੀ ਦੇ ਤੌਰ 'ਤੇ ਚੁਣ ਲਿਆ ਗਿਆ। ਬਠਿੰਡਾ ਵਿਖੇ ਪਹਿਲੀ ਪੋਸਟਿੰਗ ਹੋ ਗਈ। ਮੇਰੇ ਪਹਿਲੇ ਜ਼ਿਲ੍ਹਾ ਤੇ ਸੈਸ਼ਨ ਜੱਜ ਕੇਸ਼ੋ ਰਾਮ ਮਹਾਜਨ ਰੱਬੀ ਤੇ ਰੱਜੀ ਰੂਹ ਦੇ ਮਾਲਕ ਸਨ। ਮੈਨੂੰ ਅਕਸਰ ਭੋਜਨ ਕਰਵਾਉਣ ਲਈ ਉਹ ਘਰ ਲੈ ਜਾਂਦੇ ਸਨ। ਮੇਰੇ ਲਈ ਬਹੁਤ ਮਾਣ ਵਾਲੀ ਗੱਲ ਸੀ ਪਰ ਮੈਂ ਸੰਗਦਾ-ਸੰਗਦਾ ਭੋਜਨ ਕਰਦਾ ਸੀ। ਉਹ ਕਿਹਾ ਕਰਦੇ ਸਨ ਕਿ ਰੋਟੀ ਚੰਗੀ ਤਰ੍ਹਾਂ ਖਾਓ, ਜੱਜ ਸਾਹਿਬ ਇਕ ਦਿਨ ਤੁਸੀਂ ਵੀ ਇਸ ਘਰ 'ਚ ਬਤੌਰ ਸੈਸ਼ਨ ਜੱਜ ਬਣ ਕੇ ਆਓਗੇ। ਉਨ੍ਹਾਂ ਦੀ ਜ਼ੁਬਾਨ 'ਤੇ ਮਾਨੋ ਸਰਸਵਤੀ ਦਾ ਨਿਵਾਸ ਸੀ। ਉਸੇ ਦਿਨ, ਉਸੇ ਤਾਰੀਖ਼ ਨੂੰ 2011 'ਚ ਉਨ੍ਹਾਂ ਦੇ ਬੋਲ ਸੱਚੇ ਸਾਬਤ ਹੋਏ। ਸੱਚ ਹੈ ਕਿ ...

ਮੂੰਹ 'ਚੋਂ ਨਿਕਲੀ ਗੱਲ ਕੰਨ ਤੱਕ ਪਹੁੰਚਦੀ ਹੈ।
ਦਿਲ 'ਚੋਂ ਨਿਕਲੀ ਗੱਲ ਦਿਲ ਤੱਕ ਪਹੁੰਚਦੀ ਹੈ।

ਇਹ ਗੱਲ ਦੱਸਦਿਆਂ ਮੈਨੂੰ ਅਪਾਰ ਖ਼ੁਸ਼ੀ ਤੇ ਆਨੰਦ ਦਾ ਅਨੁਭਵ ਹੋ ਰਿਹਾ ਹੈ ਕਿ ਬਚਪਨ ਤੋਂ ਲੈ ਕੇ ਅੱਜ ਤੱਕ ਮੈਨੂੰ ਮਹਾਨ ਸ਼ਖ਼ਸੀਅਤਾਂ ਤੇ ਰੱਬੀ ਰੂਹਾਂ ਦਾ ਬਹੁਤ ਪਿਆਰ ਤੇ ਸਤਿਕਾਰ ਮਿਲਿਆ ਹੈ। ਇਸ 'ਚ ਮੇਰੇ ਪੂਜਨੀਕ ਪਿਤਾ ਮਾਸਟਰ ਦੇਸ ਰਾਜ, ਮੇਰੀ ਮਾਤਾ ਸ਼੍ਰੀਮਤੀ ਚਿੰਤੀ ਦੇਵੀ, ਹੋਰ ਆਦਰਸ਼ ਅਧਿਆਪਕਾਂ ਤੇ ਨਿੱਘੇ ਦੋਸਤਾਂ ਦਾ ਬਹੁਤ ਯੋਗਦਾਨ ਰਿਹਾ ਹੈ, ਜਿਨ੍ਹਾਂ 'ਚੋਂ ਅਸ਼ੋਕ ਕੁਮਾਰ ਗੁਪਤਾ (ਮੋਗਾ ਵਾਲੇ), ਵਜ਼ੀਰ ਬਾਂਸਲ ਬਰਨਾਲਾ, ਅਕੀਲ ਮੁਹੰਮਦ ਡੀਜੀਪੀ, ਰਾਜੇਸ਼ ਸਿੰਗਲਾ (ਰੇਡੀਏਂਟ ਵਾਲੇ), ਬਰਨਾਲਾ ਤੇ ਹੋਰ ਬਹੁਤ ਸਾਰੇ ਜਿਗਰੀ ਦੋਸਤਾਂ ਨੇ ਮੇਰੇ ਰਾਹਾਂ ਨੂੰ ਰੁਸ਼ਨਾਇਆ ਹੈ, ਜਿਨ੍ਹਾਂ ਦਾ ਜ਼ਿਕਰ ਮੈਂ ਆਉਣ ਵਾਲੇ ਸਮੇਂ 'ਚ ਆਪਣੀਆਂ ਲਿਖਤਾਂ 'ਚ ਉਜਾਗਰ ਕਰਦਾ ਰਹਾਂਗਾ। ਮੇਰੀ ਧਰਮ ਪਤਨੀ ਸਰੋਜ ਅਗਰਵਾਲ ਦਾ ਵੀ ਮੈਂ ਬਹੁਤ ਸ਼ੁਕਰਗੁਜ਼ਾਰ ਹਾਂ ਜਿਸ ਨੇ ਕਦੇ ਵੀ ਮੈਨੂੰ ਡੋਲਣ ਨਹੀਂ ਦਿੱਤਾ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਲਈ ਪ੍ਰੇਰਿਤ ਕੀਤਾ। ਹਮੇਸ਼ਾ ਸਰਬੱਤ ਦਾ ਭਲਾ ਕਰਨ ਲਈ ਆਖਦੀ ਰਹੀ।



ਨਿਆਂ ਦੀ ਪਵਿੱਤਰ ਤੇ ਮਹਾਨ ਕੁਰਸੀ 'ਤੇ ਪਹਿਲੀ ਵਾਰ ਬੈਠਣ ਤੋਂ ਪਹਿਲਾਂ ਮੇਰੇ ਗੁਰੂਆਂ ਤੇ ਸ਼ੁਭ ਚਿੰਤਕਾਂ ਨੇ ਇਕ ਗੱਲ ਕਹੀ ਕਿ ਨਿਆਂ ਦੀ ਕੁਰਸੀ ਬਹੁਤ ਉੱਚੀ ਤੇ ਸੁੱਚੀ ਹੁੰਦੀ ਹੈ। ਇਸ ਦੀ ਲਾਜ ਰੱਖਣਾ। ਸਰਵਿਸ ਕਰਦਿਆਂ ਮੈਨੂੰ ਕਾਫ਼ੀ ਉੱਚੇ ਅਹੁਦਿਆਂ 'ਤੇ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਕਈ ਜ਼ਿਲ੍ਹਿਆਂ 'ਚ ਬਤੌਰ ਜ਼ਿਲ੍ਹਾ ਤੇ ਸੈਸ਼ਨ ਜੱਜ ਫ਼ਰਜ਼ ਨਿਭਾਉਣ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ। ਆਪਣੇ ਫ਼ਰਜ਼ ਨੂੰ ਆਪਣੀ ਜ਼ਮੀਰ ਮੁਤਾਬਕ ਨਿਭਾਇਆ। ਬਤੌਰ ਪ੍ਰਮੁੱਖ ਸਕੱਤਰ ਤੇ ਲੀਗਲ ਰਿਮੈਂਬਰੈਂਸਰ (ਕਾਨੂੰਨੀ ਮਸ਼ੀਰ) ਵਜੋਂ ਕੰਮ ਕਰਦਿਆਂ ਵੱਖਰੀ ਖ਼ੁਸ਼ਬੋ ਦਾ ਅਨੁਭਵ ਤੇ ਆਨੰਦ ਮਾਣਿਆ। ਬਹੁਤ ਹੀ ਨੇਕ ਇਨਸਾਨ ਅਨਿਰੁਧ ਤਿਵਾੜੀ ਜੋ ਪੰਜਾਬ ਦੇ ਮੁੱਖ ਸਕੱਤਰ ਰਹੇ, ਮੇਰੇ ਜਿਗਰੀ ਦੋਸਤ ਬਣੇ। ਬਹੁਤ ਹੀ ਸਤਿਕਾਰ ਦੀ ਪਾਤਰ ਰਵਨੀਤ ਕੌਰ ਦੀ ਸ਼ਖ਼ਸੀਅਤ ਤੋਂ ਵੀ ਮੈਂ ਬਹੁਤ ਪ੍ਰਭਾਵਿਤ ਹੋਇਆ। ਹੋਰ ਵੀ ਸ਼ਖ਼ਸੀਅਤਾਂ ਮੇਰੀਆਂ ਪ੍ਰੇਰਨਾ ਸਰੋਤ ਰਹੀਆਂ।

ਇਨਸਾਨ ਦੀ ਜ਼ਿੰਦਗੀ ਦੀਆਂ ਰਾਹਾਂ 'ਤੇ ਕਈ ਮੋੜ ਆਉਂਦੇ ਨੇ। ਜਿੱਥੇ ਦੋ ਰਸਤੇ ਜਾਂਦੇ ਨੇ ਇਕ ਜ਼ਮੀਨ ਵਾਲਾ, ਦੂਜਾ ਜ਼ਮੀਰ ਵਾਲਾ। ਇਕ ਸ਼ੋਹਰਤ-ਮਜ਼ ਵਾਲਾ ਤੇ ਦੂਜਾ ਸ਼ੋਅ ਵਾਲਾ। ਇਕ ਦੁਨਿਆਵੀ ਤਾਕਤ ਵਾਲਾ ਅਤੇ ਦੂਜਾ ਦੈਵੀ ਤਾਕਤ ਵਾਲਾ। ਉਸ ਪਰਵਰਦਗਾਰ ਨੇ ਮੇਰੇ ਕੋਲੋਂ ਸਹੀ ਚੋਣ ਕਰਵਾ ਦਿੱਤੀ। ਕਦੇ ਗਰਮ ਹਵਾਵਾਂ ਤੇ ਕਦੇ ਝੱਖੜ ਝੁੱਲੇ, ਕਦੇ ਮਿੱਠੀਆਂ ਮਹਿਕਾਂ ਤੇ ਕਦੇ ਠੰਢੀਆਂ ਹਵਾਵਾਂ ਦੇ ਬੁੱਲ੍ਹੇ ਮੇਰਾ ਨਸੀਬ ਬਣੇ। ਕਦੇ ਘੁੱਪ ਹਨੇਰਾ ਤੇ ਕਦੇ ਚਿਰਾਗਾਂ ਦੀ ਰੌਸ਼ਨੀ ਮਿਲੀ। ਅਧਿਆਤਮਵਾਦ ਦੇ ਲੜ ਲੱਗਣ ਕਾਰਨ ਡਗਮਗਾਇਆ ਨਹੀਂ। ਕੁਝ ਵੀ ਆਪਣੀ ਦੁਨਿਆਵੀ ਤੱਕੜੀ 'ਚ ਨਹੀਂ ਤੋਲਿਆ। ਉੱਪਰ ਵਾਲੇ ਦੀ ਹੱਕ ਤੇ ਸੱਚ ਦੀ ਤੱਕੜੀ 'ਚ ਤੋਲਣ ਲਈ ਰੱਖ ਦਿੱਤਾ। ਜ਼ਮੀਰ ਜ਼ਿੰਦਾ ਹੈ। ਥੋੜ੍ਹਾ ਬਹੁਤ ਲਿਖਦਾ ਰਹਿੰਦਾ ਹਾਂ। ਸਫ਼ਰ ਜਾਰੀ ਹੈ...

-ਸਤੀਸ਼ ਅਗਰਵਾਲ

75089-20001



# 1855: ਬਹਾਦਰ ਆਦਿਵਾਸੀ ਔਰਤਾਂ ਦੀ ਭੁੱਲੀ ਵਿਸਰੀ ਵਿਰਾਸਤ




*'ਆਜ਼ਾਦੀ ਦਾ ਅੰਮ੍ਰਿਤ ਮਹਾਂ ਉਤਸਵ' ਮਨਾਉਣ ਸਮੇਂ ਆਦਿਵਾਸੀਆਂ ਦਾ ਇਹ ਸਮੂਹਿਕ ਕਤਲੇਆਮ ਕਿਉਂ ਭੁਲਾ ਦਿੱਤਾ । ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਹੀ ਆਦਿਵਾਸੀਆਂ ਵੱਲੋਂ ਮੁਲਕ ਦੇ ਆਜ਼ਾਦੀ ਸੰਗਰਾਮ ਵਿਚ 25000 ਲੋਕਾਂ ਅਤੇ ਅਗਵਾਈ ਕਰਦੀਆਂ ਵੀਰਾਂਗਣਾ ਭੈਣਾਂ ਵੱਲੋਂ ਦਿੱਤੀ ਲਾਸਾਨੀ ਕੁਰਬਾਨੀ, ਆਜ਼ਾਦੀ ਦੇ ਇਤਿਹਾਸ 'ਚੋਂ ਮਨਫ਼ੀ ਕੀਤੀ ਜਾ ਰਹੀ ਹੈ ।*

ਅਮੋਲਕ ਸਿੰਘ

1857 ਦੇ ਗ਼ਦਰ ਨੂੰ ਭਾਰਤ ਦੀ ਪਹਿਲੀ ਜੰਗ-ਏ-ਆਜ਼ਾਦੀ ਕਿਹਾ ਜਾਂਦਾ ਹੈ। ਇਸ ਤੋਂ ਦੋ ਸਾਲ ਪਹਿਲਾਂ ਸੰਥਾਲ ਖੇਤਰ ਦੇ ਆਦਿਵਾਸੀਆਂ ਨੇ ਬ੍ਰਿਟਿਸ਼ ਰਾਜ ਅਤੇ ਸਥਾਨਕ ਰਜਵਾੜਿਆਂ, ਜਾਗੀਰਦਾਰਾਂ ਖਿਲਾਫ਼ ਗ਼ਦਰ ਕੀਤਾ ਜਿਸ ਦੀ 1855-56 ਦੌਰਾਨ ਪਈ ਗੂੰਜ ਨਾਲ ਜੰਗਲ ਗੂੰਜਦਾ ਰਿਹਾ। ਇਹ ਗੂੰਜ ਸਾਡੇ ਚੇਤਿਆਂ ਦੀ ਡਾਇਰੀ ਦਾ ਸਫ਼ਾ ਕਿਉਂ ਨਹੀਂ ਬਣ ਸਕੀ? ਇਹ ਸੁਆਲ ਮੁਲਕ ਦੇ ਹੁਕਮਰਾਨਾਂ, ਯੂਨੀਵਰਸਿਟੀਆਂ, ਖੋਜਾਰਥੀਆਂ ਦੇ ਮਨ ਵਿਚ ਖੌਰੂ ਪਾਉਂਦਾ ਰਹੇਗਾ। ਇਸ ਦੀ ਗਹਿਰੀ ਖੋਜ ਅਜੇ ਵੀ ਹੋਣੀ ਹੈ।

1855 ਦੀ ਗੱਲ ਹੈ ਕਿ ਬਰਤਾਨਵੀ ਈਸਟ ਇੰਡੀਆ ਕੰਪਨੀ ਨੇ ਜੰਗਲ ਉੱਪਰ ਨਿਗ੍ਹਾ ਟਿਕਾ ਲਈ। ਸੰਥਾਲ ਪਰਗਣਾ ਟੈਨੈਂਸੀ ਐਕਟ (1912) ਨੂੰ ਬਦਲ ਕੇ ਗ਼ੈਰ-ਕਬਾਇਲੀਆਂ ਨੂੰ ਜੰਗਲ ਅੰਦਰ ਜ਼ਮੀਨ ਜਾਇਦਾਦ ਖ਼ਰੀਦਣ ਦੀ ਖੁੱਲ੍ਹ ਦੇ ਦਿੱਤੀ। ਜੰਗਲ ਨਾਲ ਆਦਿਵਾਸੀਆਂ ਦਾ ਜਿਉਣ ਮਰਨ ਜੁੜਿਆ ਹੋਇਆ ਹੈ। ਜੰਗਲ ਆਦਿਵਾਸੀਆਂ ਲਈ ਕੁਦਰਤੀ ਅਨਮੋਲ ਖ਼ਜ਼ਾਨਾ ਸੀ ਉਹ ਇਸ ਨੂੰ ਚੁੱਪ-ਚੁਪੀਤੇ ਕਿਵੇਂ ਜਰ ਲੈਂਦੇ?

ਨਿੱਜੀ ਜਾਇਦਾਦ ਦਾ ਹੱਕ ਮਿਲਦਿਆਂ ਹੀ ਜੰਗਲ, ਜਲ, ਜ਼ਮੀਨ ਨੂੰ ਜੱਫ਼ਾ ਮਾਰਨ ਲਈ ਧਾਅ ਕੇ ਪਏ ਜਾਗੀਰਦਾਰਾਂ ਅਤੇ ਦੇਸੀ ਵਿਦੇਸ਼ੀ ਕੰਪਨੀਆਂ ਨੇ ਉੱਥੇ ਕਾਬਜ਼ ਹੋਣ ਲਈ ਹਰ ਹਰਬਾ ਵਰਤਿਆ। ਇਨ੍ਹਾਂ ਦੇ ਨਾਲ ਨਾਲ ਸ਼ਾਹੂਕਾਰਾਂ ਸੂਦਖੋਰਾਂ ਦਾ ਟਿੱਡੀ ਦਲ ਵੀ ਜੰਗਲ ਦੇ ਜਨ-ਜੀਵਨ ਨੂੰ ਬੁਰਕ ਮਾਰਨ ਲੱਗਾ। ਲੋਕਾਂ ਅੰਦਰ ਰੋਹ ਭਰੀ ਵਿਦਰੋਹੀ ਚਿਣਗ ਮਘ ਉੱਠੀ। ਲੋਕਾਂ ਅੰਦਰ ਉੱਸਲਵੱਟੇ ਲੈਂਦੀ ਬੇਚੈਨੀ ਅਗਵਾਈ ਭਾਲਦੀ ਸੀ।

ਜੰਗਲ ਦੀ ਹੂਕ ਸੁਣ ਕੇ, ਜੰਗਲ ਦੀਆਂ ਜਾਈਆਂ ਜੌੜੀਆਂ ਭੈਣਾਂ ਫੂਲੋ ਮੁਰਮੂ ਅਤੇ ਝਾਨੋ ਮੁਰਮੂ ਨੇ ਈਸਟ ਇੰਡੀਆ ਕੰਪਨੀ, ਇਸ ਦੇ ਮਾਲਕਾਂ, ਇਸ ਦੇ ਸੇਵਾਦਾਰ ਭਾਰਤੀ ਜਾਗੀਰਦਾਰਾਂ, ਕੰਪਨੀਆਂ ਅਤੇ ਸ਼ਾਹੂਕਾਰਾਂ ਖਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ। ਦੋਵੇਂ ਭੈਣਾਂ ਆਦਿਵਾਸੀ ਝੁੱਗੀਆਂ ਝੌਂਪੜੀਆਂ ਵੱਲ ਚੱਲ ਪਈਆਂ। ਉਨ੍ਹਾਂ ਨੇ ਉਦਾਸ ਲੋਕਾਂ ਨੂੰ ਮੋਢਾ ਦੇ ਕੇ ਖੜ੍ਹੇ ਕੀਤਾ। ਆਦਿਵਾਸੀਆਂ ਦੇ ਨੈਣਾਂ ਵਿਚ ਰੌਸ਼ਨ ਸਵੇਰ ਦੀ ਉਮੀਦ ਭਰੀ ਲਿਸ਼ਕੋਰ ਪਈ।

ਇਨ੍ਹਾਂ ਵੀਰਾਂਗਣਾਵਾਂ ਨੇ ਆਪਣੇ ਮੋਢਿਆਂ 'ਤੇ ਤੀਰ ਕਮਾਨ ਚੁੱਕ ਲਏ। ਇਨ੍ਹਾਂ ਦੇ ਭੈਣ ਭਰਾ ਸ਼ਿੰਦੋ, ਕਾਨੂੰ, ਚਾਂਦ ਅਤੇ ਭੈਰਵ ਮੁਰਮੂ ਵੀ ਉਨ੍ਹਾਂ ਨਾਲ ਬਾਗ਼ੀ ਰਾਹਾਂ ਦੇ ਰਾਹੀ ਬਣ ਕੇ ਚੱਲ ਪਏ।

ਇਨ੍ਹਾਂ ਸਾਰਿਆਂ ਨੇ ਜੰਗਲ ਦੀ ਖ਼ਾਮੋਸ਼ੀ ਨੂੰ ਬੋਲ ਦਿੱਤੇ। ਰਾਤਾਂ ਨੂੰ ਨਿੰਮੀ ਨਿੰਮੀ ਲੋਅ 'ਚ ਆਪਣੇ ਵਡੇਰਿਆਂ ਨਾਲ ਰਾਵਾਂ ਕੀਤੀਆਂ। ਉਨ੍ਹਾਂ ਨਵੇਂ ਗੁਰ ਦੱਸੇ ਕਿ ਗੁੱਸੇ ਦੀ ਅੱਗ ਵਿਚ ਬਲਣ ਦੀ ਬਜਾਏ ਆਦਿਵਾਸੀ ਭਰਾਵਾਂ ਦਾ ਜਨਤਕ ਸਹਿਯੋਗ ਲਉ, ਇਕੱਲੇ ਇਕੱਲੇ ਭੜਕ ਕੇ ਕੁਝ ਨਹੀਂ ਬਣਨਾ, ਹਥਿਆਰਾਂ ਨਾਲ ਲੈਸ ਕੰਪਨੀਆਂ ਅਤੇ ਜਾਗੀਰਦਾਰਾਂ ਦੇ ਲੱਠਮਾਰਾਂ ਨੂੰ ਨਕੇਲ ਪਾਉਣ ਲਈ ਆਦਿਵਾਸੀ ਭਾਈਚਾਰੇ ਨੂੰ ਵਿਚਾਰਾਂ ਅਤੇ ਰਵਾਇਤੀ ਹਥਿਆਰਾਂ ਨਾਲ ਲੈਸ ਕਰਨਾ ਲਾਜ਼ਮੀ ਹੈ।

ਕੰਨੋਂ ਕੰਨ ਖ਼ਬਰਾਂ ਹੋਈਆਂ। ਕੁੱਲੀਆਂ ਆਪੋ 'ਚ ਵਿਚਾਰਾਂ ਕਰਨ ਲੱਗੀਆਂ। ਬਗਾਵਤ ਦੇ ਬੀਜ ਬੀਜਣ ਵਾਲਿਆਂ ਦੀ ਪੈੜ ਚਾਲ ਕੰਨੀਂ ਪੈਣ ਲੱਗੀ। ਆਦਿਵਾਸੀਆਂ ਨੇ ਆਪਣੀ ਨਵੀਂ ਜ਼ਿੰਦਗੀ ਦਾ ਨਵਾਂ ਨਕੋਰ ਸਫ਼ਾ ਲਿਖਿਆ। ਉਨ੍ਹਾਂ ਨੇ 'ਹੂਲ' (ਮੁਕਤੀ ਲਹਿਰ) ਦਾ ਨਾਦ ਵਜਾ ਦਿੱਤਾ। ਜੰਗਲ ਦਾ ਖਿੱਤਾ ਸਮੂਹ-ਗਾਇਨ ਵਾਂਗ ਵਿਦਰੋਹੀ ਗੀਤ ਗਾਉਣ ਲੱਗਾ: 'ਜੀਵਾਂਗੇ ਜਾਂ ਮਰਾਂਗੇ, ਜੰਗਲ ਦੀ ਰਾਖੀ ਕਰਾਂਗੇ'; 'ਜੰਗਲ, ਜੰਗਲ ਦੇ ਲੋਕਾਂ ਦਾ, ਨਹੀਂ ਧਾੜਵੀ ਜੋਕਾਂ ਦਾ' ਵਰਗੇ ਨਾਅਰਿਆਂ ਦੀ ਗੂੰਜ ਲੋਕਾਂ ਦੇ ਬੋਲਾਂ ਵਿਚ ਘੁਲ-ਮਿਲ ਗਈ।

ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਅਸੀਂ ਅਮਨ ਦੀਆਂ ਘੁੱਗੀਆਂ ਕਿੰਨੀ ਦੇਰ ਬਾਜ਼ਾਂ ਦੇ ਪੰਜਿਆਂ ਵਿਚ ਤੜਫ਼ਦੀਆਂ ਰਹਾਂਗੀਆਂ। ਅਸੀਂ ਜੰਗਲ ਦੇ ਬਿਰਖ਼ ਦੀ ਟਾਹਣੀ ਟੁੱਟਦੀ 'ਤੇ ਵੀ ਉਹਦੇ ਵਿਯੋਗ ਵਿਚ ਉਦਾਸ ਹੋ ਜਾਂਦੇ ਹਾਂ। ਸਾਡੀਆਂ ਮਾਵਾਂ ਸਰਘੀ ਵੇਲੇ ਹੀ ਕੰਮਾਂ ਨੂੰ ਤੁਰ ਜਾਂਦੀਆਂ। ਸਾਨੂੰ ਤਾਂ ਲੋਰੀਆਂ ਹੀ ਜੰਗਲ ਦੀ ਗੋਦ ਵਿਚ ਮਿਲੀਆਂ ਨੇ। ਅਸੀਂ ਬਿਰਖਾਂ ਦੇ ਝੂਲੇ ਅਤੇ ਹਵਾ ਦੇ ਬੁੱਲੇ ਮਾਣੇ ਨੇ। ਇਹ ਸਭ ਕੁਝ ਖੋਹਣ ਆ ਪਏ ਨੇ। ਇਹ ਧਾੜਵੀ, ਅਰਜ਼ੀਆਂ ਨਾਲ ਆਪਣੇ ਪੈਰ ਪਿੱਛੇ ਕਰਨ ਵਾਲੇ ਨਹੀਂ।

ਉਨ੍ਹਾਂ ਪ੍ਰੇਰਿਆ ਕਿ ਆਪਣੇ ਤੀਰ, ਨੇਜ਼ੇ, ਕੁਹਾੜੀ ਅਤੇ ਹੋਰ ਰਵਾਇਤੀ ਹਥਿਆਰ ਆਪਣੀ ਸਵੈ-ਰਾਖੀ ਲਈ ਇਕੱਠੇ ਕਰਨਾ ਆਪਣੀ ਅਣਸਰਦੀ ਲੋੜ ਹੈ। ਜੰਗਲ ਸਾਡੀ ਮਾਂ ਹੈ, ਕੋਈ ਮਾਂ ਨੂੰ ਉਧਾਲਣ ਆ ਪਵੇ ਤਾਂ ਮਾਂ ਦੀ ਆਬਰੂ ਨਾਲ ਖਿਲਵਾੜ ਕਿਵੇਂ ਝੱਲਿਆ ਜਾ ਸਕਦਾ ਹੈ। ਇਹ ਬਾਗ਼ੀ ਸੁਰਾਂ ਡਾਢਿਆਂ ਤੱਕ ਵੀ ਪੁੱਜੀਆਂ। ਉਹ ਬਾਗ਼ੀ ਪੌਣਾਂ ਥੰਮ੍ਹਣ ਲਈ ਗੋਂਦਾਂ ਗੁੰਦਣ ਲੱਗੇ। ਉਨ੍ਹਾਂ ਨੇ ਆਦਿਵਾਸੀ ਭੈਣਾਂ ਦੀ ਅਗਵਾਈ ਹੇਠ ਕਰਵਟ ਲੈ ਰਹੇ ਜੰਗਲ ਦੀ ਸੰਘੀ ਨੱਪਣ ਵਾਸਤੇ ਘੇਰਾਬੰਦੀ ਕਰ ਲਈ।

ਫੂਲੋ ਮੁਰਮੂ ਅਤੇ ਝਾਨੋ ਮੁਰਮੂ ਪੂਰੀ ਹੁਸ਼ਿਆਰੀ ਨਾਲ ਘੇਰੇ 'ਚੋਂ ਨਿਕਲ ਗਈਆਂ। ਉਹ ਅੰਬਰੋਂ ਡਿੱਗੀ ਬਿਜਲੀ ਵਾਂਗ ਵਰ੍ਹੀਆਂ ਅਤੇ ਉਨ੍ਹਾਂ ਨੇ ਰਾਤ ਦੇ ਹਨੇਰੇ ਵਿਚ 21 ਬ੍ਰਿਟਿਸ਼ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਬੱਸ ਫਿਰ ਕੀ ਸੀ ਬ੍ਰਿਟਿਸ਼ ਹਕੂਮਤ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਨ੍ਹਾਂ ਨੇ ਬਗ਼ਾਵਤ ਦਾ ਨਾਮੋ ਨਿਸ਼ਾਨ ਮਿਟਾ ਦੇਣ ਦੀ ਠਾਣ ਲਈ। ਬਾਗ਼ੀ ਖੇਤਰ ਦਾ ਘੇਰਾ ਹੋਰ ਤੰਗ ਕਰ ਦਿੱਤਾ। ਹਰ ਤਰ੍ਹਾਂ ਦੀ ਨਾਕਾਬੰਦੀ ਕਰ ਦਿੱਤੀ। 1855-56 ਦਰਮਿਆਨ ਸੰਥਾਲ ਆਜ਼ਾਦੀ ਘੁਲਾਟੀਏ ਸੀਸ ਤਲੀ 'ਤੇ ਧਰ ਕੇ ਲੜੇ। ਕੋਈ 25,000 ਆਦਿਵਾਸੀ ਇਸ ਸੰਗਰਾਮ 'ਚ ਸ਼ਹੀਦੀ ਜਾਮ ਪੀ ਗਏ। ਇੱਕ ਵੀ ਆਦਿਵਾਸੀ ਨੇ ਸਾਹਮਣੇ ਖੜ੍ਹੀ ਮੌਤ ਤੱਕ ਕੇ ਗੋਡੇ ਨਾ ਟੇਕੇ; ਆਤਮ ਸਮਰਪਣ ਨਾ ਕੀਤਾ। ਉਨ੍ਹਾਂ ਜਿੰਦਾਂ ਵਾਰ ਕੇ ਸੰਗਰਾਮ ਨੂੰ ਜ਼ਿੰਦਾ ਰੱਖਿਆ, ਇਤਿਹਾਸ ਦੀ ਸ਼ਾਨ ਸਲਾਮਤ ਰੱਖੀ।

1857 ਦੇ ਗ਼ਦਰ ਤੋਂ ਪਹਿਲਾਂ ਹੋਇਆ ਇਹ ਸ਼ਾਨਾਮੱਤਾ ਇਤਿਹਾਸਕ ਗ਼ਦਰ ਸ਼ਾਇਦ ਇਸ ਕਰਕੇ ਸਮਿਆਂ ਦੀ ਧੂੜ ਵਿਚ ਗੁਆਚ ਗਿਆ ਕਿਉਂਕਿ ਆਦਿਵਾਸੀ ਅੰਦੋਲਨ ਦੀ ਅਜੋਕੇ ਸਮਿਆਂ ਅੰਦਰ ਪ੍ਰਸੰਗਿਕਤਾ ਅਤੇ ਮਹੱਤਤਾ ਗਹਿਰੇ ਅਰਥ ਰੱਖਦੀ ਹੈ। ਖ਼ਾਸ ਕਰਕੇ ਅੱਜ ਜਦੋਂ ਆਦਿਵਾਸੀ ਖੇਤਰ ਦੇ ਅਨਮੋਲ ਕੁਦਰਤੀ ਖ਼ਜ਼ਾਨਿਆਂ ਉਪਰ ਜੱਫ਼ਾ ਮਾਰਿਆ ਜਾ ਰਿਹਾਹੈ। ਆਦਿਵਾਸੀਆਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਜਾਗਰੂਕ ਕਰਨ ਤੁਰੇ ਲੋਕ-ਦਰਦੀਆਂ ਨੂੰ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ।

'ਆਜ਼ਾਦੀ ਦਾ ਅੰਮ੍ਰਿਤ ਮਹਾਂ ਉਤਸਵ' ਮਨਾਉਣ ਸਮੇਂ ਆਦਿਵਾਸੀਆਂ ਦਾ ਇਹ ਸਮੂਹਿਕ ਕਤਲੇਆਮ ਕਿਉਂ ਭੁਲਾ ਦਿੱਤਾ। ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਹੀ ਆਦਿਵਾਸੀਆਂ ਵੱਲੋਂ ਮੁਲਕ ਦੇ ਆਜ਼ਾਦੀ ਸੰਗਰਾਮ ਵਿਚ 25000 ਲੋਕਾਂ ਅਤੇ ਅਗਵਾਈ ਕਰਦੀਆਂ ਵੀਰਾਂਗਣਾ ਭੈਣਾਂ ਵੱਲੋਂ ਦਿੱਤੀ ਲਾਸਾਨੀ ਕੁਰਬਾਨੀ, ਆਜ਼ਾਦੀ ਦੇ ਇਤਿਹਾਸ 'ਚੋਂ ਮਨਫ਼ੀ ਕੀਤੀ ਜਾ ਰਹੀ ਹੈ।

ਦੁੱਮਕਾ (ਸੀ ਅਮੜਾ) ਚੌਕ ਵਿੱਚ ਆਦਿਵਾਸੀ ਵੀਰਾਂਗਣਾਂ ਦਾ ਇਕ ਬੁੱਤ ਲਗਾ ਕੇ, ਕਾਲਜ ਦਾ ਨਾਮ ਰੱਖ ਕੇ ਜਾਂ ਰਾਸ਼ਟਰਪਤੀ ਮੁਰਮੂ ਦਾ ਹਵਾਲਾ ਦੇ ਕੇ ਆਦਿਵਾਸੀ ਇਤਿਹਾਸ ਦੀ ਪ੍ਰਤੀਨਿਧਤਾ ਦਾ ਢੁਕਵਾਂ ਜਵਾਬ ਨਹੀਂ ਮਿਲ ਸਕਦਾ।

ਇਹ ਜੁਲਾਈ 1855 ਦੇ ਸ਼ੁਰੂਆਤੀ ਦਿਨ ਸਨ। ਫੂਲੋ ਮੁਰਮੂ, ਝਾਨੋ ਮੁਰਮੂ ਅਤੇ ਹਜ਼ਾਰਾਂ ਆਦਿਵਾਸੀਆਂ ਦੀ ਭੁਲਾਈ ਵਿਸਾਰੀ ਜਾ ਰਹੀ ਡੁੱਲ੍ਹੀ ਰੱਤ, ਇਸ ਗੌਰਵਮਈ ਵਿਰਾਸਤ ਵੱਲ ਪਿੱਠ ਕਰਨ ਬਾਰੇ ਸੁਆਲ ਕਰਦੀ ਰਹੇਗੀ: "ਕੀ ਇਹ ਵੀਰਾਂਗਣਾਂ ਅਤੇ ਜਿੰਦੜੀਆਂ ਵਾਰ ਗਏ ਆਦਿਵਾਸੀ ਆਜ਼ਾਦੀ ਸੰਗਰਾਮ ਦੀ ਅਮੀਰ ਵਿਰਾਸਤ ਨਹੀਂ?"






# ਕਿਸ਼ੋਰ ਕਾਊਂਸਲਿੰਗ ਨੌਜਵਾਨਾਂ ਲਈ ਲਾਭਦਾਇਕ ਹੈ

ਕਸ਼ੋਰ ਕਾਉਂਸਲਿੰਗ ਵਿਸ਼ੇਸ਼ ਤੌਰ 'ਤੇ ਬੱਚਿਆਂ ਅਤੇ ਕਿਸ਼ੋਰਾਂ ਲਈ ਸਲਾਹ (ਜਾਂ ਥੈਰੇਪੀ) ਹੈ ਜਿਨ੍ਹਾਂ ਨੂੰ ਆਪਣੀ ਮਾਨਸਿਕ ਸਿਹਤ ਲਈ ਮਦਦ ਦੀ ਲੋੜ ਹੈ। ਬਾਲ ਅਤੇ ਕਿਸ਼ੋਰ ਦੀ ਸਲਾਹ ਕਿਸੇ ਵੀ ਨੌਜਵਾਨ ਲਈ ਅਸਲ ਵਿੱਚ ਲਾਭਦਾਇਕ ਹੈ। ਪਰ ਜਿਹੜੇ ਪੀੜਤ ਹਨ, ਉਨ੍ਹਾਂ ਲਈ ਇਹ ਨਾਜ਼ੁਕ ਹੈ। ਮਾਨਸਿਕ ਸਿਹਤ ਕਾਉਂਸਲਿੰਗ ਕਿਸ਼ੋਰਾਂ ਨੂੰ ਮਾਨਸਿਕ ਸਿਹਤ ਸੰਕਟਾਂ ਦਾ ਅਨੁਭਵ ਕਰਨ ਤੋਂ ਰੋਕ ਸਕਦੀ ਹੈ ਅਤੇ ਵਾਧੂ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਵਾਲੇ ਲੋਕਾਂ ਦੀ ਵੀ ਮਦਦ ਕਰ ਸਕਦੀ ਹੈ। ਚਿੰਤਾ, ਡਿਪਰੈਸ਼ਨ, ਜਾਂ ਸਦਮੇ ਨਾਲ ਨਜਿੱਠਣ ਵਾਲੇ ਕਿਸ਼ੋਰ ਲਈ ਕਿਸ਼ੋਰ ਸਲਾਹ ਜ਼ਰੂਰੀ ਹੈ। ਕਿਸ਼ੋਰਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਇੱਕ ਗੰਭੀਰ ਮੁੱਦਾ ਹੈ ਜਿਸਨੂੰ ਕਿਸ਼ੋਰ ਕਾਉਂਸਲਿੰਗ ਵਿੱਚ ਹੱਲ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਬੱਚੇ ਅਤੇ ਕਿਸ਼ੋਰ ਜੋ ਆਪਣੇ ਜਿਨਸੀ ਰੁਝਾਨ ਦੀ ਖੋਜ ਕਰ ਰਹੇ ਹਨ ਜਾਂ ਲਿੰਗ ਡਿਸਫੋਰੀਆ ਦਾ ਅਨੁਭਵ ਕਰ ਰਹੇ ਹਨ, ਬੱਚੇ ਜਾਂ ਕਿਸ਼ੋਰ ਥੈਰੇਪੀ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ। ਇਸ ਲੇਖ ਦੇ ਉਦੇਸ਼ਾਂ ਲਈ, ਅਸੀਂ 'ਕਾਊਂਸਲਿੰਗ' ਅਤੇ 'ਥੈਰੇਪੀ' ਦੇ ਨਾਲ-ਨਾਲ 'ਕੌਂਸਲਰ' ਅਤੇ 'ਥੈਰੇਪਿਸਟ' ਦੀ ਵਰਤੋਂ ਕਰਾਂਗੇ, ਹਾਲਾਂਕਿ ਉਹ ਵੱਖਰੇ ਹਨ। ਇਹ ਜਾਣਨ ਲਈ ਪੜ੍ਹੋ ਕਿ ਅੱਲ੍ਹੜ ਉਮਰ ਦੀ ਸਲਾਹ ਕੀ ਹੈ, ਕਿਸ਼ੋਰ ਕਾਉਂਸਲਿੰਗ ਦੇ ਲਾਭ, ਵੱਖ-ਵੱਖ ਕਿਸਮਾਂ ਦੀਆਂ ਸਲਾਹਾਂ ਅਤੇ ਨਿਊਪੋਰਟ ਅਕੈਡਮੀ ਉਹਨਾਂ ਕਿਸ਼ੋਰਾਂ ਦੀ ਸਹਾਇਤਾ ਕਿਵੇਂ ਕਰਦੀ ਹੈ ਜਿਨ੍ਹਾਂ ਨੂੰ ਮਾਨਸਿਕ ਸਿਹਤ ਇਲਾਜ ਦੀ ਲੋੜ ਹੁੰਦੀ ਹੈ। ਅਸੀਂ ਇਸ ਸਵਾਲ ਦਾ ਜਵਾਬ ਵੀ ਦੇਵਾਂਗੇ 'ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਕਿਸ਼ੋਰ ਨੂੰ ਸਲਾਹ ਦੀ ਲੋੜ ਹੈ?' ਕਿਸ਼ੋਰਾਂ ਦੀ ਸਲਾਹ ਹਮੇਸ਼ਾ ਲਾਇਸੰਸਸ਼ੁਦਾ, ਪੇਸ਼ੇਵਰ ਸਲਾਹਕਾਰ ਦੁਆਰਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਕਿਸ਼ੋਰ ਥੈਰੇਪੀ ਦੀਆਂ ਬਹੁਤ ਸਾਰੀਆਂ ਵੱਖੋ ਵੱਖਰੀਆਂ ਕਿਸਮਾਂ ਹਨ ਜਿਨ੍ਹਾਂ ਵਿੱਚ ਵਿਅਕਤੀਗਤ, ਸਮੂਹ, ਪਰਿਵਾਰ, ਸਦਮੇ ਅਤੇ ਅਨੁਭਵੀ ਰੂਪ ਸ਼ਾਮਲ ਹਨ। ਕਿਸ਼ੋਰ ਕਾਉਂਸਲਿੰਗ ਦੇ ਲਾਭਾਂ ਵਿੱਚ ਬਿਹਤਰ ਭਾਵਨਾ ਨਿਯਮ, ਮਜ਼ਬੂਤ ਪਰਿਵਾਰਕ ਰਿਸ਼ਤੇ, ਅਤੇ ਉੱਚ ਸਵੈ-ਮਾਣ ਸ਼ਾਮਲ ਹਨ। ਕਾਉਂਸਲਿੰਗ ਅਤੇ ਥੈਰੇਪੀ ਵਿੱਚ ਮੁੱਖ ਅੰਤਰ ਇਹ ਹੈ ਕਿ ਕਾਉਂਸਲਿੰਗ ਆਮ ਤੌਰ 'ਤੇ ਇੱਕ ਖਾਸ ਮੁੱਦੇ ਨੂੰ ਸੰਬੋਧਿਤ ਕਰਦੀ ਹੈ ਜਦੋਂ ਕਿ ਥੈਰੇਪੀ ਅੰਤਰੀਵ ਸਦਮੇ ਨੂੰ ਠੀਕ ਕਰਨ ਲਈ ਵਧੇਰੇ ਡੂੰਘਾਈ ਨਾਲ ਪਹੁੰਚ ਹੁੰਦੀ ਹੈ। ਕਿਸ਼ੋਰ ਕਾਉਂਸਲਿੰਗ ਕੀ ਹੈ? ਬਾਲ ਅਤੇ ਕਿਸ਼ੋਰ ਸਲਾਹ ਦੀਆਂ ਕਈ ਕਿਸਮਾਂ ਹਨ। ਜਦੋਂ ਇੱਕ ਕਿਸ਼ੋਰ ਨੂੰ ਆਪਣੀ ਮਾਨਸਿਕ ਸਿਹਤ ਨਾਲ ਸਮੱਸਿਆ ਹੁੰਦੀ ਹੈ ਤਾਂ ਮਾਪਿਆਂ ਲਈ ਕਲੀਨਿਕਲ ਮਾਨਸਿਕ ਸਿਹਤ ਸਲਾਹਕਾਰਾਂ ਨਾਲ ਕਿਸ਼ੋਰ ਇਲਾਜ ਬਾਰੇ ਵਿਚਾਰ ਕਰਨਾ ਮਹੱਤਵਪੂਰਨ ਹੁੰਦਾ ਹੈ। ਸਕੂਲੀ ਪੇਸ਼ੇਵਰ ਵੀ ਸਭ ਤੋਂ ਪਹਿਲਾਂ ਧਿਆਨ ਦੇਣ ਵਾਲੇ ਲੋਕਾਂ ਵਿੱਚੋਂ ਹਨ ਜਦੋਂ ਇੱਕ ਕਿਸ਼ੋਰ ਕਿਸ਼ੋਰ ਸਲਾਹ ਤੋਂ ਲਾਭ ਲੈ ਸਕਦਾ ਹੈ। ਕਿਸ਼ੋਰਾਂ ਲਈ ਕਲੀਨਿਕਲ ਮਾਨਸਿਕ ਸਿਹਤ ਸਲਾਹ ਵਿੱਚ ਪਰਿਵਾਰ ਦੇ ਮੈਂਬਰਾਂ, ਆਮ ਤੌਰ 'ਤੇ ਮਾਤਾ-ਪਿਤਾ ਜਾਂ ਹੋਰ ਸਰਪ੍ਰਸਤ/ਦੇਖਭਾਲ ਕਰਨ ਵਾਲਿਆਂ ਦੀ ਸ਼ਮੂਲੀਅਤ ਸ਼ਾਮਲ ਹੋ ਸਕਦੀ ਹੈ। ਕਿਸ਼ੋਰਾਂ ਲਈ ਕਈ ਤਰ੍ਹਾਂ ਦੀਆਂ ਪੇਸ਼ੇਵਰ ਸਲਾਹਾਂ ਵੀ ਹਨ। ਕਾਉਂਸਲਿੰਗ ਪੇਸ਼ੇ ਵਿੱਚ ਸਿਖਲਾਈ ਪ੍ਰਾਪਤ ਅਤੇ ਲਾਇਸੰਸਸ਼ੁਦਾ ਡਾਕਟਰਾਂ ਦੁਆਰਾ ਸਾਰੇ ਕਿਸ਼ੋਰਾਂ ਦੀ ਸਲਾਹ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ। ਬਾਲ ਅਤੇ ਕਿਸ਼ੋਰ ਕਾਉਂਸਲਿੰਗ ਮਹੱਤਵਪੂਰਨ ਕਿਉਂ ਹੈ? ਬਾਲ ਅਤੇ ਕਿਸ਼ੋਰ ਕਾਉਂਸਲਿੰਗ ਬੱਚਿਆਂ ਅਤੇ ਕਿਸ਼ੋਰਾਂ ਨੂੰ ਮਾਨਸਿਕ ਸਿਹਤ ਚੁਣੌਤੀਆਂ ਰਾਹੀਂ ਕੰਮ ਕਰਨ ਲਈ ਇੱਕ ਸੁਰੱਖਿਅਤ ਥਾਂ ਪ੍ਰਦਾਨ ਕਰਦੀ ਹੈ। ਜੇਕਰ ਮਾਨਸਿਕ ਸਿਹਤ ਸਮੱਸਿਆਵਾਂ ਦਾ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਕਿਸ਼ੋਰ ਸੰਕਟ ਵਿੱਚ ਆ ਸਕਦੇ ਹਨ। ਕਾਉਂਸਲਿੰਗ ਸੰਕਟਾਂ ਨੂੰ ਟਾਲ ਸਕਦੀ ਹੈ। ਕਿਸ਼ੋਰ ਕਾਉਂਸਲਿੰਗ ਉਹਨਾਂ ਬੱਚਿਆਂ ਦੀ ਭਲਾਈ ਲਈ ਵੀ ਸਹਾਇਤਾ ਕਰ ਸਕਦੀ ਹੈ ਜੋ ਸੰਕਟ ਵਿੱਚ ਨਹੀਂ ਹਨ ਪਰ ਵਾਧੂ ਸਹਾਇਤਾ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ। ਕਿਸ਼ੋਰ ਉਮਰ ਜੀਵਨ ਦਾ ਇੱਕ ਤੀਬਰ ਪੜਾਅ ਹੈ। ਜਿਵੇਂ ਕਿ ਉਹ ਕਿਸ਼ੋਰ ਅਵਸਥਾ ਦੇ ਪੜਾਵਾਂ ਵਿੱਚੋਂ ਲੰਘਦੇ ਹਨ, ਹਾਰਮੋਨਲ ਤਬਦੀਲੀਆਂ ਅਤੇ ਜਵਾਨੀ ਕਿਸ਼ੋਰਾਂ ਦੀ ਸਰੀਰਕ ਅਤੇ ਭਾਵਨਾਤਮਕ ਤੰਦਰੁਸਤੀ 'ਤੇ ਤਬਾਹੀ ਮਚਾ ਸਕਦੀ ਹੈ। ਅੱਜ ਦੇ ਕਿਸ਼ੋਰਾਂ ਦੀ ਮਾਨਸਿਕ ਸਿਹਤ ਵਿੱਚ ਵਿਘਨ ਪਾਉਣ ਵਾਲੇ ਬਹੁਤ ਸਾਰੇ ਬਾਹਰੀ ਕਾਰਕ ਹਨ, ਜਿਸ ਵਿੱਚ ਸੋਸ਼ਲ ਮੀਡੀਆ, ਨਿਰੰਤਰ ਉਤੇਜਨਾ, ਵਿਸ਼ਵ ਘਟਨਾਵਾਂ ਬਾਰੇ ਡਰ ਅਤੇ ਜਲਵਾਯੂ ਤਬਦੀਲੀ ਸ਼ਾਮਲ ਹਨ। ਇਸ ਤੋਂ ਇਲਾਵਾ, ਅੱਲ੍ਹੜ ਉਮਰ ਦੇ ਬੱਚੇ ਹਾਣੀਆਂ ਦੇ ਦਬਾਅ, ਸਵੈ-ਮਾਣ ਦੇ ਮੁੱਦੇ, ਅਤੇ ਧੱਕੇਸ਼ਾਹੀ ਵਰਗੇ ਸਦੀਵੀ ਮੁੱਦਿਆਂ ਨਾਲ ਨਜਿੱਠਦੇ ਹਨ। ਕਿਸ਼ੋਰਾਂ ਲਈ ਕਾਉਂਸਲਿੰਗ ਕਿਸ਼ੋਰਾਂ ਨੂੰ ਸਿਹਤਮੰਦ ਮੁਕਾਬਲਾ ਕਰਨ ਦੇ ਹੁਨਰ ਸਿੱਖਣ ਅਤੇ ਯਥਾਰਥਵਾਦੀ ਟੀਚੇ ਨਿਰਧਾਰਤ ਕਰਨ ਵਿੱਚ ਮਦਦ ਕਰਦੀ ਹੈ। ਕਲੀਨਿਕਲ ਮਾਨਸਿਕ ਸਿਹਤ ਕਾਉਂਸਲਿੰਗ ਕਿਸ਼ੋਰਾਂ ਲਈ ਦੁਖਦਾਈ ਵਿਚਾਰਾਂ ਅਤੇ ਭਾਵਨਾਵਾਂ, ਕੰਮ ਦੀ ਪੜਚੋਲ ਕਰਨ ਲਈ ਇੱਕ ਸੁਰੱਖਿਅਤ ਜਗ?ਹਾ ਪ੍ਰਦਾਨ ਕਰਦੀ ਹੈਬਚਪਨ ਦੇ ਸਦਮੇ ਦੁਆਰਾ ਅਤੇ ਪਰਿਵਾਰ ਦੇ ਮੈਂਬਰਾਂ ਨਾਲ ਮਜ਼ਬੂਤ ਸਬੰਧ ਬਣਾਉਣਾ। ਕਿਸ਼ੋਰ ਕਾਉਂਸਲਿੰਗ ਦੀਆਂ ਕਿਸਮਾਂ ਕਿਸ਼ੋਰ ਕਾਉਂਸਲਿੰਗ ਦੇ ਵੱਖ-ਵੱਖ ਤਰੀਕੇ ਹਨ। ਥੈਰੇਪੀ ਦੇ ਵੱਖ-ਵੱਖ ਰੂਪ ਵੱਖ-ਵੱਖ ਲੋਕਾਂ ਲਈ ਬਿਹਤਰ ਕੰਮ ਕਰਦੇ ਹਨ। ਮਾਪਿਆਂ ਲਈ ਇੱਕ ਸਲਾਹਕਾਰ ਲੱਭਣਾ ਮਹੱਤਵਪੂਰਨ ਹੈ ਜੋ ਕਿਸ਼ੋਰ ਮੁਹਾਰਤ ਕਰਦਾ ਹੈ ਅਤੇ ਕਿਸ਼ੋਰ ਆਬਾਦੀ ਨਾਲ ਕੰਮ ਕਰਨ ਦਾ ਸਾਲਾਂ ਦਾ ਅਨੁਭਵ ਰੱਖਦਾ ਹੈ। ਨਿਊਪੋਰਟ ਅਕੈਡਮੀ ਵਿਖੇ, ਅਸੀਂ ਕਈ ਤਰ੍ਹਾਂ ਦੀਆਂ ਥੈਰੇਪੀ ਅਤੇ ਕਲੀਨਿਕਲ ਮਾਨਸਿਕ ਸਿਹਤ ਸਲਾਹ ਦੀ ਪੇਸ਼ਕਸ਼ ਕਰਦੇ ਹਾਂ। ਇਨ੍ਹਾਂ ਵਿੱਚੋਂ ਕੁਝ ਕਿਸਮਾਂ ਦੀਆਂ ਥੈਰੇਪੀ ਹਨ: ਵਿਅਕਤੀਗਤ ਥੈਰੇਪੀ ਪਰਿਵਾਰਕ ਥੈਰੇਪੀ ਗਰੁੱਪ ਥੈਰੇਪੀ ਟਰਾਮਾ ਥੈਰੇਪੀ ਅਨੁਭਵੀ ਥੈਰੇਪੀ (ਕਲਾ, ਸੰਗੀਤ, ਪਲੇ ਥੈਰੇਪੀ, ਘੋੜਾ ਅਤੇ ਸਾਹਸ) ਵਿਅਕਤੀਗਤ ਥੈਰੇਪੀ ਵਿਅਕਤੀਗਤ ਥੈਰੇਪੀ ਵਿੱਚ, ਕਿਸ਼ੋਰਾਂ ਨੂੰ ਉਹਨਾਂ ਦੀਆਂ ਵਿਅਕਤੀਗਤ ਮਾਨਸਿਕ ਸਿਹਤ ਲੋੜਾਂ ਦੇ ਅਨੁਸਾਰ ਸਲਾਹ ਦਿੱਤੀ ਜਾਂਦੀ ਹੈ। ਬਾਲ ਅਤੇ ਕਿਸ਼ੋਰ ਥੈਰੇਪਿਸਟ, ਜੋ ਨੌਜਵਾਨਾਂ ਦੇ ਨਾਲ ਕੰਮ ਕਰਨ ਲਈ ਡਾਕਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਹੈ, ਵਿਅਕਤੀਗਤ ਬਾਲ ਅਤੇ ਕਿਸ਼ੋਰ ਥੈਰੇਪੀ ਸੈਸ਼ਨਾਂ ਵਿੱਚ ਗਾਹਕ ਨਾਲ ਸਿੱਧੇ ਤੌਰ 'ਤੇ ਕੰਮ ਕਰੇਗਾ। ਪਰਿਵਾਰਕ ਥੈਰੇਪੀ ਇੱਕ ਹੋਰ ਕਿਸਮ ਦੀ ਥੈਰੇਪੀ ਜੋ ਕਿ ਕਿਸ਼ੋਰਾਂ ਲਈ ਉਪਲਬਧ ਹੈ ਪਰਿਵਾਰਕ ਥੈਰੇਪੀ ਹੈ। ਇਹ ਅਕਸਰ ਉਹਨਾਂ ਪਰਿਵਾਰਕ ਮੈਂਬਰਾਂ ਲਈ ਇੱਕ ਚੰਗਾ ਵਿਕਲਪ ਹੁੰਦਾ ਹੈ ਜੋ ਆਪਣੇ ਕਿਸ਼ੋਰ ਦੀ ਮਾਨਸਿਕ ਸਿਹਤ ਬਾਰੇ ਚਿੰਤਤ ਹੁੰਦੇ ਹਨ। ਕਲੀਨਿਕਲ ਮਾਨਸਿਕ ਸਿਹਤ ਸਲਾਹਕਾਰ ਜੋ ਪਰਿਵਾਰਕ ਥੈਰੇਪੀ ਵਿੱਚ ਮੁਹਾਰਤ ਰੱਖਦੇ ਹਨ ਇਲਾਜ ਦੇ ਹਿੱਸੇ ਵਜੋਂ ਪਰਿਵਾਰ ਦੀ ਗਤੀਸ਼ੀਲਤਾ ਨਾਲ ਕੰਮ ਕਰਨਗੇ। ਨਿਊਪੋਰਟ ਅਕੈਡਮੀ ਵਿਖੇ, ਸਾਡਾ ਮੰਨਣਾ ਹੈ ਕਿ ਪਰਿਵਾਰ ਦੀ ਸ਼ਮੂਲੀਅਤ ਕਿਸ਼ੋਰ ਮਾਨਸਿਕ ਸਿਹਤ ਮੁੱਦਿਆਂ ਤੋਂ ਲੰਬੇ ਸਮੇਂ ਲਈ ਇਲਾਜ ਪ੍ਰਾਪਤ ਕਰਨ ਦਾ ਇੱਕ ਜ਼ਰੂਰੀ ਪਹਿਲੂ ਹੈ। ਗਰੁੱਪ ਥੈਰੇਪੀ ਗਰੁੱਪ ਕਾਉਂਸਲਿੰਗ ਵਿੱਚ, ਕਿਸ਼ੋਰਾਂ ਨੂੰ ਉਨ੍ਹਾਂ ਹੋਰ ਨੌਜਵਾਨਾਂ ਨਾਲ ਸਬੰਧ ਬਣਾਉਣ ਦਾ ਮੌਕਾ ਮਿਲਦਾ ਹੈ ਜੋ ਮਾਨਸਿਕ ਸਿਹਤ ਦੀਆਂ ਅਜਿਹੀਆਂ ਚੁਣੌਤੀਆਂ ਦਾ ਅਨੁਭਵ ਕਰ ਰਹੇ ਹਨ। ਸਮੂਹ ਗਤੀਸ਼ੀਲਤਾ ਵਿੱਚ ਸਿਖਲਾਈ ਪ੍ਰਾਪਤ ਕਲੀਨਿਕਲ ਮਾਨਸਿਕ ਸਿਹਤ ਸਲਾਹਕਾਰ ਬੱਚਿਆਂ ਅਤੇ ਕਿਸ਼ੋਰਾਂ ਲਈ ਇੱਕ ਦੂਜੇ ਅਤੇ ਥੈਰੇਪਿਸਟ ਨਾਲ ਆਪਣੇ ਅਨੁਭਵ



ਸਾਂਝੇ ਕਰਨ ਲਈ ਇੱਕ ਸੁਰੱਖਿਅਤ ਸੈਟਿੰਗ ਪ੍ਰਦਾਨ ਕਰਦੇ ਹਨ। ਇਸ ਕਿਸਮ ਦੀ ਥੈਰੇਪੀ ਕਿਸ਼ੋਰਾਂ ਨੂੰ ਘੱਟ ਇਕੱਲੇ ਮਹਿਸੂਸ ਕਰਨ ਅਤੇ ਆਪਣੇ ਸਾਥੀਆਂ ਦੇ ਨਾਲ-ਨਾਲ ਮਾਨਸਿਕ ਸਿਹਤ ਸਲਾਹਕਾਰ ਤੋਂ ਇਲਾਜ ਸੰਬੰਧੀ ਲਾਭ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ। ਟਰਾਮਾ ਥੈਰੇਪੀ ਕਿਸ਼ੋਰਾਂ ਲਈ ਟਰਾਮਾ ਕਾਉਂਸਲਿੰਗ ਵਿਅਕਤੀਗਤ ਸੈਟਿੰਗ ਜਾਂ ਸਮੂਹ ਕਾਉਂਸਲਿੰਗ ਸੈਟਿੰਗ ਵਿੱਚ ਕੀਤੀ ਜਾ ਸਕਦੀ ਹੈ। ਕਿਸ਼ੋਰੀ ਦਾ ਸਦਮਾ, ਬਦਕਿਸਮਤੀ ਨਾਲ, ਸਾਡੇ ਬਹੁਤ ਸਾਰੇ ਗਾਹਕਾਂ ਲਈ ਆਮ ਹੈ। ਨਿਊਪੋਰਟ ਅਕੈਡਮੀ ਵਿਖੇ ਸਾਰੀ ਕਲੀਨਿਕਲ ਮਾਨਸਿਕ ਸਿਹਤ ਸਲਾਹ ਨੂੰ ਸਦਮੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸਦਾ ਮਤਲਬ ਇਹ ਹੈ ਕਿ ਅਸੀਂ ਆਪਣੇ ਹਰੇਕ ਗਾਹਕ ਨਾਲ ਇਸ ਤਰ੍ਹਾਂ ਵਿਵਹਾਰ ਕਰਦੇ ਹਾਂ ਜਿਵੇਂ ਕਿ ਉਹਨਾਂ ਨੇ ਸਦਮੇ ਦਾ ਅਨੁਭਵ ਕੀਤਾ ਹੈ, ਕਿਉਂਕਿ ਉਹਨਾਂ ਵਿੱਚੋਂ ਜ਼ਿਆਦਾਤਰ ਕਿਸੇ ਨਾ ਕਿਸੇ ਰੂਪ ਵਿੱਚ ਹੁੰਦੇ ਹਨ। ਅਸੀਂ ਭਾਸ਼ਾ ਅਤੇ ਦਖਲਅੰਦਾਜ਼ੀ ਦੀ ਵਰਤੋਂ ਕਰਦੇ ਹਾਂ ਜੋ ਕਿ ਕਿਸ਼ੋਰ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸਦਮੇ ਦੇ ਕਾਰਨਾਂ ਤੋਂ ਬਚਣ ਲਈ ਤਿਆਰ ਕੀਤੇ ਗਏ ਹਨ। ਅਨੁਭਵੀ ਥੈਰੇਪੀ ਕਿਸ਼ੋਰ ਕਾਉਂਸਲਿੰਗ ਕਰਨ ਦੇ ਬਹੁਤ ਸਾਰੇ ਤਰੀਕੇ ਹਨ ਜੋ ਸਿਰਫ਼ ਟਾਕ ਥੈਰੇਪੀ ਨਹੀਂ ਹਨ। ਨਿਊਪੋਰਟ ਅਕੈਡਮੀ ਵਿਖੇ, ਅਸੀਂ ਕਈ ਤਰ੍ਹਾਂ ਦੇ ਅਨੁਭਵੀ ਇਲਾਜਾਂ ਦੀ ਪੇਸ਼ਕਸ਼ ਕਰਦੇ ਹਾਂ। ਇਹਨਾਂ ਵਿੱਚ ਪੇਸ਼ੇਵਰ ਸਲਾਹ-ਮਸ਼ਵਰੇ ਦੀਆਂ ਵਿਧੀਆਂ ਜਿਵੇਂ ਕਿ ਯੋਗਾ ਅਤੇ ਧਿਆਨ, ਘੋੜਾ-ਸਹਾਇਤਾ ਪ੍ਰਾਪਤ ਸਿਖਲਾਈ, ਸੰਗੀਤ ਥੈਰੇਪੀ, ਆਰਟ ਥੈਰੇਪੀ, ਐਡਵੈਂਚਰ ਥੈਰੇਪੀ, ਫਿਟਨੈਸ ਗਤੀਵਿਧੀਆਂ, ਬਾਗਬਾਨੀ ਥੈਰੇਪੀ, ਮਿਕਸਡ ਮਾਰਸ਼ਲ ਆਰਟਸ, ਰਸੋਈ ਕਲਾ, ਅਤੇ ਕਮਿਊਨਿਟੀ ਸੇਵਾ (ਸਥਾਨ 'ਤੇ ਨਿਰਭਰ ਕਰਦਾ ਹੈ) ਸ਼ਾਮਲ ਹਨ। ਇਹ ਸਾਰੀਆਂ ਵੱਖੋ-ਵੱਖਰੀਆਂ ਵਿਧੀਆਂ ਕਿਸ਼ੋਰਾਂ ਦੀ ਸਲਾਹ ਲਈ ਰਾਹ ਹਨ ਜੋ ਕਿ ਰਵਾਇਤੀ ਥੈਰੇਪੀ ਨਹੀਂ ਹਨ ਪਰ ਬੱਚੇ ਅਤੇ ਕਿਸ਼ੋਰ ਮਾਨਸਿਕ ਸਿਹਤ ਲਈ ਲਾਭਦਾਇਕ ਹੋ ਸਕਦੀਆਂ ਹਨ। ਕਿਸ਼ੋਰ ਕਾਉਂਸਲਿੰਗ ਤਕਨੀਕਾਂ ਅਸੀਂ ਪਹਿਲਾਂ ਹੀ ਕਿਸ਼ੋਰਾਂ ਲਈ ਵੱਖ-ਵੱਖ ਕਿਸਮਾਂ ਦੀਆਂ ਥੈਰੇਪੀ ਬਾਰੇ ਚਰਚਾ ਕਰ ਚੁੱਕੇ ਹਾਂ, ਪਰ ਆਓ ਇਸ ਗੱਲ ਵਿੱਚ ਥੋੜਾ ਡੂੰਘਾਈ ਨਾਲ ਡੁਬਕੀ ਕਰੀਏ ਕਿ ਬਾਲ ਅਤੇ ਕਿਸ਼ੋਰ ਸਲਾਹ ਕਿਵੇਂ ਕੰਮ ਕਰਦੀ ਹੈ। ਜਦੋਂ ਸਲਾਹਕਾਰ ਕਿਸ਼ੋਰਾਂ ਨਾਲ ਕੰਮ ਕਰਦੇ ਹਨ, ਤਾਂ ਉਹ ਆਪਣੇ ਗਾਹਕਾਂ ਨਾਲ ਤਾਲਮੇਲ ਬਣਾ ਕੇ ਸ਼ੁਰੂ ਕਰਦੇ ਹਨ। ਇਲਾਜ ਸੰਬੰਧੀ ਸਬੰਧ ਸਭ ਤੋਂ ਮਹੱਤਵਪੂਰਨ ਵਿੱਚੋਂ ਇੱਕ ਹੈ, ਜੇ ਸਭ ਤੋਂ ਮਹੱਤਵਪੂਰਨ ਨਹੀਂ, ਤਾਂ ਥੈਰੇਪੀ ਦਾ ਹਿੱਸਾ ਹੈ। ਜੇਕਰ ਬੱਚਾ ਜਾਂ ਕਿਸ਼ੋਰ ਥੈਰੇਪਿਸਟ 'ਤੇ ਭਰੋਸਾ ਨਹੀਂ ਕਰਦਾ ਜਾਂ ਆਪਣੀ ਦੇਖਭਾਲ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ, ਤਾਂ ਕੋਈ ਤਰੱਕੀ ਨਹੀਂ ਕੀਤੀ ਜਾਵੇਗੀ। ਸਲਾਹਕਾਰਟੀਚੇ ਨਿਰਧਾਰਤ ਕਰਨ ਲਈ ਕਿਸ਼ੋਰਾਂ ਨਾਲ ਕੰਮ ਕਰੋ। ਇਸ ਤੋਂ ਇਲਾਵਾ, ਉਹ ਵਿਧੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਵਰਤੋਂ ਕਰਦੇ ਹਨ, ਜਿਸ ਵਿੱਚ ਸ਼ਾਮਲ ਹਨ: ਬੋਧਾਤਮਕ ਤਕਨੀਕਾਂ ਜਿਵੇਂ ਕਿ ਬੋਧਾਤਮਕ ਵਿਵਹਾਰਕ ਥੈਰੇਪੀ (CBT), ਇੱਕ ਸਬੂਤ-ਆਧਾਰਿਤ ਕਿਸਮ ਦੀ ਥੈਰੇਪੀ ਜੋ ਵਿਚਾਰਾਂ, ਭਾਵਨਾਵਾਂ ਅਤੇ ਵਿਵਹਾਰਾਂ 'ਤੇ ਕੇਂਦ੍ਰਤ ਕਰਦੀ ਹੈ ਅਤੇ ਆਮ ਤੌਰ 'ਤੇ ਕਿਸ਼ੋਰਾਂ ਨੂੰ ਠੋਸ ਮੁਕਾਬਲਾ ਕਰਨ ਦੇ ਹੁਨਰ ਪ੍ਰਦਾਨ ਕਰਦੀ ਹੈ। ਦਵੰਦਵਾਦੀ ਵਿਵਹਾਰਕ ਥੈਰੇਪੀ (DBT), ਜੋ ਕਿ ਅੱਲੜ੍ਹਾਂ ਨੂੰ ਪ੍ਰੇਸ਼ਾਨੀ ਸਹਿਣਸ਼ੀਲਤਾ ਬਣਾਉਣ ਵਿੱਚ ਮਦਦ ਕਰਦੀ ਹੈ ਮਾਈਂਡਫੁਲਨੇਸ ਕਿਸ਼ੋਰਾਂ ਨੂੰ ਉਹਨਾਂ ਦੇ ਸਰੀਰਾਂ ਨੂੰ ਆਰਾਮ ਦੇਣ ਅਤੇ ਉਹਨਾਂ ਦੇ ਮਨਾਂ ਨੂੰ ਸ਼ਾਂਤ ਕਰਨ ਵਿੱਚ ਸਹਾਇਤਾ ਕਰਨ ਲਈ ਪਹੁੰਚ ਕਰਦਾ ਹੈ ਅੱਲ੍ਹੜ ਉਮਰ ਦੇ ਕਾਉਂਸਲਿੰਗ ਵਿੱਚ ਕਿਸ਼ੋਰਾਂ ਨੂੰ ਸ਼ਾਮਲ ਕਰਨ ਅਤੇ ਇਲਾਜ ਲਈ ਉਨ੍ਹਾਂ ਦੀ ਪ੍ਰੇਰਣਾ ਬਣਾਉਣ ਲਈ ਪ੍ਰੇਰਣਾਦਾਇਕ ਇੰਟਰਵਿਊ ਕਲਾ, ਸੰਗੀਤ ਅਤੇ ਬਾਹਰੀ ਗਤੀਵਿਧੀਆਂ ਸਮੇਤ ਅਨੁਭਵੀ ਇਲਾਜ ਕਿਸ਼ੋਰ ਕਾਉਂਸਲਿੰਗ ਵਿੱਚ ਰਚਨਾਤਮਕ ਪ੍ਰਗਟਾਵਾ ਸ਼ਾਮਲ ਹੋ ਸਕਦਾ ਹੈ ਟੀਨ ਕਾਉਂਸਲਿੰਗ ਬਨਾਮ ਥੈਰੇਪੀ: ਕੀ ਫਰਕ ਹੈ? ਕਾਉਂਸਲਿੰਗ ਅਤੇ ਥੈਰੇਪੀ ਵਿੱਚ ਮੁੱਖ ਅੰਤਰ ਇਹ ਹੈ ਕਿ ਕਾਉਂਸਲਿੰਗ ਥੋੜ੍ਹੇ ਸਮੇਂ ਲਈ ਹੁੰਦੀ ਹੈ ਅਤੇ ਇੱਕ ਖਾਸ ਟੀਚੇ 'ਤੇ ਕੇਂਦ੍ਰਿਤ ਹੁੰਦੀ ਹੈ, ਜਦੋਂ ਕਿ ਥੈਰੇਪੀ ਆਮ ਤੌਰ




ਵਿਜੈ ਗਰਗ ਰਿਟਾਇਰਡ
ਪ੍ਰਿੰਸੀਪਲ ਐਜੂਕੇਸ਼ਨਲ
ਕਾਲਮਨਿਸਟ ਮਲੋਟ

'ਤੇ ਵਧੇਰੇ ਡੂੰਘਾਈ ਅਤੇ ਲੰਬੀ ਪ੍ਰਕਿਰਿਆ ਹੁੰਦੀ ਹੈ ਜੋ ਗਾਹਕਾਂ ਨੂੰ ਪਿਛਲੇ ਅਨੁਭਵਾਂ ਰਾਹੀਂ ਕੰਮ ਕਰਨ ਵਿੱਚ ਮਦਦ ਕਰਦੀ ਹੈ। ਹਾਲਾਂਕਿ, ਥੈਰੇਪੀ ਅਤੇ ਸਲਾਹ-ਮਸ਼ਵਰੇ ਨੂੰ ਅਕਸਰ ਬਦਲਵੇਂ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ, ਸਲਾਹਕਾਰ ਅਤੇ ਥੈਰੇਪਿਸਟ ਦੋਵੇਂ ਲਾਇਸੰਸਸ਼ੁਦਾ ਅਤੇ ਸਿਖਲਾਈ ਪ੍ਰਾਪਤ ਪੇਸ਼ੇਵਰ ਹਨ। ਅਤੇ ਸਲਾਹਕਾਰ ਅਤੇ ਥੈਰੇਪਿਸਟ ਦੋਵੇਂ ਹੀ ਟਾਕ ਥੈਰੇਪੀ ਦੇ ਨਾਲ-ਨਾਲ ਹੋਰ ਕਿਸ਼ੋਰ ਕਾਉਂਸਲਿੰਗ ਵਿਧੀਆਂ ਦੀ ਵਰਤੋਂ ਕਰ ਸਕਦੇ ਹਨ। ਕਿਸ਼ੋਰ ਸਲਾਹਕਾਰ ਕਿਸ਼ੋਰ ਸਲਾਹਕਾਰ ਆਮ ਤੌਰ 'ਤੇ ਵਰਤਮਾਨ 'ਤੇ ਕੇਂਦ੍ਰਿਤ ਹੁੰਦੇ ਹਨ। ਉਹ ਟੀਚਾ ਅਧਾਰਤ ਹੁੰਦੇ ਹਨ ਅਤੇ ਹਰੇਕ ਗਾਹਕ ਦੀਆਂ ਸ਼ਕਤੀਆਂ 'ਤੇ ਕੇਂਦ੍ਰਤ ਕਰਦੇ ਹਨ। ਸਲਾਹਕਾਰ ਗ੍ਰਾਹਕਾਂ ਨੂੰ ਦੁਖਦਾਈ ਮਾਨਸਿਕ ਸਿਹਤ ਲੱਛਣਾਂ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕਰਦੇ ਹਨ ਅਤੇ ਉਹਨਾਂ ਦੇ ਗਾਹਕਾਂ ਨੂੰ ਬਿਹਤਰ ਮਹਿਸੂਸ ਕਰਨ ਵਿੱਚ ਮਦਦ ਕਰਦੇ ਹਨ। ਕਿਸ਼ੋਰ ਥੈਰੇਪਿਸਟ ਅੱਲ੍ਹੜ ਉਮਰ ਦੇ ਥੈਰੇਪਿਸਟ ਵਰਤਮਾਨ ਵਿੱਚ ਵਧੇਰੇ ਪੂਰੀ ਤਰ੍ਹਾਂ ਜੀਣ ਅਤੇ ਇੱਕ ਬਿਹਤਰ ਭਵਿੱਖ ਲਈ ਕੰਮ ਕਰਨ ਲਈ ਗਾਹਕਾਂ ਨੂੰ ਅੰਡਰਲਾਈਂਗ ਸਦਮੇ ਵਿੱਚ ਕੰਮ ਕਰਨ ਵਿੱਚ ਮਦਦ ਕਰਦੇ ਹਨ। ਥੈਰੇਪਿਸਟ ਗਾਹਕਾਂ ਨੂੰ ਅਤੀਤ ਅਤੇ ਵਰਤਮਾਨ ਦੋਵਾਂ ਵਿਚਾਰਾਂ ਅਤੇ ਭਾਵਨਾਵਾਂ ਦੀ ਪ੍ਰਕਿਰਿਆ ਕਰਨ ਵਿੱਚ ਮਦਦ ਕਰਦੇ ਹਨ, ਜੋ ਉਹਨਾਂ ਦੇ ਵਿਵਹਾਰਾਂ ਅਤੇ ਉਹਨਾਂ ਦੇ ਸੰਸਾਰ ਨੂੰ ਨੈਵੀਗੇਟ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਰਹੇ ਹਨ। ਬਾਲ ਅਤੇ ਕਿਸ਼ੋਰ ਸਲਾਹ ਦੇ ਲਾਭ ਅਸੀਂ ਪਹਿਲਾਂ ਹੀ ਸਥਾਪਿਤ ਕਰ ਚੁੱਕੇ ਹਾਂ ਕਿ ਬੱਚੇ ਅਤੇ ਕਿਸ਼ੋਰ ਦੀ ਸਲਾਹ ਬੱਚੇ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੋਵਾਂ ਲਈ ਲਾਭਦਾਇਕ ਹੈ। ਇੱਥੇ ਕੁਝ ਖਾਸ ਤਰੀਕੇ ਹਨ ਜੋ ਕਿਸ਼ੋਰ ਕਾਉਂਸਲਿੰਗ ਬੱਚਿਆਂ ਨੂੰ ਖੁਸ਼ਹਾਲ, ਸਿਹਤਮੰਦ ਅਤੇ ਵਧੇਰੇ ਲਚਕੀਲੇ ਬਣਨ ਵਿੱਚ ਮਦਦ ਕਰਦੇ ਹਨ। ਭਾਵਨਾਤਮਕ ਨਿਯਮ ਬਣਾਉਣਾ ਕਿਸ਼ੋਰਾਂ ਲਈ ਆਪਣੀਆਂ ਭਾਵਨਾਵਾਂ ਨੂੰ ਨਿਯੰਤ੍ਰਿਤ ਕਰਨਾ ਸਿੱਖਣਾ ਮਹੱਤਵਪੂਰਨ ਹੈ ਕਿਉਂਕਿ ਉਹ ਜਵਾਨ ਬਾਲਗ ਬਣਦੇ ਹਨ। ਵਿਕਾਸ ਸੰਬੰਧੀ ਅਸਮਰਥਤਾਵਾਂ, ਮਨੋਦਸ਼ਾ ਵਿਕਾਰ, ਸ਼ਖਸੀਅਤ ਵਿਕਾਰ, ਖਾਣ-ਪੀਣ ਦੀਆਂ ਵਿਕਾਰ, ਅਤੇ ਨਸ਼ਾਖੋਰੀ ਵਾਲੇ ਕਿਸ਼ੋਰਾਂ ਲਈ ਭਾਵਨਾਵਾਂ ਦਾ ਨਿਯਮ ਮੁਸ਼ਕਲ ਹੋ ਸਕਦਾ ਹੈ। ਟਰਾਮਾ ਤੋਂ ਠੀਕ ਹੋਣਾ ਕਿਸ਼ੋਰ ਅਵਸਥਾ ਇੱਕ ਸਮਾਂ ਹੈ ਜਿਸ ਵਿੱਚ ਕਿਸ਼ੋਰਾਂ ਦੇ ਦਿਮਾਗ ਅਜੇ ਵੀ ਬਣ ਰਹੇ ਹਨ। ਇਲਾਜ ਦੇ ਬਿਨਾਂ, ਗੰਭੀਰ ਜਾਂ ਗੰਭੀਰ ਸਦਮਾ ਦਿਮਾਗ ਦੇ ਵਿਕਾਸ ਨੂੰ ਰੋਕ ਸਕਦਾ ਹੈ ਅਤੇ ਕਿਸ਼ੋਰਾਂ ਨੂੰ ਵੱਡੇ ਹੋਣ ਦੇ ਨਾਲ ਨੁਕਸਾਨ ਵਿੱਚ ਪਾ ਸਕਦਾ ਹੈ, ਉਹਨਾਂ ਦੀ ਬਾਕੀ ਦੀ ਜ਼ਿੰਦਗੀ ਲਈ ਉਹਨਾਂ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਸਦਮੇ ਅਤੇ PTSD ਦੇ ਲੱਛਣਾਂ ਵਿੱਚ ਫਲੈਸ਼ਬੈਕ, ਡਰਾਉਣੇ ਸੁਪਨੇ, ਵੱਖ ਹੋਣਾ, ਦਹਿਸ਼ਤ ਦੀਆਂ ਭਾਵਨਾਵਾਂ, ਅਤੇ ਸਰੀਰਕ ਦਰਦ ਸ਼ਾਮਲ ਹਨ। ਸਵੈ-ਮੁੱਲ ਅਤੇ ਸਵੈ-ਦਇਆ ਵਧਣਾ ਕਿਸ਼ੋਰਾਂ ਲਈ ਸਵੈ-ਮੁੱਲ ਦੀ ਵਧੇਰੇ ਭਾਵਨਾ ਵਿਕਸਿਤ ਕਰਨਾ ਮਹੱਤਵਪੂਰਨ ਹੈ। ਬਹੁਤ ਸਾਰੇ ਕਿਸ਼ੋਰਾਂ ਵਿੱਚ ਘੱਟ ਸਵੈ-ਮਾਣ ਹੁੰਦਾ ਹੈ ਜੋ ਡਿਪਰੈਸ਼ਨ ਅਤੇ ਆਤਮ ਹੱਤਿਆ ਦੇ ਵਿਚਾਰਾਂ ਦਾ ਕਾਰਨ ਬਣ ਸਕਦਾ ਹੈ। ਸਵੈ-ਦਇਆ ਸਿੱਖਣਾ ਕਿਸ਼ੋਰਾਂ ਨੂੰ ਆਪਣੇ ਆਪ ਪ੍ਰਤੀ ਦਿਆਲੂ ਹੋਣ ਅਤੇ ਸਵੈ ਦੀ ਵਧੇਰੇ ਭਾਵਨਾ ਵਿਕਸਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਪਰਿਵਾਰਕ ਰਿਸ਼ਤਿਆਂ ਦੀ ਮੁਰੰਮਤ ਟੀਨ ਥੈਰੇਪੀ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਪਰਿਵਾਰ ਸ਼ਾਮਲ ਹੁੰਦਾ ਹੈ। ਕਿਸ਼ੋਰਾਂ ਲਈ ਤਿਆਰ ਕੀਤੀ ਗਈ ਪਰਿਵਾਰਕ ਥੈਰੇਪੀ, ਜਿਵੇਂ ਕਿ ਅਟੈਚਮੈਂਟ-ਅਧਾਰਿਤ ਫੈਮਿਲੀ ਥੈਰੇਪੀ, ਮਾਪਿਆਂ ਅਤੇ ਬੱਚਿਆਂ ਵਿਚਕਾਰ ਟੁੱਟਣ ਨੂੰ ਮੁੜ ਸਥਾਪਿਤ ਕਰ ਸਕਦੀ ਹੈ। ਇਹ ਫਟਣ ਬਚਪਨ ਦੇ ਸ਼ੁਰੂਆਤੀ ਸਦਮੇ ਦਾ ਨਤੀਜਾ ਹੋ ਸਕਦਾ ਹੈ ਜਾਂ ਕਿਸ਼ੋਰ ਉਮਰ ਦੇ ਸਾਲਾਂ ਦੌਰਾਨ ਵਿਕਸਤ ਹੋ ਸਕਦਾ ਹੈ ਜਦੋਂ ਕਿਸ਼ੋਰ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਸੰਘਰਸ਼ ਕਰ ਰਿਹਾ ਸੀ। ਸਿਹਤਮੰਦ ਮੁਕਾਬਲਾ ਕਰਨ ਦੇ ਹੁਨਰ ਪ੍ਰਾਪਤ ਕਰਨਾ ਸਿਹਤਮੰਦ ਮੁਕਾਬਲਾ ਸਿੱਖਣਾ ਚੁਣੌਤੀਆਂ ਅਤੇ ਬੇਅਰਾਮੀ ਨੂੰ ਨੈਵੀਗੇਟ ਕਰਨ ਦੇ ਹੁਨਰ ਕਿਸ਼ੋਰ ਸਲਾਹ ਦਾ ਇੱਕ ਹੋਰ ਲਾਭ ਹੈ। ਕਲੀਨਿਕਲ ਮਾਨਸਿਕ ਸਿਹਤ ਸਲਾਹਕਾਰ ਕਿਸ਼ੋਰਾਂ ਦੀ ਮੁਸ਼ਕਲ ਪਰਿਵਾਰਕ ਗਤੀਸ਼ੀਲਤਾ, ਉਦਾਸੀ, ਚਿੰਤਾ, ਅਤੇ ਹੋਰ ਚੁਣੌਤੀਆਂ ਅਤੇ ਟਰਿਗਰਾਂ ਦਾ ਪ੍ਰਬੰਧਨ ਕਰਨ ਲਈ ਨਵੇਂ, ਸਿਹਤਮੰਦ ਤਰੀਕੇ ਲੱਭਣ ਵਿੱਚ ਮਦਦ ਕਰ ਸਕਦੇ ਹਨ। ਕਿਸ਼ੋਰਾਂ ਦੇ ਵਿਕਾਸ ਅਤੇ ਵਿਕਾਸ ਦਾ ਸਮਰਥਨ ਕਰਨਾ ਬੱਚਿਆਂ ਅਤੇ ਕਿਸ਼ੋਰਾਂ ਲਈ ਕਾਉਂਸਲਿੰਗ ਕਿਸ਼ੋਰ ਵਿਕਾਸ ਵਿੱਚ ਵੀ ਸਹਾਇਤਾ ਕਰਦੀ ਹੈ। ਵੱਖੋ-ਵੱਖਰੇ ਵਿਕਾਸ ਦੇ ਮੀਲਪੱਥਰ ਹੁੰਦੇ ਹਨ ਜਿਨ੍ਹਾਂ ਤੱਕ ਕਿਸ਼ੋਰ ਉਮਰ ਦੇ ਸਾਲਾਂ ਦੇ ਅਗਲੇ ਪੜਾਅ 'ਤੇ ਜਾਣ ਲਈ ਕਿਸ਼ੋਰਾਂ ਨੂੰ ਪਹੁੰਚਣ ਦੀ ਲੋੜ ਹੁੰਦੀ ਹੈ। ਕਾਉਂਸਲਿੰਗ ਵਿਕਾਸ ਦੇ ਹਰੇਕ ਪੜਾਅ ਅਤੇ ਸਮਾਜਿਕ, ਵਿਹਾਰਕ, ਅਤੇ ਭਾਵਨਾਤਮਕ ਵਿਕਾਸ 'ਤੇ ਇਸਦੇ ਪ੍ਰਭਾਵਾਂ ਦੁਆਰਾ ਕੰਮ ਕਰਕੇ ਕਿਸ਼ੋਰਾਂ ਨੂੰ ਉਨ੍ਹਾਂ ਦੇ ਵਿਕਾਸ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰ ਸਕਦੀ ਹੈ।

# ਦਿਮਾਗੀ ਕੈਂਸਰ (ਗਲਾਈਓਬਲਾਸਟੋਮਾ) ਦਾ ਵੱਧ ਰਿਹਾ ਅੰਕੜਾ

*''ਗਲਾਈਓਬਲਾਸਟੋਮਾ ਜਾਗਰੂਕਤਾ ਦਿਵਸ 2023 ਦਾ ਥੀਮ ਹੈ-ਦਿਮਾਗ ਦੇ ਕੈਂਸਰ ਦੀ ਆਮ ਗੁੰਝਲਦਾਰ, ਇਲਾਜ਼-ਰੋਧਕ 'ਤੇ ਘਾਤਕ ਕਿਸਮ ਦੇ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਗਲਾਈਓਬਲਾਸਟੋਮਾ ਯਾਨਿ ਦਿਮਾਗੀ ਕੈਂਸਰ ਬਾਲਗਾਂ ਵਿੱਚ ਖਤਰਨਾਕ ਕਿਸਮ ਦਾ ਬ੍ਰੇਨ-ਟਿਊਮਰ ਹੈ, ਜੋ ਅਟੈਕ ਤੋਂ ਬਾਅਦ ਤੇਜ਼ੀ ਨਾਲ ਵੱਧਣ ਨਾਲ ਫੈਲ ਵੀ ਸਕਦਾ ਹੈ। ਵਿਸ਼ਵ ਪੱਧਰ 'ਤੇ ਇਹ ਚਿੰਤਾ ਵੱਧ ਗਈ ਹੈ''- ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*



ਗਲਾਈਓਬਲਾਸਟੋਮਾਸ ਦਿਮਾਗ 'ਤੇ ਪ੍ਰੈਸ਼ਰ ਬਣਾਉਣ ਤੋਂ ਬਾਅਦ ਘਬਰਾਹਟ, ਮਤਲੀ-ਉਲਟੀਆਂ, ਸਵੇਰ ਦੇ ਸਮੇਂ ਤੇਜ਼ ਸਿਰ-ਦਰਦ ਦੇ ਐਪੀਸੋਡ, ਸਰੀਰ ਅੰਦਰ ਹਮੇਸ਼ਾ ਕਮਜੋਰੀ ਮਹਿਸੂਸ ਕਰਨਾ, ਧੁੰਦਲਾ ਦਿਸਣਾ, ਤੁਰਨ-ਫਿਰਨ ਸਮੇਂ ਸਰੀਰ ਦੇ ਸੰਤੁਲਨ ਵਿੱਚ ਗੜਬੜੀ ਅਤੇ ਯਾਦਾਸ਼ਤ ਵੀ ਘੱਟ ਸਕਦੀ ਹੈ। ਇਹ ਰੋਗ ਦਾ ਜ਼ਿਆਦਾ ਖਤਰਾ 45 ਤੋਂ 70 ਸਾਲ ਦੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਨਿਦਾਨ ਵੇਲੇ ਔਸਤ ਉਮਰ 64 ਸਾਲ ਦੇਖੀ ਗਈ ਹੈ, ਪਰ ਇਹ ਬਿਮਾਰੀ ਹਰ ਉਮਰ 'ਤੇ ਲਿੰਗ ਨੂੰ ਪ੍ਰਭਾਵਿਤ ਕਰਦੀ ਹੈ।

ਗਲਾਈਓਬਲਾਸਟੋਮਾ ਐਟ੍ਰਸਾਈਟੋਮਾ ਦੀ ਇੱਕ ਕਿਸਮ ਹੈ, ਇੱਕ ਕੈਂਸਰ ਜੋ ਦਿਮਾਗ ਵਿੱਚ ਤਾਰੇ ਦੇ ਆਕਾਰ ਦੇ ਸੈੱਲਾਂ ਤੋਂ ਬਣਦਾ ਹੈ ਜਿਸਨੂੰ ਐਸਟ੍ਰਸਾਈਟਸ ਕਿਹਾ ਜਾਂਦਾ ਹੈ। ਬਾਲਗਾਂ 'ਚ ਇਹ ਕੈਂਸਰ ਆਮ ਤੌਰ 'ਤੇ ਦਿਮਾਗ ਦੇ ਸੱਭ ਤੋਂ ਵੱਡੇ ਹਿੱਸੇ , ਸੇਰੇਬ੍ਰਮ ਵਿੱਚ ਸ਼ੁਰੂ ਹੁੰਦਾ ਹੈ। ਗਲਾਈਓਬਲਾਸਟੋਮਾ ਟਿਊਮਰ ਆਪਣੀ ਖੂਨ ਦੀ ਸਪਲਾਈ ਬਣਾਉਂਦੇ ਹਨ, ਜੋ ਉਹਨਾਂ ਨੂੰ ਵੱਧਣ ਵਿੱਚ ਮਦਦ ਕਰਦਾ ਹੈ। ਉਹਨਾਂ ਲਈ ਦਿਮਾਗ ਦੇ ਆਮ ਟਿਸ਼ੂ ਉੱਤੇ ਅਟੈਕ ਕਰਨਾ ਆਸਾਨ ਹੁੰਦਾ ਹੈ।

ਪ੍ਰਾਇਮਰੀ ਕਿਸਮ ਦੇ ਗਲਿਓਬਲਾਸਟੋਮਾ 'ਚ ਇਸ ਕਿਸਮ ਦਾ ਟਿਊਮਰ ਅਟੈਕ ਕਰਕੇ ਤੇਜ਼ੀ ਨਾਲ ਵੱਧਦਾ ਹੈ। ਬਜ਼ੁਰਗਾਂ ਨੂੰ ਪ੍ਰਭਾਵਿਤ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਸੈਕੰਡਰੀ ਗਲਿਓਬਲਾਸਟੋਮਾ ਦੀ ਕਿਸਮ ਆਮ ਤੌਰ 'ਤੇ ਘੱਟ ਦਰਜੇ ਦੇ ਗਲੀਓਮਾ ਤੋਂ ਵਿਕਸਿਤ ਹੁੰਦੀ ਹੈ। ਇਹ ਕਿਸਮ ਰੀੜ ਦੀ ਹੱਡੀ ਜਾਂ ਦਿਮਾਗ 'ਚ ਦੇਖਣ ਨੂੰ ਮਿਲਦੀ ਹੈ। ਇਹ ਘੱਟ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਰਹਿੰਦੀ ਹੈ ਅਤੇ ਦਿਮਾਗ ਦੇ ਫਰੰਟਲ ਲੋਬ 'ਚ ਹੁੰਦਾ ਹੈ। ਇਸ ਕਿਸਮ ਲਈ ਬਚਣ ਦੀ ਦਰ ਪ੍ਰਾਇਮਰੀ ਗਲਿਓਬਲਾਸਟੋਮਾ ਨਾਲੋਂ ਬਿਹਤਰ ਹੁੰਦੀ ਹੈ।

• ਨਿਊਰੋਲੋਜੀਕਲ ਜਾਂਚ, ਦੌਰਾਣ ਦ੍ਰਿਸ਼ਟੀ, ਸੁਣਨ, ਸੰਤੁਲਨ, ਤਾਲਮੇਲ, ਤਾਕਤ ਅਤੇ ਪ੍ਰਤੀਬੰਬਾਂ ਦੀ ਜਾਂਚ ਕੀਤੀ ਜਾਂਦੀ ਹੈ। ਇੱਕ ਜਾਂ ਇੱਕ ਤੋਂ ਵੱਧ ਖੇਤਰਾਂ 'ਚ ਸਮੱਸਿਆਵਾਂ ਦਿਮਾਗ ਦੇ ਉਸ ਹਿੱਸੇ ਬਾਰੇ ਜਾਣਕਾਰੀ ਦੇ ਸਕਦੀਆਂ ਹਨ, ਜਿਸਨੂੰ ਗਲਾਈਓਬਲਾਸਟੋਮਾ ਪ੍ਰਭਾਵਿਤ ਕਰਦਾ ਹੈ।

• ਇਮੇਜਿੰਗ ਟੈਸਟ ਗਲਾਈਓਬਲਾਸਟੋਮਾ ਦੀ ਲੋਕੇਸ਼ਨ, ਸਾਈਜ਼ ਲੱਭਣ 'ਚ ਹੈਲਪ ਕਰ ਸਕਦੇ ਹਨ। ਐਮਆਰਆਈ ਦੀ ਵਰਤੋਂ ਅਕਸਰ ਗਲਾਈਓਬਲਾਸਟੋਮਾ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ। ਇਮੇਜਿੰਗ ਟੈਸਟਾਂ ਵਿੱਚ ਸੀਟੀ ਅਤੇ ਪੋਜ਼ੀਟਰੋਨ ਐਮੀਸ਼ਨ ਟੋਮੋਗ੍ਰਾਫੀ ਵੀ ਮਦਦ ਕਰ ਸਕਦੀ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

• ਸਰਜਰੀ ਤੋਂ ਪਹਿਲਾਂ ਬਾਇਓਪਸੀ ਦੁਆਰਾ ਜਾਂਚ ਪ੍ਰਕ੍ਰੀਆ ਦੌਰਾਣ ਟਿਸ਼ੂ ਦਾ ਸੈਂਪਲ ਲਿਆ ਜਾਂਦਾ ਹੈ। ਨਮੂਨੇ ਦੀ ਜਾਂਚ ਦੌਰਾਣ ਦੇਖਿਆ ਜਾਂਦਾ ਹੈ ਕਿ ਕੈਂਸਰ ਵਾਲੇ ਸੈੱਲ ਗਲਾਈਓਬਲਾਸਟੋਮਾ ਦੇ ਹੀ ਹਨ?

ਕੈਂਸਰ ਸੈੱਲਾਂ ਦੇ ਖਾਸ ਟੈਸਟਾਂ ਦੀ ਰਿਪੋਰਟ, ਇਲਾਜ਼ ਲਈ ਮੈਡੀਕਲ ਟੀਮ ਦੀ ਹੈਲਪ ਕਰ ਸਕਦੀ ਹੈ। ਗਲਾਈਓਬਲਾਸਟੋਮਾ ਨੂੰ ਹਟਾਉਣ ਲਈ ਨਿਊਰੋਸਰਜਨ ਕੰਮ ਕਰ ਰਹੇ ਹਨ। ਗਲਾਈਓਬਲਾਸਟੋਮਾ ਅਕਸਰ ਤੰਦਰੁਸਤ ਦਿਮਾਗ ਦੇ ਟਿਸ਼ੂ ਵਿੱਚ ਵੱਧਦਾ ਹੈ, ਇਸ ਲਈ ਕੈਂਸਰ ਦੇ ਸਾਰੇ ਸੈੱਲਾਂ ਨੂੰ ਰੀਮੂਵ ਕਰਨਾ ਔਖਾ ਵੀ ਹੋ ਜਾਂਦਾ ਹੈ।

ਰੇਡੀਏਸ਼ਨ ਥੈਰੇਪੀ ਕੈਂਸਰ ਸੈੱਲਾਂ ਨੂੰ ਮਾਰਨ ਲਈ ਸ਼ਕਤੀਸ਼ਾਲੀ ਊਰਜਾ ਬੀਮ ਦੀ ਵਰਤੋਂ ਕਰਦੀ ਹੈ। ਊਰਜਾ ਐਕਸ-ਰੇ ਅਤੇ ਪ੍ਰੋਟੋਨ ਵਰਗੇ ਸਾਧਨਾਂ ਆ ਸਕਦੀ ਹੈ। ਰੇਡੀਏਸ਼ਨ ਥੈਰੇਪੀ ਆਮ ਤੌਰ 'ਤੇ ਸਰਜਰੀ ਤੋਂ ਬਾਅਦ ਕੀਤੀ ਜਾਂਦੀ ਹੈ। ਇਸਨੂੰ ਕੀਮੋਥੈਰੇਪੀ ਨਾਲ ਵੀ ਜੋੜਿਆ ਜਾ ਸਕਦਾ ਹੈ। ਉਹਨਾਂ ਲੋਕਾਂ ਲਈ ਜੋ ਸਰਜਰੀ ਨਹੀਂ ਕਰਵਾ ਸਕਦੇ, ਰੇਡੀਏਸ਼ਨ ਥੈਰੇਪੀ ਅਤੇ ਕੀਮੋਥੈਰੇਪੀ ਮੁੱਖ ਇਲਾਜ਼ ਹੋ ਸਕਦਾ ਹੈ।

ਟੀਟੀਐਫ ਥੈਰੇਪੀ ਦੌਰਾਣ ਸੈੱਲਾਂ ਦੀ ਗੁਣਾਂ ਕਰਨ ਦੀ ਸਮਰਥਾ ਨੂੰ ਵਿਗਾੜਨ ਲਈ ਇੱਕ ਬਿਜਲਈ ਖੇਤਰ ਦੀ ਵਰਤੋਂ ਕਰਦਾ ਹੈ। ਟੀਟੀਐਫ ਵਿੱਚ ਖੋਪੜੀ 'ਤੇ ਸਟਿੱਕੀ ਪੈਡ ਲਗਾ ਕੇ ਪੋਰਟੇਬਲ ਡਿਵਾਈਸ ਨਾਲ ਜੋੜਿਆ ਜਾਂਦਾ ਹੈ, ਜੋ ਇੱਕ ਇਲੈਕਟਰੀਕਲ ਫੀਲਡ ਬਣਾਉਂਦਾ ਹੈ। ਟੀਟੀਐਫ ਕੀਮੋਥਰੈਪੀ ਨਾਲ ਕੰਮ ਕਰਦਾ ਹੈ।

ਟਾਰਗੈਟਿਡ ਥੈਰੇਪੀ 'ਚ ਦਵਾਈਆਂ ਦੁਆਰਾ ਕੈਂਸਰ ਦੇ ਸੈੱਲਾਂ ਵਿੱਚ ਖਾਸ ਰਸਾਇਣਾਂ 'ਤੇ ਅਟੈਕ ਕਰਕੇ ਕੈਂਸਰ ਸੈੱਲਾਂ ਨੂੰ ਖਤਮ ਕਰਨ ਦਾ ਕਾਰਨ ਵੀ ਬਣ ਸਕਦਾ ਹੈ।

ਪੈਲੇਟਿਵ ਕੇਅਰ, ਦਰਦ 'ਤੇ ਗੰਭੀਰ ਬਿਮਾਰੀ ਦੇ ਲੱਛਣਾਂ ਤੋਂ ਰਾਹਤ ਪਾਉਣ ਲਈ ਕੀਤੀ ਜਾਂਦੀ ਹੈ।

**ਨੋਟ:** ਕਿਸੇ ਵੀ ਕਿਸਮ ਦੇ ਸਿਰ ਦਰਦ ਦੀ ਹਾਲਤ ਨੂੰ ਅਣਦੇਖਾ ਕਰਨਾ, ਵੱਡੇ ਖਤਰੇ ਨੂੰ ਸੱਦਾ ਦੇਣ ਵਾਲੀ ਗੱਲ ਸਾਬਿਤ ਹੋ ਸਕਦੀ ਹੈ।

# ਸਾਵਣ ਦੇ ਮਹੀਨੇ ਇਨ੍ਹਾਂ ਸਬਜ਼ੀਆਂ ਦਾ ਸੇਵਨ ਕਰ ਦਿਓ ਬੰਦ, ਨਹੀਂ ਤਾਂ ਹੋ ਜਾਓਗੇ ਬਹੁਤ ਬਿਮਾਰ



ਬਰਸਾਤ ਦੇ ਮੌਸਮ ਦੌਰਾਨ ਸਾਡਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ, ਇਸ ਲਈ ਬਿਮਾਰ ਹੋਣ ਤੋਂ ਬਚਣ ਲਈ ਭੋਜਨ ਦਾ ਸੇਵਨ ਕਰਦੇ ਸਮੇਂ ਸਾਵਧਾਨੀ ਵਰਤਣੀ ਬਹੁਤ ਜ਼ਰੂਰੀ ਹੈ। ਇਸ ਮੌਸਮ ਵਿੱਚ ਕੁਝ ਸਬਜ਼ੀਆਂ ਨੂੰ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ ਕਿਉਂਕਿ ਉਹਨਾਂ ਵਿੱਚ ਕੀੜੇ ਜਾਂ ਬੈਕਟੀਰੀਆ ਬਹੁਤ ਜਲਦੀ ਲੱਗ ਜਾਂਦੇ ਹਨ ਤੇ ਇਹ ਕੀੜੇ ਜਾਂ ਬੈਕਟੀਰੀਆ ਸਿਹਤ 'ਤੇ ਮਾੜੇ ਪ੍ਰਭਾਵ ਪਾ ਸਕਦੇ ਹਨ। ਇਸ ਸੀਜ਼ਨ ਦੌਰਾਨ ਵਧੀ ਹੋਈ ਨਮੀ ਤੇ ਹੁੰਮਸ ਬੈਕਟੀਰੀਆ ਦੇ ਵਾਧੇ ਲਈ ਅਨੁਕੂਲ ਮਾਹੌਲ ਬਣਾਉਂਦੀ ਹੈ। ਇਹ ਸੂਖਮ ਜੀਵਾਣੂ ਕੁਝ ਸਬਜ਼ੀਆਂ ਨੂੰ ਸੰਕਰਮਿਤ ਕਰ ਸਕਦੇ ਹਨ ਅਤੇ ਇਹਨਾਂ ਦਾ ਸੇਵਨ ਕਰਨ ਨਾਲ ਅੰਤੜੀਆਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਅੱਜ ਅਸੀਣ ਤੁਹਾਨੂੰ ਦੱਸਾਂਗੇ ਕਿ ਬਰਸਾਤ ਦੇ ਮੌਸਮ ਵਿੱਚ ਕਿਹੜੀਆਂ ਸਬਜ਼ੀਆਂ ਦਾ ਸੇਵਨ ਨਹੀਂ ਕਰਨਾ ਚਾਹੀਦਾ ਹੈ...

**ਫੁੱਲ ਗੋਭੀ:** ਗੋਭੀ, ਬਰੌਕਲੀ, ਬ੍ਰਸੇਲਜ਼ ਸਪ੍ਰਾਉਟ ਅਤੇ ਹੋਰ ਅਜਿਹੀਆਂ ਸਬਜ਼ੀਆਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ ਪਰ ਬਰਸਾਤ ਦੇ ਮੌਸਮ ਵਿੱਚ ਬੈਕਟੀਰੀਆ ਨੂੰ ਰੋਕ ਸਕਦੀਆਂ ਹਨ। ਗੰਦਗੀ ਦੇ ਜੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਇਹਨਾਂ ਸਬਜ਼ੀਆਂ ਨੂੰ ਧਿਆਨ ਨਾਲ ਸੰਭਾਲਣਾ ਅਤੇ ਉਹਨਾਂ ਦਾ ਸੇਵਨ ਕਰਨਾ ਮਹੱਤਵਪੂਰਨ ਹੈ।

**ਹਰੀਆਂ ਪੱਤੇਦਾਰ ਸਬਜ਼ੀਆਂ:** ਪਾਲਕ, ਬੀਨਜ਼, ਗੋਭੀ ਵਰਗੀਆਂ ਸਬਜ਼ੀਆਂ ਨੂੰ ਨਮੀ ਵਾਲੀਆਂ ਸਥਿਤੀਆਂ ਦੌਰਾਨ ਕੀੜੇ ਲੱਗਣ ਦਾ ਖਤਰਾ ਹੁੰਦਾ ਹੈ। ਇਹ ਸੂਖਮ ਜੀਵ ਇਨ੍ਹਾਂ ਸਬਜ਼ੀਆਂ ਦੇ ਪੱਤਿਆਂ ਵਿੱਚ ਲੁਕ ਜਾਂਦੇ ਹਨ। ਜੇਕਰ ਇਨ੍ਹਾਂ ਦਾ ਸੇਵਨ ਕੀਤਾ ਜਾਵੇ ਤਾਂ ਉਹ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

**ਸਪ੍ਰਾਉਟ:** ਸਪ੍ਰਾਉਟ ਪ੍ਰੋਟੀਨ ਦਾ ਇੱਕ ਵਧੀਆ ਸਰੋਤ ਹਨ ਪਰ ਬਰਸਾਤ ਦੇ ਮੌਸਮ ਵਿੱਚ ਵਧੇਰੇ ਸਾਵਧਾਨੀ ਦੀ ਲੋੜ ਹੁੰਦੀ ਹੈ। ਕਈ ਬੈਕਟੀਰੀਆ ਇਸ ਮੌਸਮ ਵਿੱਚ ਤੇਜ਼ੀ ਨਾਲ ਵਧ ਸਕਦੇ ਹਨ। ਬੈਕਟੀਰੀਆ ਦੇ ਗੰਦਗੀ ਦੇ ਜੋਖਮ ਨੂੰ ਘਟਾਉਣ ਲਈ ਇਸ ਸਮੇਂ ਦੌਰਾਨ ਸਪ੍ਰਾਉਟ ਦਾ ਸੇਵਨ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ।

**ਮਸ਼ਰੂਮਜ਼:** ਬਰਸਾਤ ਦੇ ਮੌਸਮ ਦੌਰਾਨ ਖੁੰਬਾਂ ਨੂੰ ਉੱਲੀ ਬਹੁਤ ਦਲਦੀ ਲੱਗ ਸਕਦੀ ਹੈ। ਇਨ੍ਹਾਂ ਸੂਖਮ ਜੀਵਾਣੂਆਂ ਨਾਲ ਸੰਕਰਮਿਤ ਮਸ਼ਰੂਮਾਂ ਦਾ ਸੇਵਨ ਕਰਨ ਨਾਲ ਪੇਟ ਖਰਾਬ ਹੋ ਸਕਦਾ ਹੈ ਅਤੇ ਇਮਿਊਨ ਸਿਸਟਮ ਕਮਜ਼ੋਰ ਹੋ ਸਕਦਾ ਹੈ। ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖਾਣ ਤੋਂ ਪਹਿਲਾਂ ਸਾਰੀਆਂ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਸਬਜ਼ੀਆਂ ਨੂੰ ਸਹੀ ਢੰਗ ਨਾਲ ਪਕਾਉਣਾ ਸੰਭਾਵੀ ਬੈਕਟੀਰੀਆ ਅਤੇ ਫੰਗਲ ਗੰਦਗੀ ਨੂੰ ਖਤਮ ਕਰਨ ਵਿੱਚ ਮਦਦ ਕਰ ਸਕਦਾ ਹੈ, ਜਿਸ ਨਾਲ ਅੰਤੜੀਆਂ ਦੀ ਇਨਫੈਕਸ਼ਨ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ।

**ਜੜ੍ਹਾਂ ਵਾਲੀਆਂ ਸਬਜ਼ੀਆਂ:** ਬਰਸਾਤ ਦੇ ਮੌਸਮ ਵਿੱਚ ਗਾਜਰ, ਮੂਲੀ, ਚੁਕੰਦਰ ਅਤੇ ਹੋਰ ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਸੇਵਨ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਜ਼ਿਆਦਾ ਨਮੀ ਇਨ੍ਹਾਂ ਸਬਜ਼ੀਆਂ ਨੂੰ ਜ਼ਿਆਦਾ ਪਾਣੀ ਜਜ਼ਬ ਕਰਨ ਦਾ ਕਾਰਨ ਬਣ ਸਕਦੀ ਹੈ, ਜਿਸ ਨਾਲ ਬੈਕਟੀਰੀਆ ਦੇ ਵਿਕਾਸ ਲਈ ਅਨੁਕੂਲ ਵਾਤਾਵਰਣ ਬਣ ਸਕਦਾ ਹੈ। ਇਨ੍ਹਾਂ ਸਬਜ਼ੀਆਂ ਨੂੰ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋਣਾ ਜ਼ਰੂਰੀ ਹੈ।



## ਸੋਕਾ

ਹੜ੍ਹ ਅਚਾਨਕ ਨਹੀਂ ਆਉਂਦਾ
ਇਹ ਇਉਂ ਆਉਂਦੇ ਹਨ
ਜਦ ਧਰਤੀ ਪਿਆਸੀ ਹੋਵੇ
ਅੰਬਰ ਰੋਵੇ ਤੇ ਜਰ ਨਾ ਹੋਵੇ।

ਕੁਦਰਤ ਵਿਚਾਰੀ ਕੀ ਕਰੇ
ਉਸ ਨੇ ਰੇਤੇ ਦੇ ਟਿੱਬਿਆਂ ਦੀ
ਪਿਆਸ ਵੀ ਬੁਝਾਉਣੀ ਐ
ਪਾਣੀਆਂ ਨਾਲ
ਕੋਈ ਫਰਕ ਨਹੀਂ ਪੈਂਦਾ
ਕੁਝ ਗਵਾਉਣ ਨਾਲ
ਗਵਾਏ ਬਿਨਾਂ
ਕਦੇ ਪਾਇਆ ਨਹੀਂ ਜਾ ਸਕਦਾ ।

ਸੁੱਕ ਤੇ ਭੁੱਖ ਬਹੁਤ ਮਾੜੀ ਐ
ਇਹ ਤਾਂ ਉਹ ਹੀ ਜਾਣਦਾ ਹੈ
ਜਿਸ ਨੇ ਕਦੇ ਇਹ ਰੁੱਤ ਮਾਣੀ ਹੋਵੇ
ਸਾਨੂੰ ਤਾਂ ਕਦੇ ਸੋਕਾ ਤੇ ਕਦੇ ਡੋਬਾ ਮਾਰਦਾ ਐ
ਅਸੀਂ ਉਝ ਕਦੇ ਮਰੇ ਨਹੀਂ
ਡਰੇ ਨਹੀ, ਹਰੇ ਨਾ ਨਹੀ ।
ਕਦੇ ਭਰੇ ਨਹੀਂ, ਕਦੇ ਖਾਲੀ ਨਹੀਂ!
ਅਸੀਂ ਤਾਂ ਤੁਰ ਪੈਂਦੇ ਆ
ਸਿਰ ਤੇ ਬੰਨ੍ਹ ਕਫਨ
ਪਰ ਕਦੇ ਨਹੀਂ ਹੋਏ ਦਫਨ
ਹੁੰਦਾ ਐ ਸਾਡੇ 'ਤੇ ਦਮਨ
ਉਹ ਕਰਦੇ ਨੇ ਸਾਡੇ ਨਾਮ ਤੇ ਹਵਨ
ਉਹ ਭਰਮ ਵਿੱਚ ਨੇ
ਅਸੀਂ ਭਰਮ ਮੁਕਤ ਆ
ਜਿਉਣ ਦੀ ਏਹੀ ਜੁਗਤ ਆ
ਅਸੀਂ ਭੁੱਖ ਨਾਲ ਨਹੀਂ
ਧੋਖੇ ਨਾਲ ਮਰਦੇ ਆ
ਸਾਡੇ ਵਿਚੋਂ ਈ ਨੇ
ਭੁੱਖ ਦੇ ਚੌਧਰੀ
ਭੁੱਖ ਲਈ ਉਹ
ਤਨ ਮਨ ਵੇਚ ਸਕਦੇ
ਧਨ ਲਈ ਵਿਕ ਸਕਦੇ
ਪਰ ਸਾਡੇ ਸਦੀਆਂ ਤੋਂ
ਸਿਰਾਂ ਦੇ ਮੁੱਲ ਪੈਂਦੇ ਰਹੇ
ਅਸੀਂ ਦਰਦ ਸਹਿੰਦੇ ਰਹੇ
ਅਸੀਂ ਦਰਦੀ ਰਹੇ
ਪਰ ਕਦੇ ਬੇ ਦਰਦ ਨਹੀਂ ਹੋਏ ।
ਅਸੀਂ ਸੋਕੇ ਦੀ ਮਾਰ
ਪਾਣੀਆਂ ਦੀ ਧਾਰ
ਸੰਗ ਖੇਡਦੇ ਰਹੇ ।
ਜਿਉਂ ਤਿਉਂ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਤਲੀ ਗਲੀ ਮੇਰੀ ਆਓ

ਭੁੱਖ ਤਾਂਡਵ ਨਾਚ ਨੱਚਦੀ ਹੈ
ਉਹ ਦਿੱਲੀ ਬਹਿ ਹੱਸਦੀ ਹੈ।
ਬਕ ਬਕ ਬਕਦੀ ਹੈ।

ਅਸੀਂ ਸੋਕੇ ਵਿੱਚ
ਫੁਟਦੇ ਆ ਹਰੀਆਂ ਕਚੂਰ ਪੱਤੀਆਂ ।
ਸੋਕਾ ਸਾਡੇ ਲਈ ਵਰਦਾਨ ਐ
ਪਾਣੀਆਂ ਸੰਗ ਸਾਡੀ ਜਾਨ ਐ
ਕੀ ਕਰੂਗਾ ਸੋਕਾ
ਕੀ ਕਰੂਗਾ ਪਾਣੀ
ਕਦੇ ਨਹੀਂ ਮੁੱਕਦੀ
ਖਤਮ ਕਹਾਣੀ ।

ਸੋਕਾ ਸੋਕਾ
ਕਦੋਂ ਤੱਕ ਧੋਖਾ?
ਪਾਣੀ ਪਾਣੀ
ਨਿੱਤ ਨਵੀਂ ਕਹਾਣੀ!
ਅਸੀਂ ਹਰ ਰੁੱਤ ਮਾਣੀ!



ਬੁੱਧ ਸਿੰਘ ਨੀਲੋਂ
9464370823

## ਗ਼ਜ਼ਲ

ਹੌਕੇ ਹੌਕੇ ਹੋਇਆ ਜੀਵਨ।
ਹੁਬਕੀ ਹੁਬਕੀ ਰੋਇਆ ਜੀਵਨ।

ਹੱਸਦਾ ਵਸਦਾ ਕਿੱਕਲੀ ਪਾਉਂਦਾ
ਅੱਖਾਂ ਸਾਹਵੇਂ ਮੋਇਆ ਜੀਵਨ

ਬਿਰਹਨ ਨੈਣੀਂ ਰੜਕ ਸੀ ਪੈਂਦੀ
ਚੋਇਆ ਕੋਇਆ-ਕੋਇਆ ਜੀਵਨ


ਬਚਪਨ ਚੁੱਪ ਚਪੀਤੇ ਲੰਘੇ
ਵਿੱਚ ਮੋਬਾਈਲਾਂ ਖੋਇਆ ਜੀਵਨ

ਢਲੀ ਦੁਪਹਿਰ ਤਾਂ ਚੇਤਾ ਆਇਆ
ਦੌਲਤ ਖ਼ਾਤਿਰ ਢੋਇਆ ਜੀਵਨ

ਮੇਰੀ ਮੇਰੀ ਕਰਦਾ ਕਰਦਾ
ਜੀਵਨ ਤੋਂ ਹੱਥ ਧੋਇਆ ਜੀਵਨ

ਵਕਤ ਗੁਆਚਾ ਕਿੱਥੋਂ ਭਾਲੇਂ
ਪਹਿਲਾਂ ਕਿਉਂ ਨਾ ਟੋਹਿਆ ਜੀਵਨ

ਸੇਵਾ ਬਿਨ, ਮੇਵਾ ਨ੍ਹੀਂ ਮਿਲਣਾ
'ਪ੍ਰੀਤ' ਪ੍ਰਾਪਤ ਹੋਇਆ ਜੀਵਨ



ਪਰਮ 'ਪ੍ਰੀਤ' ਬਠਿੰਡਾ

## ਬਣਾਉਟੀ ਰਿਸ਼ਤੇ

ਸਾਨੂੰ ਥੱਲੇ ਡੇਗਣ ਦੀਆਂ ਉਹ,
ਨਿੱਤ ਸਕੀਮਾਂ ਘੜ੍ਹਦਾ ਏ
ਜੀਹਦਾ ਜਿੰਨਾ ਕਰੀਏ ਯਾਰੋ,
ਓਨਾ ਈ ਸਿਰ 'ਤੇ ਚੜ੍ਹਦਾ ਏ

ਤੇਰੀ ਆਪਣੀ ਜ਼ਿੰਦਗੀ ਸੱਜਣਾ,
ਮੇਰੀ ਆਪਣੀ ਜ਼ਿੰਦਗੀ ਏ
ਵੇਖ-ਵੇਖ ਕੇ ਸਾਨੂੰ ਐਵੇਂ ਈ,
ਕਿਹੜੀ ਗੱਲੋਂ ਸੜਦਾ ਏਂ

ਮੈਂ ਤਾਂ ਅੱਜ ਤੱਕ ਪਿਆਰ ਮੁਹੱਬਤ
ਵਾਲਾ ਈ ਕਲਮਾਂ ਪੜ੍ਹਿਆ ਏ
ਤੂੰ ਕਿਉਂ ਹਰਦਮ ਈਰਖਾ ਨਫ਼ਰਤ
ਵਾਲਾ ਕਲਮਾਂ ਪੜ੍ਹਦਾ ਏਂ

ਕੀਹਨੂੰ ਮਿਲਦੈਂ, ਕਿੱਥੇ ਜਾਨੈਂ,
ਮੈਨੂੰ ਕੋਈ ਇਤਰਾਜ਼ ਨਹੀਂ
ਮੇਰੇ ਕਿਸੇ ਨੂੰ ਮਿਲਣ 'ਤੇ ਕਿਉਂ
ਤੂੰ ਅੰਦਰੋ ਅੰਦਰੀਂ ਕੜ੍ਹਦਾ ਏਂ

ਕੀ ਖੁਙਿਆ ਏ ਲੋਕੋ ਐਸੀ,
ਹੋਸ਼ੀ ਰਿਸ਼ਤੇਦਾਰੀ ਤੋਂ
'ਖ਼ੁਸ਼ੀ ਮੁਹੰਮਦਾ' ਢਕੀ ਰਹਿਣ ਦੇ,
ਏਸੇ ਵਿਚ ਹੀ ਪੜਦਾ ਏ



ਖ਼ੁਸ਼ੀ ਮੁਹੰਮਦ ਚੱਠਾ

## ਸਾਵਣ ਦਾ ਮਹੀਨਾ

ਸਾਵਣ ਦਾ ਮਹੀਨਾ ਅਜੇ ਹੁਣ ਚੜਿਆ,
ਰੱਬ ਨੇ ਪਹਿਲਾਂ ਹੀ ਪਾਇਆ ਘਮਸਾਨ।
ਮਾਲ-ਪੂੜੇ ਖਾਣ ਵਾਲਿਆਂ ਨੇ ਖਾਈ ਜਾਣੇ,
ਕਿਸਾਨ ਅਤੇ ਕਿਰਤੀ ਹੋ ਰਹੇ ਪਰੇਸ਼ਾਨ ।

ਪੂਰੀ ਦੁਨੀਆਂ ਵਿੱਚ ਚੱਲ ਰਿਹਾ ਹੜ੍ਹਾਂ ਦਾ ਮੁਕਾਬਲਾ,
ਕਿਤ ਘੱਟ ਕਿਤੇ ਵੱਧ ਹੋ ਰਿਹਾ ਕਮਾਲ।
ਲਹਿੰਦੇ ਪੰਜਾਬ ਦੀ ਹੋ ਗਈ ਬੱਲੇ-ਬੱਲੇ,
ਹਰੀਕੇ ਪੱਤਣ ਵਾਲੇ ਗੇਟ ਖੋਲ੍ਹ ਕੇ,
ਚੜ੍ਹਦੇ ਪੰਜਾਬ ਦਾ ਰੱਖਿਆ ਖਿਆਲ।

ਮਾਝਾ, ਦੁਆਬਾ ਪੂਰਾ ਸਲ੍ਹਾਬਿਆ,
ਮਾਲਵੇ ਦਾ ਹੋ ਗਿਆ ਬਚਾਅ।
ਸੀਐਮ ਮਾਨ ਸਾਹਿਬ ਸੱਚ ਅਤੇ
ਇਮਾਨਦਾਰੀ ਨਾਲ ਬਣੇ ਹਨ ਸਰਬਰਾਹ।

ਚੌਂਸੇ ਅੰਬਾਂ ਤੇ ਜਾਮਣਾਂ ਦੇ ਢੇਰ ਲੱਗਦੇ,
ਬੰਦਾ ਖਾ ਖਾ ਕੇ ਵੀ ਰੱਜੇ ਨਾ।
ਇਹੋ ਹੀ ਹਾਲ ਹੁੰਦਾ ਪੀਂਘਾਂ ਝੂਟਦੀਆਂ ਕੁੜੀਆਂ ਦਾ,
ਵਿਆਹੀ ਤੇ ਕੀ ਕੁਆਰੀ ਝੂਟ ਝੂਟ ਰੱਜੇ ਨਾ।



ਅਮਰਜੀਤ ਸਿੰਘ ਤੂਰ
9878469639

## ਗ਼ਜ਼ਲ

ਤੂੰ ਡੋਬਣ ਦੀ ਕਰ ਕੋਸ਼ਿਸ਼ ਜਾਂ, ਮੇਰਾ ਮਾਰਨ ਇਹ ਪੰਜਾਬ ਲਈ
ਸੀਸ ਤਲੀ ਧਰ ਜੂਝੇਗਾ ਇਹ, ਤਿਲ ਤਿਲ ਕਰਨ ਹਿਸਾਬ ਲਈ

ਕਤਲ ਹਜ਼ਾਰਾਂ ਕੀਤੇ ਇਸਦੇ, ਅਣਖੀ ਪੁੱਤ ਹਕੂਮਤ ਨੇ
ਜੋਸ਼ ਉਬਾਲੇ ਖਾਂਦੈ ਤਾਂ ਹੀ, ਉਠਦੈ ਪੈਰ ਰਕਾਬ ਲਈ

ਸਿੱਖ ਗੁਰੂਆਂ ਦਾ ਪੁੱਤਰ ਇਹ, ਡੋਲੇਗਾ ਨਾ ਦਹਿਲੇਗਾ
ਰਣ ਚੰਡੀ ਦੀ ਵਾਰ ਪੜੇ, ਨਾਨਕ ਦੀ ਗੋਦ ਰਬਾਬ ਲਈ

ਸੰਤ ਸਿਪਾਹੀ ਮਜ਼ਲੂਮਾਂ ਲਈ, ਦਾਨੀ ਭੁੱਖਣ ਭਾਣੇ ਨੂੰ
ਖਾਲਸ ਰੂਹ ਧੁਰ ਅੰਦਰ ਤੋਂ, ਤੀਰ ਜਲਾਦ ਨਵਾਬ ਲਈ

ਇਸਦੇ ਸੀਸ ਕਟੇ ਭਾਅ ਉੱਚੇ, ਮੁੱਲ ਪਾਏ ਜਰਵਾਣੇ ਨੇ
ਹਿੱਕ ਤਣਾ ਕੇ ਲੜਿਆ ਇਹ, ਨਾ ਇਸ ਨੇ ਮੁੱਖ ਨਕਾਬ ਲਈ

ਰਾਜ ਕਰੇਗਾ ਦੁਨੀਆ ਤੇ ਇਹ, ਇਹ ਸਰਦਾਰ ਕਹਾਊਗਾ
ਮਾਂ- ਮਿੱਟੀ ਖਾਤਿਰ ਮਰਦੈ ਜੋ, ਮਰਦੈ ਬੋਲੀ, ਆਬ ਲਈ

ਵੰਡ ਰਿਹੈ ਜੋ ਖੁਦ ਖੀਸੇ ਤੋਂ, ਪੰਜਾਬੀ ਸਿੱਖ ਪੰਜਾਬੀ
ਜ਼ਖ਼ਮ ਅਲੂਹੇ ਲੈ ਕੇ ਜੋ, ਮਾਰੇ ਹਾਅ ਝਨਾਬ ਲਈ

ਪੰਜਾਬ ਅਡੋਲ ਮੁਸੀਬਤ ਵਿਚ, ਰਹਿਮਤ ਬਾਬੇ ਨਾਨਕ ਦੀ
ਜਾਗ਼ ਰਿਹੈ ਮੁੜ ਉਸਰਣ ਨੂੰ, ਹਰ ਪੂਰੇ ਕਰਨ ਖ਼ੁਆਬ ਲਈ

ਨਮਨ ਕਰੇ 'ਬਾਲੀ' ਪੰਜਾਬ ਮੇਰੇ, ਅਰਦਾਸ ਕਰੇ ਦਿਲ ਤੋਂ
ਤੂੰ ਰਹਿਬਰ ਹੋਵੇਂ ਦੁਨੀਆ ਦਾ, ਹੋਵੇਂ ਹੰਸ ਤਲਾਬ ਲਈ



ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'
919465129168

## ਚੜ੍ਹਦਾ ਲਹਿੰਦਾ ਪੰਜਾਬ

ਕੋਈ ਓਸ ਵੇਲੇ ਦੀ ਗੱਲ ਦੱਸੀਂ, ਜਦੋਂ ਇੱਕ ਪੰਜਾਬ ਹੀ ਹੁੰਦਾ ਸੀ।
ਓਹਨਾਂ ਸੱਚੇ ਸੁੱਚੇ ਆਸ਼ਿਕਾਂ ਲਈ, ਓ ਖਾਸ ਝਨਾਬ ਹੀ ਹੁੰਦਾ ਸੀ
ਦੱਸ ਕਿੱਸਾ ਬਾਬੇ ਬੁੱਲ੍ਹੇ ਦਾ ਵੇ ਸ਼ਾਹ ਅਨਾਇਤ ਕੋਲ? ਬਹਿੰਦੇ ਦਾ।
ਆ ਗਲ ਲੱਗ ਮਿਲਲੇ ਵੇ ਸੱਜਣਾ,
ਮੈਂ ਚੜ੍ਹਦੇ ਦਾ ਤੂੰ ਲਹਿੰਦੇ ਦਾ।

ਬਈ ਬਾਬੇ ਸੇਖ ਫਰੀਦ ਬਾਰੇ,ਕੁਝ ਬੋਲੀਂ ਮਿੱਠੜੇ ਬੋਲ ਮੂੰਹੋਂ
ਤੇ ਦਿੱਤਾ ਬਾਬੇ ਨਾਨਕ ਨੇ,ਜਦੋਂ ਤੇਰਾਂ ਤੇਰਾਂ ਤੋਲ ਮੂੰਹੋਂ
ਕੋਈ ਮੱਲ ਛਿੰਝ ਦਾ ਦੱਸ ਦੇਵੀਂ, ਪਿੱਠ ਲਾਉਂਦੇ ਦਾ ਤੇ ਢਹਿੰਦੇ ਦਾ।
ਆ ਗਲ ਲੱਗ ਮਿਲਲੇ ਵੇ ਸੱਜਣਾਂ
ਮੈਂ ਚੜ੍ਹਦੇ ਦਾ ਤੂੰ ਲਹਿੰਦੇ ਦਾ।

ਕਿਉਂ ਵੰਡਣ ਵਾਲੇ ਵੰਡ ਗਏ, ਇਹ ਧਰਤੀ ਪੰਜ ਦਰਿਆਵਾਂ ਦੀ।
ਸਾਨੂੰ ਯਾਦ ਅੱਜ ਵੀ ਆਉਂਦੀ ਏ, ਸਾਡੇ ਵਿਛੜੇ ਵੀਰ ਭਰਾਵਾਂ ਦੀ
ਅੱਜ ਲੂੰ ਲੂੰ ਤੜਫ ਜਾ ਉਠਿਆ ਏ, ਹਾਏ ਉਹ ਵਿਛੋੜਾ ਸਹਿੰਦੇ ਦਾ।
ਆ ਗਲ ਲੱਗ ਮਿਲ ਲੈ ਵੇਂ ਸੱਜਣਾ
ਮੈਂ ਚੜ੍ਹਦੇ ਦਾ ਤੂੰ ਲਹਿੰਦੇ ਦਾ

ਕੋਈ ਧੰਨਿਆਂ ਗੀਤ ਸੁਣਾ ਜਾਵੀਂ, ਮੇਰੇ ਓਸ ਪੰਜਾਬ ਪੁਰਾਣੇ ਦਾ।
ਮੈਂ ਛੇਤੀ ਮਿਲਣ ਆਵਾਂਗਾ, ਰਾਹ ਖੁੱਲਿਆ ਜਦ ਨਨਕਾਣੇ ਦਾ।
ਮੇਰਾ ਸਿਜਦਾ ਫੱਕਰਾਂ ਸ਼ਾਇਰਾਂ ਨੂੰ, ਹੰਸਾਲੇ ਪਿੰਡ ਵਿੱਚ ਰਹਿੰਦੇ ਦਾ।
ਆ ਗਲ ਲੱਗ ਮਿਲਲੇ ਵੇ ਸੱਜਣਾ,
ਮੈਂ ਚੜ੍ਹਦੇ ਦਾ ਤੂੰ ਲਹਿੰਦੇ ਦਾ।

ਧੰਨਾ ਧਾਲੀਵਾਲ

## ਗ਼ਜ਼ਲ

ਕੱਚੇ ਘਰ ਦੀ ਕੱਚੀ ਛੱਤ ਤੇ ਪੈਂਦੀ ਜਦ ਬਰਸਾਤ ਰਹੀ।
ਪੁੱਛ ਨਾ ਕਿੱਦਾਂ ਮਿਹਨਤ ਕਸ਼ ਦੀ ਫਿਕਰਾਂ ਦੇ ਵਿਚ ਰਾਤ ਰਹੀ।

ਕਾਮਾ ਬਣਿਆ ਅੱਠ ਪਹਿਰ ਹੀ, ਕੋਹਲੂ ਵਾਲਾ ਬੈਲ ਜਿਵੇਂ ,
ਇੱਕ ਬਰਾਬਰ ਹੋਇਆ ਉਸ ਨੂੰ, ਦਿਨ ਚੜਿਆ ਜਾਂ ਰਾਤ ਰਹੀ।

ਅੱਧਾ ਕੰਮ ਮੁਕਾ ਲੈਂਦਾ ਹੈ, ਉਹ ਅਪਣਾ ਉਸ ਵੇਲੇ ਹੀ,
ਜਿਸਨੂੰ ਸ਼ੁਰੂ ਕਰਨ ਤੇ ਉਸਦੀ ਅੱਛੀ ਹੈ ਸ਼ੁਰੂਆਤ ਰਹੀ।

ਆਪਣੀਆਂ ਗ਼ਜ਼ਲਾਂ ਵਿਚ ਓਹੀ, ਮੋਤੀ ਖ਼ੂਬ ਪਰੋ ਲੈਂਦਾ,
ਜਿਸ ਦੀ ਝੋਲੀ ਅੰਦਰ ਸੋਹਣੇ ਖਿਆਲਾਂ ਦੀ ਸੌਗਾਤ ਰਹੀ।

ਕੀਚਰ ਕੀਚਰ ਹੋ ਜਾਣਾ ਏ , ਦਿਲ ਤੇ ਸ਼ੀਸ਼ਾ ਦੋਵਾਂ ਨੇ ,
ਇਹਨਾਂ ਦੀ ਫਿਰ ਪਥਰਾਂ ਅੱਗੇ, ਦੱਸੋ ਕੀ ਔਕਾਤ ਰਹੀ।

ਪਿਆਰ ਮੁਹੱਬਤ, ਖ਼ੁਸ਼ੀਆਂ ਕਿਸ ਨੂੰ ਮਿਲੀਆਂ ਨੇ ਫੁੱਲ ਬਣਕੇ ਹੀ?
ਹਉਕੇ, ਹਾਵਾਂ ਤੇ ਤਨਹਾਈ ਜੀਵਨ ਦੀ ਸੌਗਾਤ ਰਹੀ।

ਭਰ ਲੈਂਦਾ ਹੈ ਝੋਲੀ 'ਮੱਖਣ' ਜਾਂ ਫਿਰ ਖਾਲੀ ਰਹਿ ਜਾਂਦੀ,
ਡਾਢੇ ਰਬ ਦੇ ਅੱਗੇ ਉਸਦੀ ਏਨੀ ਹੀ ਔਕਾਤ ਰਹੀ।



ਮੱਖਣ ਸੇਖੂਵਾਸ

## ਕੱਚੇ ਕੋਠੇ

ਲੱਗੀ ਨੀ ਦਿਹਾੜੀ ਥੋੜਾ ਰਹਿ ਗਿਆ ਆਟਾ ਨੀ।
ਭੁੱਖੇ ਮਾਰ ਬੱਚੇ ਫੇਰ ਦੇਖੇਗਾ ਤਮਾਸ਼ਾ ਨੀ।
ਚੌਵੀ ਘੰਟੇ ਹੋਏ ਮੀਂਹ ਵਰਸਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੁੱਲੀਆਂ ਗਰੀਬਾਂ ਦੀਆਂ ਢਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੱਚੇ ਕੋਠੇ ਕਾਸਤੋਂ ਚਵਾਉਣ ਲੱਗਿਆ! ਓ ਰੱਬਾ ਰਹਿਣ ਦੇ।

ਰੋਜ਼ ਹੀ ਕਮਾਕੇ ਤਾਜ਼ਾ ਰੋਜ਼ ਹੀ ਨੇਂ ਖਾਂਵਦੇ।
ਮਿਹਨਤ ਦਿਹਾੜੀ ਕਰ ਟਾਇਮ ਨੇਂ ਲੰਘਾਂਵਦੇ।
ਖਾਂਦਿਆਂ ਨੂੰ ਵੇਖ ਕੇ ਹਟਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੱਚੇ ਕੋਠੇ ਕਾਸਤੋਂ ਚਵਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੁੱਲੀਆਂ ਗਰੀਬਾਂ ਦੀਆਂ ਢਾਉਣ ਲੱਗਿਆ! ਓ ਰੱਬਾ ਰਹਿਣ ਦੇ।

ਤਾਜ਼ੇ ਲੱਗੇ ਝੋਨੇ ਦਾ ਪਤਾ ਨਹੀਂ ਕਿਤੇ ਲੱਗਦਾ।
ਖੇਤਾਂ ਵਿੱਚੋਂ ਪਾਣੀ ਦਰਿਆ ਵਾਂਗੂ ਵਗਦਾ।
ਬੀ.ਪੀ. ਕਿਉਂ ਕਿਸਾਨਾਂ ਦਾ ਘਟਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੱਚੇ ਕੋਠੇ ਕਾਸਤੋਂ ਚਵਾਉਣ ਲੱਗਿਆ! ਓ ਰੱਬਾ ਰਹਿਣ ਦੇ।
ਕੁੱਲੀਆਂ ਗਰੀਬਾਂ ਦੀਆਂ ਢਾਉਣ ਲੱਗਿਆ! ਓ ਰੱਬਾ ਰਹਿਣ ਦੇ।

ਜਾਨੀਂ, ਮਾਲੀ ਕਾਹਤੋਂ ਕਰੀਂ ਜਾਵੇ ਨੁਕਸਾਨ ਰੱਬਾ।
ਕਰਦਾ ਦੁਆਵਾਂ ਹੱਥ ਜੋੜ ਤੈਨੂੰ 'ਖ਼ਾਨ' ਰੱਬਾ।
'ਕਾਮੀ ਵਾਲੇ' ਐਨਾਂ ਕਿਉਂ ਡਰਾਉਣ ਲੱਗਿਆਂ ਓ। ਰੱਬਾ ਰਹਿਣ ਦੇ।
ਕੁੱਲੀਆਂ ਗਰੀਬਾਂ ਦੀਆਂ ਢਾਉਣ ਲੱਗਿਆ। ਓ ਰੱਬਾ ਰਹਿਣ ਦੇ।
ਦੱਸ ਕਿਉਂ ਗ਼ਰੀਬਾਂ ਨੂੰ ਸਤਾਉਣ ਲੱਗਿਆ! ਓ ਰੱਬਾ ਰਹਿਣ ਦੇ।

ਸੁਕਰ ਦੀਨ ਕਾਮੀਂ ਖੁਰਦ
9592384393

## ਕਰਮਾਂ ਦੇ ਬਲੀਆ

ਉਹ ਵਾਹ ਓਏ ਕੀ ਕਰਮਾਂ ਦਿਆ ਬਲੀਆ।
ਨਾ ਰਿਧੀ ਖੀਰ ਤੇ ਨਾ ਹੀ ਬਣਿਆ ਦਲੀਆ।

ਲਾਈ ਬੈਠੇ ਆਸ, ਆਸ ਵਿਚ ਧਰਵਾਸ ਨਾ ਦਿਸੇ,
ਤੇਰੀ ਕਚਹਿਰੀ ਵਿਚ ਸਾਡੇ ਨਾਲ ਹੋਇਆ ਸਲੀਆ।

ਸਮਝਿਆ ਸਾਡੀ ਕੋਈ ਤਾਂ ਉਹ ਮਦਦ ਕਰੂਗਾ,
ਪਰ ਉਹ ਖੁਦ ਹੀ ਗੈਰਾਂ ਸੰਗ ਹੈ ਜਾ ਰਲਿਆ।

ਗੈਰਾਂ ਨਾਲ ਨਜ਼ਰ ਮਿਲਾ ਕੇ ਕਰਦੈਂ ਅਠਖੇਲੀਆਂ,
ਰਮਜ਼ ਉਹਦੀ ਸਮਝ ਕੇ ਉਂਜ ਅੱਖਾਂ ਨੇ ਮਲੀਆਂ।

ਕੇਹੀ ਉਹਦੀ ਸੋਚ ਹੈ ਕੇਹੇ ਮਨ 'ਚ ਵਸੇ ਵਿਚਾਰ ਨੇ,
ਡੁੰਨ ਵੱਟੇ ਵਾਲੇ ਖਾਲੀ ਭੇਜੇ ਦਾ ਓਵਰ ਹਾਲ ਟਲਿਆ।

ਆਜ਼ਾਦ ਸੋਚ ਸੋਚ ਕੇ ਪਾਗੁਲ ਬੌਰਾ ਜਿਹਾ ਹੋ ਗਿਆ,
ਚਿੱਬੜਿਆ ਕੇਹਾ ਜਿੰਨ ਸਾਡੇ ਦਿਮਾਗ ਨੂੰ ਹੈ ਸਲਿਆ।



ਰਣਜੀਤ ਆਜ਼ਾਦ ਕਾਂਝਲਾ
09501977814

## ਸ਼ੀਸ਼ੇ ਦੇਖੀਏ..

ਤਰਸ ਦੱਯਾ ਖੁੱਲ੍ਹਦਿਲੀ ਦੇ ਵਿਸ਼ਾਲ ਹਿਰਦੇ ਦਿਖਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਦਿਲ ਦੇ ਧਨਵਾਨਾਂ ਦੇ।

ਨਰਕਾਂ ਵੱਲ ਧੱਕਦਿਆਂ ਲੋਕ ਔਂਝਲੇ ਰਾਹੇ ਪਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਵਿਹਲੇ ਮੀਸਣੇ ਭਗਵਾਨਾਂ ਦੇ।

ਲੋਕਾਈ ਦੇ ਦੁੱਖ ਆਪਣੀ ਸਮਝ ਵਿੱਚ ਲੈ ਆਉਣੇ,
ਉਹ ਸ਼ੀਸ਼ੇ ਹੁੰਦੇ ਨੇ ਵਿਸ਼ਾਲ ਮਘਦੇ ਅਰਮਾਨਾਂ ਦੇ।

ਮੋਹ ਮੁਹੱਬਤ ਦੀ ਛੋਹ ਲਈ ਕੁੱਲ ਸਨਮਾਨ ਪੁਗਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਸਬਰਾਂ ਭਰੇ ਬਲਵਾਨਾਂ ਦੇ ।

ਬੁਰਾਈ ਦੀ ਹਿੱਕ ਵੱਲ ਵਹਿੰਦਿਆਂ ਜੋ ਜੌਹਰ ਮਘਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਨੱਚਦੇ ਤੀਰ ਕਮਾਨਾਂ ਦੇ।

ਲੋਕਾਂ 'ਚ ਨਿਰਸੁਆਰਥ ਰਹਿਣੇ, ਦਿਲ ਖੋਲ੍ਹ ਟਿਕਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਰੌਸ਼ਨੀ ਭਰੇ ਅਸਮਾਨਾਂ ਦੇ ।

ਬਾਜ਼ ਵਾਂਗੂੰ ਝੋਟ 'ਸਮਾਨੋਂ ਸੁੱਟ ਉੱਡਾਰੀ ਲਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਸਫਲ ਰਹੀਆਂ ਜਾਂਬਾਜ਼ ਉਡਾਨਾਂ ਦੇ।

ਮਿਥਿਹਾਸਕ ਪੋਥੀਆਂ ਅਤੇ ਕੁਰੀਤਾਂ ਦੇ ਖੁਰੇਖੋਜ ਮਿਟਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਲਲਕਾਰੀ ਜ਼ੁਬਾਨਾਂ ਦੇ ।

ਕਲਮਾਂ ਨੇ ਗੱਜਦੇ ਯੁੱਧਾਂ ਲਈ ਸੂਹੇ ਸ਼ਬਦ ਵਿਛਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਵੱਡ-ਮਿਆਰੀ ਵਿਦਵਾਨਾਂ ਦੇ ।

ਰਾਜਨੀਤੀਕ ਐਸ਼ ਲਈ ਧੀਆਂ ਪੁੱਤ ਅੱਗੇ ਲਿਆਉਣੇ,
ਉਹ ਸ਼ੀਸ਼ੇ ਹੁੰਦੇ ਨੇ ਕੋਹੜੇ ਰਾਜਸੀ ਭਲਵਾਨਾਂ ਦੇ।

ਇਤਿਹਾਸਕ ਗਾਥਾਵਾਂ ਬਣਨ ਲਈ ਬੁਲੰਦ ਹੌਂਸਲੇ ਹੋਣੇ,
ਉਹ ਸ਼ੀਸ਼ੇ ਹੁੰਦੇ ਨੇ ਗਹਿਗੱਚ ਲੜੇ ਮੈਦਾਨਾਂ ਦੇ।

'ਧਰਮ ਵਿੱਚ ਧਰਮੀਆਂ' ਦੇ ਸਿਰ ਭੇਡ ਭੇਡ ਫਸਾਉਣੇ,
ਉਹ ਸ਼ੀਸ਼ੇ ਹੁੰਦੇ ਨੇ ਗੋਲਕ-ਖੋਹਣੇ ਵਾਰ ਕਰਪਾਨਾਂ ਦੇ!

ਲਾਈਲੱਗ ਮੂਰਖ ਬਣੋ, ਧਰਮ ਬਦਲਣੇ, ਡੇਰੇ ਗਾਹੁਣੇ,
ਉਹ ਸ਼ੀਸ਼ੇ ਹੁੰਦੇ ਨੇ ਭੁੱਖੇ ਮਾਰਨ ਦੀਆਂ ਦੁਕਾਨਾਂ ਦੇ।



ਸੁਖਦੇਵ ਸਿੱਧੂ
9888633481

## ਸੰਘਰਸ਼ ਭਰੀ ਜ਼ਿੰਦਗੀ

ਕਦੇ ਡਿਗੀਏ ਕਦੇ ਢਹੀਏ,
ਹਰ ਵਾਰੀ ਉੱਠ ਖੜ੍ਹ ਜਾਈਏ।

ਕਦੇ ਜਿੱਤੀਏ ਕਦੇ ਹਰੀਏ,
ਡੁੱਬਣੋਂ ਪਹਿਲਾਂ ਤਰ ਜਾਈਏ।

ਲੋਕਾਂ ਦੀ ਬੁਰੀ ਹਾਲਤ ਦੇਖ,
ਕੁੱਝ ਕੀਤੇ ਬਿਨਾਂ ਨਾ ਮਰ ਜਾਈਏ।

ਗੁੱਸਾ ਆਵੇ ਬਹੁਤ ਜੇ,
ਮਜ਼ਬੂਰੀ ਖਾਤਰ ਠਰ ਜਾਈਏ।

ਚਾਰ ਕਿਤਾਬਾਂ ਪੜ੍ਹਕੇ ਕਦੇ,
ਗਿਆਨ ਨਾਲ ਨਾ ਭਰ ਜਾਈਏ।

ਮੁਸੀਬਤਾਂ ਦੇਖ ਜਿੰਦਗੀ ਵਿੱਚ,
ਨਾ ਰੇਤਾ ਵਾਂਗੂ ਖਰ ਜਾਈਏ।

ਹੱਥ ਹਿਲਾਏ ਬਿਨਾਂ ਨਾ,
ਬੈਠੇ ਬੈਠੇ ਹਰ ਜਾਈਏ।

ਮੋੜਾਂ ਤੇ ਨਿੱਤ ਖੜ੍ਹਨੇ ਨਾਲੋਂ,
ਸਿੱਧੇ ਆਪਣੇ ਘਰ ਜਾਈਏ।

ਸੱਚ ਕਹੀਏ ਠੋਕ ਵਜਾ ਕੇ,
ਹੋਰਾਂ ਦੀ ਵੀ ਜ਼ਰ ਜਾਈਏ।

ਚੁਗਲੀ ਨਿੰਦਿਆ ਕਰਨੇ ਲਈ,
ਗ਼ੈਰਾਂ ਦੇ ਨਾ ਦਰ ਜਾਈਏ।

ਮਹਿੰਗੇ ਪਕਵਾਨ ਖਾਣ ਨਾਲੋਂ,
ਦਾਲ ਆਪਣੇ ਚੁੱਲ੍ਹੇ ਧਰ ਜਾਈਏ।

ਲਾਈਲੱਗਾਂ ਕੋਲੋਂ ਬਚ ਕੇ,
ਮਨੁੱਖਤਾ ਲਈ ਕੁੱਝ ਕਰ ਜਾਈਏ।

ਕਿਰਤ ਨਾਲ ਸਭ ਮਿਲ ਜਾਂਦਾ,
ਮੰਗਣ ਹੋਰਾਂ ਤੋਂ ਨਾ ਵਰ ਜਾਈਏ।

ਨਾਲ ਹੌਂਸਲੇ ਸਿਰੜ ਦੇ,
ਹਰ ਮੰਜ਼ਿਲ ਕਰ ਸਰ ਜਾਈਏ।

ਗਿਆਨ ਓਸ ਦਾ ਕੀ ਫਾਇਦਾ?
ਨਾਲੇ ਲੈ ਕੇ ਜਿਸ ਨੂੰ ਤੁਰ ਜਾਈਏ।

ਤਰਕ ਨਾਲ ਸੋਚੀਏ ਹਰ ਵੇਲੇ,
ਨਾ ਰੱਬਾਂ ਕੋਲੋਂ ਡਰ ਜਾਈਏ।

ਅਵਤਾਰ ਹਰ ਕੋਈ ਫਿਰੇ ਚਾਰਨ ਨੂੰ,
ਖੁਰਦਪੁਰੀਆ ਐਵੇਂ ਨਾ ਚਰ ਜਾਈਏ।

**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**006421392147**

## ਆਫ਼ਤ ਤੇ ਸਿਆਸਤ

ਸਭ ਠੀਕ ਹੈ ਮੇਰੇ ਸ਼ਹਿਰ ਦੇ ਅੰਦਰ
ਭਾਸ਼ਣ ਸੁਣਿਆਂ ਸਿਆਸਤਦਾਨਾਂ ਦਾ।
ਆਓ ਸਾਰੇ ਖੈਰ ਮਨਾਇਏ ਧਰਤੀ ਦੀ,
ਸੁਣਿਆ ਹੜ ਵਿੱਚ ਹੜ ਆਇਆਂ
ਫਿਰ ਤੋਂ ਸਿਆਸਤਦਾਨਾਂ ਦਾ।
ਮੁੱਦਤ ਹੋਈ ਅਜ਼ਾਦ ਹੋਇਆ ਨੂੰ
ਉਹੀਓ ਹਾਲ ਮਕਾਨਾਂ ਦਾ।
ਜਲਸੇ ਵਿੱਚ ਜਲੂਸਾਂ ਕਦੇ
ਵਾਲ ਬਾਂਕਾ ਨੀ ਹੋਇਆ ਸਿਆਸਤਦਾਨਾਂ ਦਾ।
ਵੋਟਾਂ ਵੇਲੇ ਬਣਨ ਗਰੀਬ
ਦੇਖੋ ਯਾਰ ਕਮਾਲ ਸਿਆਸਤਦਾਨਾਂ ਦਾ।
ਅੱਪੜ ਜਾਣ ਅਸੰਬਲੀ ਜਿਸ ਦਿਨ
ਤੱਕਣਾ ਫੇਰ ਜਲਾਲ, ਸਿਆਸਤਦਾਨਾਂ ਦਾ।
ਹੜ ਵਿੱਚੋ ਵੀ ਲੱਭਣ ਵੋਟਾਂ
ਦੇਖੋ ਹਾਲ ਸਿਆਸਤਦਾਨਾਂ ਦਾ।
ਭੋਲੀਆਂ ਮੱਛੀਆਂ ਫਸ ਜਾਣਾ ਹੈ
ਲੱਗਾ ਫੇਰ ਏ ਜਾਲ, ਸਿਆਸਤਦਾਨਾਂ ਦਾ।
ਅੱਜ ਤੇ ਪਾ ਲਓ ਜੱਫੀਆਂ
ਕੱਲ ਪਰਛਾਵਾਂ ਖਹਿ ਨੀ ਸਕਦਾ
ਨਾਲ ਸਿਆਸਤਦਾਨਾਂ ਦਾ ।
ਚੰਗੇਰ ਲੋਕਾਂ ਦੀ ਨੇ ਖਾਲੀ ਰਹਿਣਾ
ਭਰ ਜਾਣਾ ਥਾਲ, ਸਿਆਸਤਦਾਨਾਂ ਦਾ।
ਇਲੈਕਸ਼ਨ ਵੇਲੇ ਚੰਗਾ ਰਹਿੰਦਾ
ਰਿਸਤਾ ਲੋਕਾਂ ਨਾਲ, ਸਿਆਸਤਦਾਨਾਂ ਦਾ।
ਜਾਗੋ ਯਾਰੋਂ, ÷ਦੀਪ÷ ਜਗਾਓ ਸ਼ਾਇਦ
ਬਦਲੇ ਖਿਆਲ ਸਿਆਸਤਦਾਨਾਂ ਦਾ।

**ਕੁਲਦੀਪ ਸਿੰਘ ਸਾਹਿਲ**
**9417990040**

## ਕੁਦਰਤ ਦੀ ਤਬਾਹੀ

ਕੁਦਰਤ ਤੋਂ ਡਰ ਬੰਦਿਆ
ਦੇਖ ਪਲਾਂ ਚ ਤਬਾਹੀ ਮਚਾ ਤੀ
ਕਿਸੇ ਦਾ ਜੋਰ ਨਹੀਓਂ ਚਲਦਾ
ਸਭ ਨੇਂ ਵਾਹ ਪੂਰੀ ਵਾ ਲਾ ਤੀ

ਏਥੇ ਸਵੇਰ ਦਾ ਪਤਾ ਨਹੀਂ
ਰਾਤੀ ਗੂੜੀ ਨੀਦੇਂ ਸੁੱਤੇ
ਪਾਨੀ ਘਰਾਂ 'ਚ ਆਣ ਵੜਿਆ
ਵੇਖਿਆ ਸਵੇਰੇ ਜਦੋਂ ਸੀ ਉਠੇ
ਚੜ ਉਪਰਲੀ ਮੰਜ਼ਿਲ ਗਏ
ਹਫੜਾ ਦਫੜੀ ਸਾਰੇ ਪਾ ਤੀ
ਕੁਦਰਤ ਤੋਂ ਡਰ ਬੰਦਿਆਂ
ਦੇਖ ਪਲਾਂ 'ਚ ਤਬਾਹੀ ਮਚਾ ਤੀ

ਖਰੜ ਫਤਿਹਗੜ੍ਹ ਪਟਿਆਲਾ
ਪਾਨੀ ਪੂਰੀ ਤਬਾਹੀ ਮਚਾਈ
ਘੱਗਰ ਚੜ ਗਿਆ ਪੂਰਾ
ਚਾਰ ਚੁਫੇਰੇ ਮੱਚੀ ਦੁਹਾਈ
ਬੰਨ ਕਈ ਥਾਵਾਂ ਤੋਂ ਟੱਟ ਗਿਆ
ਅੱਸੀ ਫੁੱਟ ਤੀਕ ਪਾੜ ਪਾ ਤੀ
ਕੁਦਰਤ ਤੋਂ ਡਰ ਬੰਦਿਆ
ਦੇਖ ਪਲਾਂ 'ਚ ਤਬਾਹੀ ਮਚਾ ਤੀ

ਸਤਲੁਜ ਦੀਆਂ ਖਬਰਾਂ ਆਉਦੀਆਂ ਨੇਂ
ਸਾਹਕੋਟ ਲੋਈਆਂ 'ਚ ਪਾਨੀ ਭਰਗਿਆ
ਮਾਲ ਡੰਗਰ ਕਾਰਾਂ ਟਰੈਕਟਰ ਰੁੜ ਗਏ
ਓਹਦੀ ਕੀਤੀ ਅੱਗੇ ਮਨੁੱਖ ਅੱਜ ਹਰ ਗਿਆ
ਝੋਨਾ ਡੋਬਿਆ ਸਾਰਾ ਸੀ
ਕਿਸਾਨ ਦੀ ਕੀਤੀ ਕਤਰੀ ਓਥੇ ਧਰਾ ਤੀ
ਕੁਦਰਤ ਤੋਂ ਡਰ ਬੰਦਿਆਂ
ਦੇਖ ਪਲਾਂ 'ਚ ਤਬਾਹੀ ਮਚਾ ਤੀ

**ਗੁਰਚਰਨ ਸਿੰਘ ਧੰਜੂ**

## ਕਵਿਤਾ

ਯਕੀਨ ਦੇ ਹੀ ਬੀਜ਼ ਬੀਜੇ
ਐਵੇਂ ਉਗ ਜਾਂਦੇ ਰਹੇ ਕੈਕਟਸ
ਹਰ ਵਾਰ ਆਮਦ ਹੋਈ,
ਜਿਓਂ ਬੇਵਿਸ਼ਵਾਸੀ ਦੀ
ਉਹ ਹਨੇਰੀਆਂ ਰਾਤਾਂ ਜਿਹੇ ਅਕਸ
ਅੰਦਰਾਂ ਦੇ ਚਾਨਣ ਤੇ ਵਾਰ ਕਰਦੇ
ਬੜਾ ਚਾਅ ਰਿਹਾ ਭਰੋਸੇ ਪਰੋਸਣੇ ਦਾ
ਬਾਰ ਬਾਰ ਇਹੋ ਭੁਲੇਖੇ
ਇੱਕ ਨਵਾਂ ਤਜ਼ਰਬਾ ਦੇ ਜਾਂਦੇ
ਇਹਨਾਂ ਭੁੱਲ ਭੁਲਈਆਂ ਚੋ
ਨਿਕਲਦੀ 'ਨਵ ਚੇਤਨਾ'
ਜ਼ੋ ਹਮੇਸ਼ਾ ਹਮੇਸ਼ਾ ਵਿਸ਼ਵਾਸ ਦੇ ਬੂਹੇ ਤੇ
ਦਸਤਕ ਦਿੰਦੀ ਰਹਿੰਦੀ।
ਹਰ ਕਰਮ ਦੀ ਇੱਟ ਆਪ ਬਣਾਉਣੀ
ਤੇ ਆਪ ਚਿਨਣੀ ਪੈਂਦੀ,
ਖੜਾਕਾਂ ਦਾ ਖ਼ਦਸ਼ਾ ਤਾਂ ਰਹੇਗਾ
ਇਹ ਸਧਾਰਨ ਆਵਾਜ਼ਾਂ ਨਹੀਂ
ਤੂੰ ਐਵੇਂ ਆਪਣੇ ਕੰਨਾਂ ਨਾਲ ਨਾ ਸੁਣੀਂ
ਆਪਣੇ ਹੀ ਦਿਮਾਗ਼ੋਂ ਕਿਆਸ ਨਾ ਲਾਵੀਂ
ਇੱਕ ਰੱਬ ਨੂੰ ਮੰਨਦੇ ਸਭ, ਜੋ ਅਦ੍ਰਿਸ਼ਟ ਹੈਂ
ਆਪਣੇ ਆਪਣੇ ਅੰਦਾਜ਼ੇ ਤੋਂ ਲੱਭਦੇ, ਫਿਰਦੇ
ਉਹ ਸਿਰਜਕ, ਜਿਸ ਨੇ ਸਭ ਪੈਦਾ ਕੀਤਾ
ਮਿਲਦਾ ਨਾਲ ਭਰੋਸੇ ,
ਉਂਝ ਬਿਰਾਜਮਾਨ ਏ ਵਿਚ ਮੰਦਰ
ਉਹ ਹੈ ਆਪਣੇ ਹੀ ਅੰਦਰ।



**ਨਵਜੋਤਕੌਰ ਨਿਮਾਣੀ**

## ਡੁੱਬਦਾ ਪੰਜਾਬ

ਹਰਿਆਣਾ ਆਖੇ ਪਾਣੀ ਦਿਓ,
ਕੀ ਮੇਰਾ ਕੋਈ ਹੱਕ ਨਹੀਂ।
ਰਾਜਸਥਾਨ ਨਹਿਰਾਂ ਜਾਂਦੀਆਂ,
ਉਹ ਕਹਿੰਦਾ ਮੈਂ ਵੱਖ ਨਹੀਂ।
ਹਿਮਾਚਲ ਆਖੇ ਪਾਣੀ ਸਾਡਾ,
ਮਿਲਦਾ ਮੈਨੂੰ ਕੱਖ ਨਹੀ।
ਹੁਣ ਪਾਣੀ, ਝੱਲ ਨੀਂ ਹੁੰਦਾ,
ਕਹਿੰਦੇ ਕੋਈ ਰੱਖ ਨਹੀਂ।
ਊਂ ਪਾਣੀ ਵਿੱਚ ਹਿੱਸਾ ਸਾਡਾ,
ਇਸ ਵਿੱਚ ਕੋਈ ਸ਼ੱਕ ਨਹੀਂ।
ਅੱਜ ਪੰਜਾਬ ਡੁੱਬਦਾ ਜਾਂਦਾ,
ਕੀ ਉਹਨਾਂ ਦੇ ਅੱਖ ਨਹੀਂ।
ਆਪਣਾ ਆਪ ਬਚਾਉਂਦੇ ਪੱਤੋ,
ਹੁਣ ਲੈਂਦਾ ਕੋਈ ਪੱਖ ਨਹੀਂ।

**ਹਰਪ੍ਰੀਤ ਪੱਤੋ**
**94658-21417**

## ਹੜ੍ਹ

ਵਾਹ ਉਏ ਸੁਣ ਪੰਜਾਬ ਸਿਆਂ,
ਕਿਸਮਤ ਹੀ ਤੇਰੀ ਖੋਟੀ ਹੈ,

ਬੰਦੇ ਤਾਂ ਬੰਦੇ ਹੈ ਗੇ ਸੀ,
ਕੁਦਰਤ ਵੀ ਤੇਰੀ ਦੋਖੀ ਹੈ,

ਚੜ੍ਹ ਚੜ੍ਹ ਕੇ ਆਉਣ ਬਲਾਵਾਂ ਜੋ,
ਬੰਦਾ ਬੈਠਾ ਜਾਂਦਾ ਸੋਚੀਂ ਹੈ,

ਆਫ਼ਤ ਤੇ ਆਫ਼ਤ ਆਣ ਪਵੇ,
ਮੰਡੀ ਜਿਉਂ ਕੋਈ ਅਨੋਖੀ ਹੈ,

ਕਦੇ ਲਾਸ਼ਾਂ ਤੇ ਬਦਮਾਸ਼ਾਂ ਦੇ,
ਤੇਰੀ ਦੌਰ ਨੇ ਮੰਜੀ ਠੋਕੀ ਹੈ,

ਹੜ੍ਹ ਨਸ਼ਿਆਂ ਦੇ,ਕਦੇ ਪਾਣੀ ਦੇ,
ਜ਼ਿੰਦਗੀ ਪਈ ਕੀਤੀ ਔਖੀ ਹੈ,

ਕਰਜ਼ੇ ਦੀਆਂ ਪੰਡਾਂ ਲਾਹੁੰਦਿਆਂ ਨੇ,
ਸਾਰੀ ਜ਼ਿੰਦਗੀ ਭੱਠੀ ਝੋਕੀ ਹੈ

ਪ੍ਰਿੰਸ ਪਤਾ ਨਹੀਂ ਕੀ ਕੁਝ ਹੜ੍ਹਣਾ,
ਇਹ ਕੁਦਰਤ ਵਾਲੀ ਕਰੋਪੀ ਹੈ,



**ਰਣਬੀਰ ਸਿੰਘ ਪ੍ਰਿੰਸ (ਸ਼ਾਹਪੁਰ ਕਲਾਂ)**
**9872299613**

## ਵੇ ਰੱਬਾ

ਇਹ ਕੱਢਿਆ ਵੈਰ ਵੇ ਰੱਬਾ।
ਪੈ ਗਿਆਂ ਸਾਡੇ ਵੈਰ ਰੱਬਾ।
ਉਜੜੇ ਪਿੰਡ ਤੇ ਸ਼ਹਿਰ ਵੇ ਰੱਬਾ।
ਜਾਪੇ ਸੁੱਖ ਨਾ ਖੈਰ ਵੇ ਰੱਬਾ।

ਕਿਥੋਂ ਆਇਆ ਪਾਣੀ ਰੱਬਾ।
ਖੌਰੇ ਕੀ ਇਹ ਠਾਣੀ ਰੱਬਾ।
ਜਾਪੇ ਖਤਮ ਕਹਾਣੀ ਰੱਬਾ।
ਸੂਤ ਨੀ ਆਉਣੀ ਤਾਣੀ ਰੱਬਾ।

ਪੈਰੋਂ ਲੋਕੀਂ ਉਖੜ ਗਏ ਨੇ।
ਕੱਖੋਂ ਹੌਲੇ ਉਜੜ ਗਏ ਨੇ।
ਛੁੱਟ ਹੱਥੋਂ ਸਾਡੇ ਟੁੱਕੜ ਗਏ ਨੇ।
ਮਾੜੇ ਕਰਮ ਹੀ ਉੱਘੜ ਗਏ ਨੇ।

ਮਾਲ ਡੰਗਰ ਤੇ ਢਾਂਡੇ ਤਰ ਗਏ।
ਖੌਰੇ ਕਿੰਨੇ ਬੰਦੇ ਮਰ ਗਏ।
ਤੇਰੇ ਹੱਥੋਂ ਸਾਰੇ ਈ ਹਰ ਗਏ।
ਕੁੱਲੀਆਂ ਮਹਿਲ ਤੇ ਢਾਰੇ ਖਰ ਗਏ।

ਕਿੱਥੇ ਜਾ ਫ਼ਰਿਆਦਾਂ ਕਰੀਏ।
ਕਿੰਝ ਅੱਖੀਂ ਦੇਖ ਉਜਾੜਾ ਜਰੀਏ।
ਜਾ ਕਿੱਥੇ ਅਸੀਂ ਡੰਗੋਰੀ ਧਰੀਏ।
ਜਾਂ ਫਿਰ ਅਸੀਂ ਵੀ ਖਾ ਕੁੱਝ ਮਰੀਏ।

ਤੂੰ ਹੀ ਤਾਂ ਕੁੱਝ ਸੋਚ ਵੇ ਰੱਬਾ।
ਨਾ ਹੋਰ ਤਬਾਹੀ ਲੋਚ ਵੇ ਰੱਬਾ।
ਆਪਣਾ ਪੱਲਾ ਬੋਚ ਵੇ ਰੱਬਾ।
ਨਾ ਹੁਣ ਹੋਰ ਤੂੰ ਨੋਚ ਵੇ ਰੱਬਾ।

ਤਰਸ ਤਾਂ ਥੋੜ੍ਹਾ ਕਰ ਵੇ ਰੱਬਾ।
ਢਹਿ ਗਏ ਸਾਡੇ ਘਰ ਵੇ ਰੱਬਾ।
ਜਿਉਂਦੇ ਗਏ ਆਂ ਮਰ ਵੇ ਰੱਬਾ।
ਨਹੀਂ ਹੁੰਦਾ ਇਹ ਸਭ ਜਰ ਵੇ ਰੱਬਾ।

ਇਹ ਕਿਹੜੀ ਤੇਰੀ ਲ਼ੀਲਾ ਨਿਆਰੀ।
ਕੁਦਰਤ ਕਹਿਰ ਮਚਾਇਆ ਭਾਰੀ।
ਭੁੱਖ ਗਰੀਬੀ ਵਧੂ ਲਾਚਾਰੀ।
ਦੁਨੀਆਂ ਵੀ ਕੀ ਕਰੂ ਵਿਚਾਰੀ।

ਭੈਣੀ ਬਾਘੇ ਵਾਲਿਆ ਮਾਨਾਂ।
ਓਹੀ ਦੱਦਾ ਦਾਤਾ ਦਾਨਾ।
ਇਹ ਵੀ ਉਹਦਾ ਈ ਕੋਈ ਬਹਾਨਾ।
ਹੋ ਜਾ ਓਹਦੀ ਰਜ਼ਾ ਰਵਾਨਾ।



**ਮਾਨ ਭੈਣੀ ਬਾਘੇ ਆਲਾ**
**9915545950**

## ਤੂੰ ਮੈਨੂੰ ਖ਼ਤ ਲਿਖੀ

ਜਦ ਬੇਬਸ ਹੋਵਣ ਬੋਲ,
ਨਾ ਸਕੇ ਦਿਲ ਦੇ ਪਰਦੇ ਖੋਲ੍ਹ।
ਤੂੰ ਮੈਨੂੰ ਖ਼ਤ ਲਿਖੀ।

ਜਾਂ ਹੋਵੇ ਡਾਢਾ ਦਿਲ ਉਦਾਸ,
ਨਾ ਆਵੇ ਦਿਲ ਨੂੰ ਕਿਤੋਂ ਧਰਵਾਸ।
ਤੂੰ ਮੈਨੂੰ ਖ਼ਤ ਲਿਖੀ।

ਜਾਂ ਵਕਤ ਪਾਏ ਔਖੇ ਸਵਾਲ,
ਨਾ ਦੇ ਹੋਵੇ ਕੋਈ ਜੁਆਬ।
ਮੈ ਤੇਰੇ ਪੜ੍ਹ ਲਊ ਗੂੰਗੇ ਬੋਲ,
ਤੂੰ ਮੈਨੂੰ ਮੂੰਹੋਂ ਨਾ ਦੱਸੀ ਬੋਲ।
ਤੂੰ ਮੈਨੂੰ ਖ਼ਤ ਲਿਖੀ।

ਜਾਂ ਨੈਣੀ ਭਰ ਆਏ ਖਾਰਾ ਨੀਰ,
ਨਾ ਲੱਭੇ ਜੰਡ ਨਾ ਕੋਈ ਕਰੀਰ ।
ਪੈਰੀ ਸੂਲਾਂ ਤੇ ਬਿਖੜੇ ਰਾਹ,
ਤੂੰ ਮੈਨੂੰ ਕਰ ਲੈਵੀ ਹਮਰਾਹ।
ਤੂੰ ਮੈਨੂੰ ਖ਼ਤ ਲਿਖੀ।

ਜਾਂ ਖਾਏ ਭੀੜ ਦੇ ਵਿੱਚ ਇੱਕਲ,
ਨਾ ਲੱਭੇ ਇੱਕਲ ਦਾ ਕੋਈ ਹੱਲ।
ਕੋਰੇ ਕਾਗਜ਼ ਤੇ ਵਾਹੀ ਲਕੀਰ,
ਮੈ ਲੰਘ ਆਵਾਂਗੀ ਨਦੀਆਂ ਚੀਰ।
ਤੂੰ ਮੈਨੂੰ ਖ਼ਤ ਲਿਖੀ।



**ਸਤਨਾਮ ਕੌਰ ਤੁਗਲਵਾਲਾ**

## ਹੜ੍ਹ 'ਚ ਡੁੱਬਿਆਂ ਲਈ ਅਰਦਾਸ

ਹੈ ਦੋਸ਼ ਤੇਰੇ 'ਤੇ ਬੜਾ ਬਦਹੋਸ਼ ਹੈਂ ਤੂੰ ,
ਹੈ ਜ਼ੁਲਮ ਦੀ ਇੰਤਹਾ ਮਦਹੋਸ਼ ਹੈਂ ਤੂੰ।
ਹੈ ਰੁੱਤਾਂ ਦਾ ਕਹਿਰ ਵਿੱਚ ਜੋਸ਼ ਹੈਂ ਤੂੰ,
ਐਹ ਖੁਦਾ ਦੱਸ ਕੀ ਵਿੱਚ ਹੋਸ਼ ਹੈਂ ਤੂੰ?

ਮਾਰੇ ਕਿਤੇ ਸੋਕਾ ਕਿਤੇ ਡੋਬਦਾ ਹੈਂ ਤੂੰ,
ਤੀਰ ਮੌਤ ਦੇ ਸੀਨੇ 'ਚ ਖੋਭਦਾ ਹੈ ਤੂੰ।
ਚੁਣ ਚੁਣ ਕੇ ਮਾਰੇਂ ਕੀ ਲੋਚਦਾ ਹੈਂ ਤੂੰ,
ਜਿੰਦ ਦੇ ਸੁਦਾਗਰ ਕੀ ਸੋਚਦਾ ਹੈਂ ਤੂੰ?

ਧਰਤ, ਅਕਾਸ਼, ਪਤਾਲ ਮਾਲਕ ਹੈਂ ਤੂੰ,
ਖਲਕ ਵਿੱਚ ਖਲਕਤ ਖ਼ਾਲਕ ਹੈਂ ਤੂੰ।
ਰਾਜੇ ਰੰਕ ਸਭਨਾਂ ਦਾ ਪਾਲਕ ਹੈਂ ਤੂੰ,
ਕਿਉਂ ਨਾ ਆਖਾਂ ਹੜ੍ਹ-ਚਾਲਕ ਹੈਂ ਤੂੰ?

ਛੈਲ ਛਬੀਲਾ ਆਖਾਂ ਵਸੀਮ ਹੈਂ ਤੂੰ,
ਸਵਾਸਾਂ ਦੀ ਸਰਗਮ ਨਸੀਮ ਹੈਂ ਤੂੰ।
ਕਾਰਨ-ਕਰਨ ਜਾਣਾਂ ਕਰੀਮ ਹੈਂ ਤੂੰ,
ਗਹਿਰ ਗੰਭੀਰ ਖੁਦਾ ਰਹੀਮ ਹੈਂ ਤੂੰ।

ਕਰਕੇ ਮੇਹਰ ਬਖਸ਼ ਮੇਰੇ ਗੁਨਾਹੀਂ,
ਰੋਕਦੇ ਰੱਬਾ ਹੁਣ ਹੜ੍ਹਾਂ ਦੀ ਤਬਾਹੀ।
ਤੂਫ਼ਾਨ ਠੱਲ੍ਹ ਦੇਹ ਨ ਦੇਰ ਤੂੰ ਲਾਈਂ,
ਅਰਜ਼ ਦਾਤਿਆ ਹੈ ਬੱਸ ਤੂੰ ਬਚਾਈਂ।



**ਸੇਵਾ ਸਿੰਘ "ਨੂਰਪੁਰੀ"**

## ਝੁੱਗਾ ਚੌੜ ਕਰਾਵੀਂ ਨਾ.....

ਨੈਣਾਂ 'ਚੋਂ ਨੀਰ ਵਹਾਵੀਂ ਨਾ।
ਗੀਤ ਬ੍ਰਿਹੋਂ ਦੇ ਗਾਵੀਂ ਨਾ।

ਗੱਲਾਂ ਗੱਲਾਂ ਵਿੱਚ ਤੂੰ ਆ ਕੇ,
ਮਗਰ ਕਿਸੇ ਲੱਗ ਜਾਂਈ ਨਾ।

ਹੱਸਦੇ ਵਸਦੇ ਘਰ ਨੂੰ ਸੱਜਣਾਂ।
ਕਦੇ ਵੀ ਦੁੱਖ ਪੁਚਾਵੀਂ ਨਾ।

ਛੋਟੀਆਂ ਮੋਟੀਆਂ ਗੱਲਾਂ ਪਿਛੇ,
ਸਹੁੰਆਂ ਕਦੇ ਵੀ ਖਾਵੀਂ ਨਾ।

ਕਿਰਤ ਆਪਣੀ ਦੋਵੇਂ ਹੱਥੀਂ,
ਕੋਡੀਆਂ ਭਾਅ ਲੁਟਾਵੀਂ ਨਾ।

ਨੇੜੇ ਹੋ ਕੇ ਤੱਕਿਆ ਜੀਹਨੂੰ,
ਓਹਦਾ ਬੁਰਾ ਤਕਾਵੀਂ ਨਾ।

ਗੱਲੀਂ ਬਾਤੀਂ ਐਵੇਂ 'ਬੁਜਰਕ',
ਝੁੱਗਾ ਚੌੜ ਕਰਾਵੀਂ ਨਾ।



**ਹਰਮੇਲ ਸਿੰਘ ਧੀਮਾਨ**

## ਕੁਦਰਤ

ਕੁਦਰਤ ਦਾ ਕੋਈ ਅੰਤ ਨਹੀ ਹੈ
ਕੁਦਰਤ ਬੰਦਿਆਂ ਬਹੁਤ ਬੜੀ ਏ

ਬੰਦੇ ਨੂੰ ਇਨਸਾਨ ਬਣਾਓਣ ਲਈ
ਅੱਜ ਬੂਹੇ ਤੇ ਆਣ ਖੜੀ ਏ

ਜਲ ਥਲ ਕਰਕੇ ਸਾਰੀ ਧਰਤੀ
ਛਾਤੀ ਤੇ ਬਣ ਮੌਤ ਚੜੀ ਏ

ਬੰਦਾ ਖੁਦ ਨੂੰ ਰੱਬ ਸਮਝਦਾ
ਤਾਂ ਹੀ ਸਾਹ ਦੀ ਰਗ ਫੜੀ ਏ

ਕਰਨੀਂ ਦਾ ਫਲ ਦੇਣ ਲਈ ਅੱਜ
ਕੁਦਰਤ ਦੁਨੀਆਂ ਨਾਲ਼ ਲੜੀ ਏ

ਕੁਦਰਤ ਦਾ ਕੋਈ ਅੰਤ ਨਹੀਂ ਹੈ
ਕੁਦਰਤ ਬਿੰਦਰਾ ਬਹੁਤ ਬੜੀ ਏ



**ਬਿੰਦਰ ਸਾਹਿਤ**

## ਅੰਬਰੋਂ ਵਰਦਾ ਪਾਣੀ

ਅੰਬਰੋਂ ਵਰਦਾ ਪਾਣੀ
ਹਰ ਵਾਰ
ਮੁੱਖ ਤੇ ਮੁਸਕਾਨ
ਹੀ ਨਹੀਂ ਲਿਆਉਂਦਾ

ਕਈ ਵਾਰੀ
ਲਿਆਉਂਦੈ
ਅੱਖੀਆਂ ਚ
ਕੋਸੇ ਕੋਸੇ ਹੰਝੂ ਵੀ

ਅੰਬਰੋਂ ਵਰਦਾ ਪਾਣੀ
ਹਰ ਵਾਰ
ਹਰ ਘਰ ਵਿੱਚ ਚੁੱਲੇ
ਤੇ ਕੜਾਹੀ ਨਹੀਂ
ਚੜਾਉਂਦਾ
ਵੰਨ ਸੁਵੰਨੇ
ਪਕਵਾਨ ਬਣਾਉਣ ਨੂੰ

ਕਈ ਵਾਰੀ
ਕੱਚੇ
ਢਾਰਿਆਂ 'ਚ
ਮਜ਼ਬੂਰ ਵੀ ਕਰ ਦਿੰਦਾ ਹੈ
ਨਿੱਕੇ ਵੱਡਿਆਂ ਨੂੰ
ਭੁੱਖੇ ਸੌਣ ਨੂੰ

ਅੰਬਰੋਂ ਵਰਦਾ
ਪਾਣੀ ਹਰ ਵਾਰ
ਸਭ ਬੱਚਿਆਂ ਦੀਆਂ
ਮਸਤੀ ਭਰੀਆਂ ਕਿਲਕਾਰੀਆਂ
ਹੀ ਨਹੀਂ ਲਿਆਉਂਦਾ

ਕਈ ਵਾਰੀ
ਭੁੱਖੇ ਤਿਹਾਏ
ਬੱਚਿਆਂ ਦੇ ਰੋਣ ਦੇ
ਵਿਲਾਪ ਵੀ ਲਿਆਉਂਦੈ !!!



**ਰਜਿੰਦਰ ਰੇਨੂੰ**

## ਹਾਲਾਤੇ ਪੰਜਾਬ !

ਆਖਰ ਪੈਂਦੇ ਨੇ ਰੋਕਣੇ ਬਹੁਤ ਮਹਿੰਗੇ
ਵਹਿਣ ਕੁਦਰਤੀ ਆਏ ਜੋ ਚੱਲਦੇ ਨੇ।
ਰਾਜਸਥਾਨ ਹਿਮਾਚਲ ਹਰਿਆਣੀਉਂ ਜੀ
ਦੇਖੋ 'ਹਾਲੇ-ਪੰਜਾਬ' ਅਜ ਕੱਲ੍ਹ ਦੇ ਨੇ।
ਚਾਹੁੰਦੇ ਲੁੱਟਣਾ 'ਐਸ.ਵਾਈ.ਐਲ' ਰਾਹੀਂ
ਪਾਏ ਪੁਆੜੇ ਇਹ 'ਪੰਜੇ ਤੇ ਦਲ' ਦੇ ਨੇ।
ਮਸਲਾ ਕਿਸੇ ਵੀ ਤਰਾਂ ਇਹ ਮੁੱਕਣਾ ਨਾ
'ਰਾਇਪੇਰੀਅਨ' ਰਸਤੇ ਹੀ ਹੱਲ ਦੇ ਨੇ।
ਘੱਲਦੇ 'ਪੱਕੀ ਪਕਾਈ' ਦੁਖਿਆਰਿਆਂ ਨੂੰ
ਬਖਸ਼ੇ ਹੋਏ ਇਹ 'ਬਾਬੇ ਅਟੱਲ' ਦੇ ਨੇ।
ਮਾਲਕ ਉਹੀ ਦਰਿਆਵਾਂ ਤੇ ਪਾਣੀਆਂ ਦੇ
ਜਿਹੜੇ ਹੜ੍ਹਾਂ ਦੀ ਮਾਰ ਵੀ ਝੱਲਦੇ ਨੇ!



**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD